@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 26 March 2026
VISIT: www.qaumipatrika.org
Email: qpatrika@gmail.com
Punjabi National Daily
Qaumi Patrika NO.1
ਨਵੀਂ ਦਿੱਲੀ: ਵੀਰਵਾਰ 26 ਮਾਰਚ 2026, 10 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 140, qpatrika@gmail.com ਫੋਨ : 9971359517 www.qaumipatrika.org

## ਪਾਕਿਸਤਾਨ ਬਣਿਆ ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਾਲੇ ਮੁੱਖ ਵਿਚੋਲਾ: ਜੈਰਾਮ ਰਮੇਸ਼

ਨਵੀਂ ਦਿੱਲੀ 25 ਮਾਰਚ। ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਅੰਤਰਰਾਸ਼ਟਰੀ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਮੋਦੀ ਸਰਕਾਰ ਦੀ ਵਿਦੇਸ਼ ਨੀਤੀ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਇਕ ਪਾਸੇ ਅਮਰੀਕਾ ਅਤੇ ਇਜ਼ਰਾਈਲ ਅਤੇ ਦੂਜੇ ਪਾਸੇ ਈਰਾਨ ਵਿਚਾਲੇ ਇਕ ਮੁੱਖ ਵਿਚੋਲੇ ਵਜੋਂ ਉੱਭਰਿਆ ਹੈ, ਜੋ ਕਿ ਭਾਰਤ ਲਈ ਇਕ ਗੰਭੀਰ ਝਟਕਾ ਹੈ। ਰਮੇਸ਼ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਜੇਕਰ ਇਹ ਰਿਪੋਰਟਾਂ ਸੱਚ ਹਨ, ਤਾਂ ਇਹ ਖੁਦ ਨੂੰ 'ਵਿਸ਼ਵਗੁਰੂ' ਐਲਾਨਣ ਵਾਲੀ ਸਰਕਾਰ ਲਈ ਇਕ ਵੱਡਾ ਅਪਮਾਨ ਹੈ। ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ 'ਐਕਸ' 'ਤੇ ਪੋਸਟ ਕਰ ਕੇ ਕਿਹਾ,"ਭਾਰਤ ਨੇ ਭਾਵੇਂ 'ਆਪ੍ਰੇਸ਼ਨ ਸਿੰਦੂਰ' 'ਚ



ਸੈਨਿਕ ਸਫਲਤਾਵਾਂ ਹਾਸਲ ਕੀਤੀਆਂ ਹਨ, ਪਰ ਪਿਛਲੇ ਇਕ ਸਾਲ 'ਚ ਪਾਕਿਸਤਾਨ ਨੇ ਕੂਟਨੀਤਕ ਤੌਰ 'ਤੇ ਨਵੀਂ ਦਿੱਲੀ ਨੂੰ ਪਛਾੜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ, ਜੋ ਕਦੇ ਗੰਭੀਰ ਆਰਥਿਕ ਅਤੇ ਰਾਜਨੀਤਕ ਚੁਣੌਤੀਆਂ ਨਾਲ ਜੂਝ ਰਿਹਾ ਸੀ, ਹੁਣ ਫਿਰ ਤੋਂ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸੰਗਿਕ ਹੋ ਗਿਆ ਹੈ।" ਉਨ੍ਹਾਂ ਮੁਤਾਬਕ ਪਾਕਿਸਤਾਨ ਦਾ ਕੂਟਨੀਤਕ ਜੁੜਾਵ ਅਤੇ ਪ੍ਰਬੰਧ ਮੋਦੀ ਸਰਕਾਰ ਨਾਲੋਂ ਕਿਤੇ ਬਿਹਤਰ ਰਿਹਾ ਹੈ। ਕਾਂਗਰਸੀ ਆਗੂ ਨੇ ਪਾਕਿਸਤਾਨੀ ਫੌਜੀ ਲੀਡਰਸ਼ਿਪ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਵਧਦੀ ਨੇੜਤਾ ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਟਰੰਪ ਨੇ ਪਾਕਿਸਤਾਨ ਦੇ ਫੌਜੀ ਮੁਖੀ ਆਸਿਮ ਮੁਨੀਰ ਦਾ ਵ?ਹਾਈਟ ਹਾਊਸ 'ਚ ਨਿੱਘਾ ਸਵਾਗਤ ਕੀਤਾ ਅਤੇ ਕਈ ਵਾਰ ਉਨ੍ਹਾਂ ਦੀ ਮੇਜ਼ਬਾਨੀ ਕੀਤੀ, ਜਿਸ ਨਾਲ ਪਾਕਿਸਤਾਨ ਦੀ ਵਿਸ਼ਵਵਿਆਪੀ ਸਥਿਤੀ ਮਜ਼ਬੂਤ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਰਮੇਸ਼ ਨੇ ਉਨ੍ਹਾਂ ਦੀ ਹਾਲੀਆ ਇਜ਼ਰਾਈਲ ਯਾਤਰਾ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ ਹਵਾਈ ਹਮਲਿਆਂ ਤੋਂ ਠੀਕ ਦੋ ਦਿਨ ਪਹਿਲਾਂ ਖ਼ਤਮ ਹੋਈ ਇਹ ਯਾਤਰਾ ਭਾਰਤੀ ਇਤਿਹਾਸ 'ਚ ਇਕ ਵਿਨਾਸ਼ਕਾਰੀ ਵਿਕਲਪ ਵਜੋਂ ਦਰਜ ਕੀਤੀ ਜਾਵੇਗੀ। ਰਮੇਸ਼ ਅਨੁਸਾਰ, ਇਸ ਕਦਮ ਨੇ ਪੱਛਮੀ ਏਸ਼ੀਆ ਵਿੱਚ ਇੱਕ ਨਿਰਪੱਖ ਵਿਚੋਲੇ ਵਜੋਂ ਭਾਰਤ ਦੀ ਭੂਮਿਕਾ ਨੂੰ ਕਮਜ਼ੋਰ ਕਰ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਦੀ 'ਜੱਫੀ ਪਾਉਣ ਵਾਲੀ ਕੂਟਨੀਤੀ' ਬੁਰੀ ਤਰ੍ਹਾਂ ਫੇਲ ਹੋ ਗਈ ਹੈ ਅਤੇ ਦੇਸ਼ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ।

## ਹਿਮਾਚਲ 'ਚ ਪੈਟਰੋਲ-ਡੀਜ਼ਲ ਮਹਿੰਗਾ ਹੋਣ 'ਤੇ ਅਨੁਰਾਗ ਠਾਕੁਰ ਨੇ ਕਾਂਗਰਸ 'ਤੇ ਵਿੰਨ੍ਹਿਆ ਨਿਸ਼ਾਨਾ

ਨਵੀਂ ਦਿੱਲੀ 25 ਮਾਰਚ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ 'ਤੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਨੂੰ ਲੈ ਕੇ ਜ਼ੋਰਦਾਰ ਹਮਲਾ ਬੋਲਿਆ ਹੈ। ਇਸੇ ਕੜੀ 'ਚ ਸੰਸਦ ਭਵਨ ਕੰਪਲੈਕਸ 'ਚ ਭਾਜਪਾ ਸੰਸਦ ਮੈਂਬਰ ਅਨੁਰਾਗ ਠਾਕੁਰ ਨੇ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਦਾ 'ਖਟਾਖਟ ਮਾਡਲ' ਹੁਣ 'ਖਟਾਰਾ ਮਾਡਲ' ਬਣ ਗਿਆ ਹੈ। ਇਸ ਤੋਂ ਪਹਿਲਾਂ ਭਾਜਪਾ ਬੁਲਾਰੇ ਸ਼ਹਿਜਾਦ ਪੂਨਾਵਾਲ ਨੇ ਵੀ ਸੋਸ਼ਲ ਮੀਡੀਆ 'ਐਕਸ' 'ਤੇ ਵੀਡੀਓ ਜਾਰੀ ਕਰ ਕੇ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ 'ਤੇ ਹਮਲਾ ਬੋਲਿਆ ਸੀ। ਅਨੁਰਾਗ ਠਾਕੁਰ ਨੇ ਦੋਸ਼ ਲਗਾਇਆ ਕਿ ਸੂਬਾ ਸਰਕਾਰ ਵਲੋਂ ਪੈਟਰੋਲ ਦੀ ਕੀਮਤ 'ਤੇ ਪ੍ਰਤੀ ਲੀਟਰ 5 ਰੁਪਏ ਦੇ ਵਾਧੇ ਨਾਲ ਆਮ ਆਦਮੀ 'ਤੇ ਸਿੱਧਾ ਅਸਰ ਪਵੇਗਾ ਅਤੇ ਇਸ ਨਾਲ ਜਨਤਾ ਦੀ ਜੇਬ 'ਤੇ ਸਾਲਾਨਾ 1000 ਕਰੋੜ ਰੁਪਏ ਤੋਂ ਜ਼ਿਆਦਾ ਦਾ ਬੋਝ ਵਧੇਗਾ। ਉਨ੍ਹਾਂ ਇਹ ਵੀ ਕਿਹਾ ਕਿ ਪਹਿਲੇ ਹੀ 2 ਵਾਰ 'ਚ 10 ਰੁਪਏ ਤੋਂ ਵੱਧ ਵੈਟ ਵਧਾਇਆ ਗਿਆ ਸੀ ਅਤੇ ਹੁਣ 5 ਰੁਪਏ ਦਾ ਸੈੱਸ ਜੋੜ ਕੇ ਕੁੱਲ 15 ਰੁਪਏ ਦਾ ਵਾਧੂ ਭਾਰ ਜਨਤਾ 'ਤੇ ਪਾਇਆ ਗਿਆ ਹੈ। ਅਨੁਰਾਗ ਠਾਕੁਰ ਨੇ ਇਸ ਨੂੰ ਜਨਵਿਰੋਧੀ ਫੈਸਲਾ ਦੱਸਦੇ ਹੋਏ ਕਾਂਗਰਸ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਹੈ।

# 'ਦੇਸ਼ 'ਚ ਤੇਲ ਤੇ ਗੈਸ ਦੀ ਕੋਈ ਕਮੀ ਨਹੀਂ', ਸਰਬ ਪਾਰਟੀ ਮੀਟਿੰਗ 'ਚ ਸਰਕਾਰ ਦਾ ਵੱਡਾ ਦਾਅਵਾ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 25 ਮਾਰਚ। ਪੱਛਮੀ ਏਸ਼ੀਆ ਵਿੱਚ ਜਾਰੀ ਤਣਾਅ ਅਤੇ ਯੁੱਧ ਦੇ ਹਾਲਾਤ ਦਰਮਿਆਨ ਕੇਂਦਰ ਸਰਕਾਰ ਨੇ ਅੱਜ ਇੱਕ ਅਹਿਮ ਸਰਬ ਪਾਰਟੀ ਮੀਟਿੰਗ ਬੁਲਾਈ। ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਸ ਬੈਠਕ ਵਿੱਚ ਸਰਕਾਰ ਨੇ ਵਿਰੋਧੀ ਧਿਰ ਨੂੰ ਭਰੋਸਾ ਦਿੱਤਾ ਕਿ ਦੇਸ਼ ਵਿੱਚ ਪੈਟਰੋਲੀਅਮ ਪਦਾਰਥਾਂ ਦੀ ਕੋਈ ਕਮੀ ਨਹੀਂ ਹੈ ਅਤੇ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਸਰਕਾਰ ਨੇ ਦੱਸਿਆ ਕਿ ਪੈਟਰੋਲੀਅਮ ਅਤੇ ਰਸੋਈ ਗੈਸ ਦੀ ਅਗਾਊਂ ਬੁਕਿੰਗ ਕਰ ਲਈ ਗਈ ਹੈ ਅਤੇ ਕੱਚੇ ਤੇਲ ਦੀ ਸਪਲਾਈ ਨਿਰੰਤਰ ਜਾਰੀ ਹੈ। ਰਿਪੋਰਟਾਂ ਅਨੁਸਾਰ, ਦੋ LPG ਜਹਾਜ਼ ਜਲਦ ਹੀ ਭਾਰਤ ਦੇ ਪੱਛਮੀ ਤੱਟ 'ਤੇ ਪਹੁੰਚਣਗੇ, ਜਿਨ੍ਹਾਂ ਵਿੱਚ 92,000 ਟਨ ਗੈਸ ਲੋਡ ਹੈ। ਇਸ ਤੋਂ ਇਲਾਵਾ, ਸਰਕਾਰ ਨੇ ਸਪੱਸ਼ਟ ਕੀਤਾ ਕਿ ਘਰੇਲੂ ਗੈਸ ਦੀਆਂ ਕੀਮਤਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਜਹਾਜ਼ ਬੈਠਕ ਦੌਰਾਨ ਵਿਦੇਸ਼ ਸਕੱਤਰ ਨੇ ਦੱਸਿਆ ਕਿ ਜੰਗ ਦੇ ਹਾਲਾਤ ਦੇ ਬਾਵਜੂਦ ਸਟ?ਰੇਟ ਆਫ ਹੋਰਮੁਜ਼ ਰਾਹੀਂ ਭਾਰਤ ਦੇ ਚਾਰ ਜਹਾਜ਼ ਸੁਰੱਖਿਅਤ ਬਾਹਰ ਨਿਕਲ ਆਏ ਹਨ, ਜਦਕਿ ਕਈ ਹੋਰ ਦੇਸ਼ਾਂ ਦੇ ਜਹਾਜ਼ ਅਜੇ ਵੀ ਉੱਥੇ ਫਸੇ ਹੋਏ ਹਨ।

ਸਰਕਾਰ ਨੇ ਵਿਰੋਧੀ ਧਿਰ ਨੂੰ ਜਾਣਕਾਰੀ ਦਿੱਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ



ਡੋਨਾਲਡ ਟਰੰਪ ਨਾਲ ਗੱਲਬਾਤ ਕੀਤੀ ਹੈ। ਪੀਐਮ ਮੋਦੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਭਾਰਤ ਜੰਗ ਨਹੀਂ ਚਾਹੁੰਦਾ ਅਤੇ ਦੇਸ਼ ਦੇ ਹਿੱਤ ਸਭ ਤੋਂ ਉੱਪਰ ਹਨ। ਪ੍ਰਧਾਨ ਮੰਤਰੀ ਨੇ ਸਥਿਤੀ 'ਤੇ ਨਜ਼ਰ ਰੱਖਣ ਲਈ 7 ਨਵੇਂ ਅਧਿਕਾਰ ਪ੍ਰਾਪਤ ਸਮੂਹਾਂ ਦਾ ਗਠਨ ਵੀ ਕੀਤਾ ਹੈ ਜੋ ਜ਼ਰੂਰੀ ਸੇਵਾਵਾਂ ਦੀ ਨਿਗਰਾਨੀ ਕਰਨਗੇ। ਇਸ ਮਹੱਤਵਪੂਰਨ ਬੈਠਕ ਵਿੱਚ ਤ੍ਰਿਣਮੂਲ ਕਾਂਗਰਸ ("$3) ਦਾ ਕੋਈ ਵੀ ਸਾਂਸਦ ਸ਼ਾਮਲ ਨਹੀਂ ਹੋਇਆ। ਦੂਜੇ ਪਾਸੇ, ਅਸਦੁਦੀਨ ਓਵੈਸੀ ਨੇ ਈਰਾਨ ਦੇ ਸੁਪਰੀਮ ਲੀਡਰ ਖਾਮੇਨੇਈ ਦੀ ਮੌਤ 'ਤੇ ਸੋਕ ਸੰਦੇਸ਼ ਵਿੱਚ ਦੇਰੀ ਨੂੰ ਲੈ ਕੇ ਸਵਾਲ ਚੁੱਕੇ, ਜਿਸ 'ਤੇ ਸਰਕਾਰ ਨੇ ਦੱਸਿਆ ਕਿ ਈਰਾਨੀ ਦੂਤਾਵਾਸ ਦੇਰੀ ਨਾਲ ਖੁੱਲ੍ਹਣ ਕਾਰਨ ਅਜਿਹਾ ਹੋਇਆ। ਬੈਠਕ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ, ਵਿਦੇਸ਼ ਮੰਤਰੀ ਐਸ. ਜੈਸ਼ੰਕਰ, ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਸਮੇਤ ਕਾਂਗਰਸ, ਸਪਾ, ਆਪ ਅਤੇ ਹੋਰ ਪਾਰਟੀਆਂ ਦੇ ਆਗੂ ਮੌਜੂਦ ਸਨ। ਸਰਕਾਰ ਨੇ ਵਿਰੋਧੀ ਧਿਰ ਨੂੰ ਭਰੋਸਾ ਦਿੱਤਾ ਕਿ ਉਹ ਕਿਸੇ ਵੀ ਸਮੇਂ ਜਾਣਕਾਰੀ ਲੈਣ ਲਈ ਆ ਸਕਦੇ ਹਨ।

## ਪੰਜਾਬ ਤੇ ਚੰਡੀਗੜ੍ਹ ਦੀ ਕਾਨੂੰਨ ਵਿਵਸਥਾ ਤੋਂ ਹਾਂ ਨਿਰਾਸ਼: ਰਾਜਪਾਲ

ਚੰਡੀਗੜ੍ਹ 25 ਮਾਰਚ। ਪੰਜਾਬ ਦੇ ਰਾਜਪਾਲ ਗੁਲਾਬ ਗੁਲਾਬ ਚੰਦ ਕਟਾਰੀਆ ਨੇ ਆਖਿਆ ਹੈ ਕਿ ਉਹ ਪੰਜਾਬ ਤੇ ਚੰਡੀਗੜ੍ਹ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਤੋਂ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਇਸ ਨੂੰ ਸੁਧਾਰਨ ਦਾ ਕੰਮ ਕੀਤਾ ਜਾ ਰਿਹਾ ਹੈ ਤੇ ਛੇਤੀ ਹੀ ਲੋਕਾਂ ਨੂੰ ਇਸ ਦੇ ਨਤੀਜੇ ਵੀ ਵੇਖਣ ਨੂੰ ਮਿਲਣਗੇ। ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਸੋਮਵਾਰ ਹੱਲੋਮਾਜਰਾ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਸਮਾਧਾਨ ਕੈਂਪ ਲਗਾਇਆ। ਇਸ ਮੌਕੇ ਉਨ੍ਹਾਂ ਸ਼ਹਿਰ ਦੀ ਅਹਿਮ ਸਮੱਸਿਆ 'ਤੇ ਬੋਲਦਿਆਂ ਸਪੱਸ਼ਟ ਕੀਤਾ ਕਿ ਜਦੋਂ ਤੱਕ ਲੋਕਾਂ ਨੂੰ ਪਾਰਕਿੰਗ ਲਈ ਢੁਕਵੀਂ ਥਾਂ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਨਜਾਇਜ਼ ਪਾਰਕਿੰਗ ਦਾ ਮਸਲਾ ਖ਼ਤਮ ਨਹੀਂ ਹੋਵੇਗਾ। ਪ੍ਰਸ਼ਾਸਕ ਨੇ ਕੈਂਪ ਦੌਰਾਨ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕਰਦਿਆਂ ਨਾਗਰਿਕ-ਕੇਂਦਰਿਤ ਸ਼ਾਸਨ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਪ੍ਰਸ਼ਾਸਨ ਵੱਲੋਂ ਲਾਏ ਇਸ ਦੂਜੇ ਸਮਾਧਾਨ ਕੈਂਪ ਦੇ ਮੰਚ 'ਤੇ ਮੇਅਰ ਸੌਰਭ ਜੋਸ਼ੀ, ਮੁੱਖ ਸਕੱਤਰ ਐੱਚ. ਰਾਜੇਸ਼ ਪ੍ਰਸਾਦ ਸਮੇਤ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ। ਪ੍ਰਸ਼ਾਸਕ ਨੇ ਲੋਕਾਂ ਦੇ ਸਵਾਲਾਂ ਦੇ ਖ਼ੁਦ ਜਵਾਬ ਦਿੱਤੇ ਤੇ ਲੋੜ ਪੈਣ 'ਤੇ ਅਧਿਕਾਰੀਆਂ ਤੋਂ ਮੌਕੇ 'ਤੇ ਹੀ ਜਵਾਬ-ਤਲਬੀ ਕੀਤੀ। ਕੈਂਪ ਦੌਰਾਨ ਵੱਖ-ਵੱਖ ਟੀਮਾਂ ਵੱਲੋਂ ਕੁੱਲ 66 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ। ਹੱਲੋਮਾਜਰਾ ਦੇ ਵਸਨੀਕਾਂ ਨੇ ਸਫ਼ਾਈ, ਪੀਣ ਵਾਲੇ ਪਾਣੀ, ਬਿਜਲੀ, ਸੜਕਾਂ, ਸਟਰੀਟ ਲਾਈਟਾਂ, ਸਿਹਤ ਸੇਵਾਵਾਂ, ਸਿੱਖਿਆ, ਕੂੜਾ ਪ੍ਰਬੰਧਨ ਤੇ ਜ਼ਮੀਨ ਗ੍ਰਹਿਣ ਵਰਗੇ ਮੁੱਦੇ ਉਠਾਏ। ਕਈ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ ਤੇ ਬਾਕੀਆਂ ਨੂੰ ਸਮਾਂਬੱਧ ਤਰੀਕੇ ਨਾਲ ਨਿਪਟਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਸੌਂਪਿਆ ਗਿਆ। ਕੈਂਪ ਦੌਰਾਨ ਜਦੋਂ ਇਕ ਵਸਨੀਕ ਨੇ ਤਿੱਖੇ ਲਹਿਜ਼ੇ 'ਚ ਦੋਸ਼ ਲਾਇਆ ਕਿ ਸਰਕਾਰੀ ਤੰਤਰ ਸਿਰਫ਼ ਵਾਅਦੇ ਕਰਦਾ ਹੈ ਤੇ ਡਿਸਪੈਂਸਰੀ ਤੇ ਸਕੂਲ ਵਰਗੇ ਮਸਲੇ ਹੱਲ ਨਹੀਂ ਹੋ ਰਹੇ, ਤਾਂ ਪ੍ਰਸ਼ਾਸਕ ਨੇ ਸਪੱਸ਼ਟ ਕੀਤਾ ਕਿ ਉਹ ਇੱਥੇ ਭਾਸ਼ਣ ਦੇਣ ਜਾਂ ਚਾਰਜਸ਼ੀਟ ਸੁਣਨ ਨਹੀਂ, ਸਗੋਂ ਕੰਮ ਕਰਨ ਆਏ ਹਨ।

## 1000 ਆਮ ਆਦਮੀ ਕਲੀਨਿਕਾਂ ਤੋਂ ਲੈ ਕੇ 10 ਲੱਖ ਰੁਪਏ ਦੇ ਸਿਹਤ ਬੀਮੇ ਤੱਕ, 'ਆਪ' ਲੋਕਾਂ ਦੇ ਸਾਹਮਣੇ ਪੂਰਾ ਰਿਪੋਰਟ ਕਾਰਡ ਪੇਸ਼ ਕਰੇਗੀ: ਅਮਨ ਅਰੋੜਾ

ਕੌਮੀ ਪਤ੍ਰਿਕਾ

ਚੰਡੀਗੜ੍ਹ, 25 ਮਾਰਚ: ਪੰਜਾਬ ਆਮ ਆਦਮੀ ਪਾਰਟੀ (ਆਪ) ਦੇ ਪ੍ਰਧਾਨ ਅਮਨ ਅਰੋੜਾ ਨੇ ਬੁੱਧਵਾਰ ਨੂੰ ਭਗਵੰਤ ਮਾਨ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਦੇ ਮੌਕੇ 'ਤੇ ਸੂਬਾ ਪੱਧਰੀ ਵੱਡੀ ਜਨਤਕ ਮੁਹਿੰਮ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਸੂਬੇ ਦੇ ਪ੍ਰਮੁੱਖ ਖੇਤਰਾਂ ਦੀ ਨੁਹਾਰ ਬਦਲਦੇ ਹੋਏ ਪਾਰਦਰਸ਼ੀ, ਜਵਾਬਦੇਹ ਅਤੇ ਲੋਕ-ਪੱਖੀ ਸ਼ਾਸਨ ਪ੍ਰਦਾਨ ਕੀਤਾ ਹੈ। 'ਆਪ' ਪੰਜਾਬ ਪ੍ਰਧਾਨ ਨੇ ਦੱਸਿਆ ਕਿ ਇਹ ਮੁਹਿੰਮ ਅਗਲੇ 10 ਦਿਨਾਂ ਵਿੱਚ 16,000 ਰੈਲੀਆਂ, ਜਨ ਸਭਾਵਾਂ ਅਤੇ ਨੁੱਕੜ ਮੀਟਿੰਗਾਂ ਰਾਹੀਂ ਸਰਕਾਰ ਦਾ ਰਿਪੋਰਟ ਕਾਰਡ ਸਿੱਧਾ ਲੋਕਾਂ ਤੱਕ ਪਹੁੰਚਾਏਗੀ। ਬੁੱਧਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਭਲਕੇ ਤੋਂ ਇੱਕ ਵਿਸ਼ਾਲ ਜਨਤਕ ਮੁਹਿੰਮ ਸ਼ੁਰੂ ਹੋਵੇਗੀ ਜਿਸ ਤਹਿਤ ਅਗਲੇ 10 ਦਿਨਾਂ ਵਿੱਚ ਪੂਰੇ ਪੰਜਾਬ ਵਿੱਚ 16,000 ਰੈਲੀਆਂ, ਜਨ ਸਭਾਵਾਂ ਅਤੇ ਨੁੱਕੜ ਮੀਟਿੰਗਾਂ ਕੀਤੀਆਂ ਜਾਣਗੀਆਂ। ਇਹ ਮੁਹਿੰਮ ਭਗਵੰਤ ਮਾਨ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਦੀ ਪ੍ਰਤੀਕ ਹੈ, ਜਿਸ ਨੇ ਅਰਵਿੰਦ ਕੇਜਰੀਵਾਲ ਦੀ ਵਿਚਾਰਧਾਰਕ ਅਗਵਾਈ ਹੇਠ ਬੇਮਿਸਾਲ, ਪਾਰਦਰਸ਼ੀ ਅਤੇ ਜਵਾਬਦੇਹ ਸ਼ਾਸਨ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮੁਹਿੰਮ ਵਿੱਚ ਮੰਤਰੀ, ਵਿਧਾਇਕ, ਚੇਅਰਮੈਨ, ਸਰਪੰਚ, ਪੰਚ, ਐਮ.ਸੀ., ਜ਼ਿਲ੍ਹਾ ਪ੍ਰਧਾਨ ਅਤੇ ਪਾਰਟੀ ਵਲੰਟੀਅਰ ਸ਼ਾਮਲ ਹੋਣਗੇ, ਜੋ ਸਰਕਾਰ ਦਾ ਰਿਪੋਰਟ ਕਾਰਡ ਲੈ ਕੇ ਹਰ ਪਿੰਡ, ਗਲੀ ਅਤੇ ਘਰ-ਘਰ ਪਹੁੰਚਣਗੇ। ਅਮਨ ਅਰੋੜਾ ਨੇ ਕਿਹਾ, "ਅਸੀਂ ਆਪਣਾ ਚਾਰ ਸਾਲਾਂ ਦਾ ਰਿਪੋਰਟ ਕਾਰਡ ਹਰ ਪਿੰਡ ਅਤੇ ਹਰ ਬੂਹੇ



ਤੱਕ ਲੈ ਕੇ ਜਾਵਾਂਗੇ। ਪਾਰਟੀ ਦੀ ਵਿਚਾਰਧਾਰਕ ਨੀਂਹ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪਹਿਲੇ ਦਿਨ ਤੋਂ ਹੀ ਅਰਵਿੰਦ ਕੇਜਰੀਵਾਲ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਅਸੀਂ ਰਾਜਨੀਤੀ ਕਰਨ ਨਹੀਂ, ਸਗੋਂ ਰਾਜਨੀਤੀ ਬਦਲਣ ਆਏ ਹਾਂ। ਉਨ੍ਹਾਂ ਦੀ ਰਾਜਨੀਤੀ ਦੋ ਸਿਧਾਂਤਾਂ 'ਤੇ ਟਿਕੀ ਹੋਈ ਹੈ—ਈਮਾਨਦਾਰ ਰਾਜਨੀਤੀ ਅਤੇ ਕੰਮ ਰਾਹੀਂ ਵਿਕਾਸ। ਅੱਜ ਪੰਜਾਬ ਦਾ ਬੱਚਾ-ਬੱਚਾ ਮੰਨਦਾ ਹੈ ਕਿ ਇਨ੍ਹਾਂ ਚਾਰ ਸਾਲਾਂ ਵਿੱਚ ਹੋਇਆ ਕੰਮ ਪਿਛਲੇ 70 ਸਾਲਾਂ ਦੀਆਂ ਪ੍ਰਾਪਤੀਆਂ ਤੋਂ ਕਿਤੇ ਵੱਧ ਹੈ। ਪ੍ਰਾਪਤੀਆਂ ਦਾ ਵੇਰਵਾ ਪੇਸ਼ ਕਰਦਿਆਂ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਦੇ ਹਰ ਪਰਿਵਾਰ ਕੋਲ ਹੁਣ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਕਵਰ ਹੈ, ਜੋ ਕਿ ਦੇਸ਼ ਵਿੱਚ ਇੱਕ ਵਿਲੱਖਣ ਸਕੀਮ ਹੈ। ਸਕੂਲ ਅਤੇ ਹਸਪਤਾਲ ਪੂਰੀ ਤਰ੍ਹਾਂ ਬਦਲ ਚੁੱਕੇ ਹਨ। 881 ਆਮ ਆਦਮੀ ਕਲੀਨਿਕ ਪਹਿਲਾਂ ਹੀ ਚੱਲ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ 100 ਤੋਂ ਵੱਧ ਹੋਰ ਕਲੀਨਿਕਾਂ ਦਾ ਉਦਘਾਟਨ ਕੀਤਾ ਜਾਵੇਗਾ, ਜਿਸ ਨਾਲ ਕੁੱਲ ਗਿਣਤੀ 1000 ਹੋ ਜਾਵੇਗੀ। ਖੇਡਾਂ ਦੇ ਬੁਨਿਆਦੀ ਢਾਂਚੇ ਬਾਰੇ ਉਨ੍ਹਾਂ ਕਿਹਾ ਕਿ 3,000 ਖੇਡ ਸਟੇਡੀਅਮ ਬਣਾਏ ਗਏ ਹਨ ਅਤੇ 6,000 ਤੋਂ ਵੱਧ ਉਸਾਰੀ ਅਧੀਨ ਹਨ। ਪੰਜ ਸਾਲਾਂ ਦਾ ਕਾਰਜਕਾਲ ਖਤਮ ਹੋਣ ਤੱਕ ਹਰ ਪਿੰਡ ਵਿੱਚ ਖੇਡ ਸਟੇਡੀਅਮ ਹੋਵੇਗਾ ਤਾਂ ਜੋ ਬੱਚੇ, ਨੌਜਵਾਨ ਅਤੇ ਬਜ਼ੁਰਗ ਸਰੀਰਕ ਤੌਰ 'ਤੇ ਸਰਗਰਮ ਰਹਿ ਸਕਣ ਅਤੇ ਨਸ਼ਿਆਂ ਤੋਂ ਦੂਰ ਰਹਿਣ। ਵਿੱਤੀ ਰੁਕਾਵਟਾਂ ਦੇ ਬਾਵਜੂਦ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, "ਕੇਂਦਰ ਵੱਲੋਂ ਪੇਂਡੂ ਵਿਕਾਸ ਫੰਡ (ਆਰਡੀਐਫ) ਦੇ 8,300 ਕਰੋੜ ਰੁਪਏ ਤੋਂ ਵੱਧ ਰੋਕੇ ਜਾਣ ਦੇ ਬਾਵਜੂਦ, ਪੰਜਾਬ 40,000 ਕਿਲੋਮੀਟਰ ਤੋਂ ਵੱਧ ਸੜਕਾਂ ਬਣਾ ਰਿਹਾ ਹੈ।

Contd.................................page-3

## ਸੁਪਰੀਮ ਕੋਰਟ ਵੱਲੋਂ ਈਸਾਈ ਬਣਨ 'ਤੇ ਐਸ ਸੀ ਲਾਭ ਮਿਲਣ 'ਤੇ ਲਗਾਈ ਰੋਕ ਸਵਾਗਤਯੋਗ: ਦਿੱਲੀ ਗੁਰਦੁਆਰਾ ਕਮੇਟੀ

### ਅਦਾਲਤੀ ਹੁਕਮਾਂ ਮਗਰੋਂ ਧਰਮ ਪਰਿਵਰਤਨ ਦੀਆਂ ਘਟਨਾਵਾਂ ਨੂੰ ਠੱਲ੍ਹ ਪੈਣ ਦੀ ਉਮੀਦ: ਕਾਲਕਾ, ਕਾਹਲੋਂ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ, 25 ਮਾਰਚ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਵੱਲੋਂ ਈਸਾਈ ਬਣਨ 'ਤੇ ਐਸ ਸੀ ਸਹੂਲਤਾਂ ਮਿਲਣ 'ਤੇ ਲਗਾਈ ਰੋਕ ਦੇ ਫੈਸਲੇ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਧਰਮ ਪਰਿਵਰਤਨ ਨੂੰ ਖਾਸ ਤੌਰ 'ਤੇ ਪੰਜਾਬ ਵਿਚ ਧਰਮ ਪਰਿਵਰਤਨ ਨੂੰ ਠੱਲ੍ਹ ਪੈਣ ਵਿਚ ਮਦਦ ਮਿਲੇਗੀ। ਅੱਜ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਇਹ ਫੈਸਲਾ ਬਹੁਤ ਹੀ ਸਵਾਗਤਯੋਗ ਹੈ ਕਿ ਅਨੁਸੂਚਿਤ ਜਾਤੀਆਂ (ਐਸ ਸੀ) ਵਰਗ ਦੀਆਂ ਸਹੂਲਤਾਂ ਸਿਰਫ ਹਿੰਦੂ, ਸਿੱਖ ਤੇ ਬੁੱਧ ਧਰਮਰ ਦੇ ਲੋਕਾਂ ਨੂੰ ਮਿਲਣਗੀਆਂ ਅਤੇ ਜੇਕਰ ਕੋਈ ਈਸਾਈ ਬਣਦਾ ਹੈ ਤਾਂ ਫਿਰ ਇਹ ਐਸ ਸੀ ਵਰਗ ਨੂੰ ਮਿਲਦੀਆਂ ਸਹੂਲਤਾਂ ਨਹੀਂ ਲੈ ਸਕੇਗਾ। ਉਹਨਾਂ ਕਿਹਾ ਕਿ ਪੰਜਾਬ ਵਿਚ ਲਾਲਚ ਦੇ ਕੇ ਲੋਕਾਂ ਦਾ ਧਰਮ ਪਰਿਵਰਤਨ ਕਰ ਕੇ ਉਹਨਾਂ ਨੂੰ ਈਸਾਈ ਬਣਾਇਆ ਜਾ ਰਿਹਾ ਸੀ ਤੇ ਇਹ ਮੁੱਦਾ ਦਿੱਲੀ ਗੁਰਦੁਆਰਾ ਕਮੇਟੀ ਨੇ ਅਨੇਕਾਂ ਵਾਰ ਪੂਰੇ ਜ਼ੋਰ ਸ਼ੋਰ ਨਾਲ ਚੁੱਕਿਆ ਹੈ ਤੇ ਅਸੀਂ 2000



ਦੇ ਕਰੀਬ ਲੋਕਾਂ ਦੀ ਮੁੜ ਵਾਪਸੀ ਸਿੱਖ ਧਰਮ ਵਿਚ ਕਰਵਾਈ ਵੀ ਹੈ। ਉਹਨਾਂ ਕਿਹਾ ਕਿ ਹੁਣ ਜਦੋਂ ਸੁਪਰੀਮ ਕੋਰਟ ਦਾ ਇਹ ਫੈਸਲਾ ਆਇਆ ਹੈ ਤਾਂ ਪੂਰੀ ਆਸ ਹੈ ਕਿ ਇਸ ਨਾਲ ਧਰਮ ਪਰਿਵਰਤਨ ਦੀ ਮੁਹਿੰਮ ਨੂੰ ਖਾਸ ਤੌਰ 'ਤੇ ਪੰਜਾਬ ਵਿਚ ਠੱਲ੍ਹ ਪਵੇਗੀ ਅਤੇ ਲੋਕ ਹੁਣ ਇਹ ਸਮਝ ਲੈਣਗੇ ਕਿ ਲਾਲਚ ਵਿਚ ਆ ਕੇ ਜੇਕਰ ਈਸਾਈ ਧਰਮ ਅਪਣਾਇਆ ਤਾਂ ਐਸ ਸੀ ਵਰਗ ਨੂੰ ਮਿਲਦੀਆਂ ਸਹੂਲਤਾਂ ਤੋਂ ਵਾਂਝੇ ਹੋ ਜਾਣਗੇ। ਉਹਨਾਂ ਕਿਹਾ ਕਿ ਐਸ ਸੀ ਵਰਗ ਦੇ ਬੱਚਿਆਂ ਨੂੰ ਨੌਕਰੀਆਂ ਵਿਚ ਰਾਖਵਾਂਕਰਨ, ਸਿੱਖਿਆ ਵਿਚ ਰਾਖਵਾਂਕਰਨ ਤੇ ਹੋਰ ਸਹੂਲਤਾਂ ਮਿਲਦੀਆਂ ਹਨ ਅਤੇ ਜੇਕਰ ਕੋਈ ਈਸਾਈ ਬਣਦਾ ਹੈ ਤਾਂ ਇਹਨਾਂ ਸਹੂਲਤਾਂ ਤੋਂ ਵਾਂਝਾ ਹੋ ਜਾਵੇਗਾ। ਉਹਨਾਂ ਨੇ ਕੇਂਦਰ ਸਰਕਾਰ ਅਤੇ ਸੂਬਿਆਂ ਦੀਆਂ ਸਰਕਾਰਾਂ ਨੂੰ ਇਹ ਅਪੀਲ ਵੀ ਕੀਤੀ ਕਿ ਸੁਪਰੀਮ ਕੋਰਟ ਦੇ ਇਸ ਹੁਕਮ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਧਰਮ ਪਰਿਵਰਤਨ ਦੀ ਮੁਹਿੰਮ ਨੂੰ ਠੱਲ੍ਹ ਪਾਈ ਜਾ ਸਕੇ।

## 'ਪੰਜਾਬ ਬਚਾਓ' ਰੈਲੀ 'ਚ ਸੁਖਬੀਰ ਬਾਦਲ ਦੇ ਵੱਡੇ ਐਲਾਨ

ਮਾਨਸਾ 25 ਮਾਰਚ। ਮਾਨਸਾ ਵਿਖੇ 'ਪੰਜਾਬ ਬਚਾਓ' ਰੈਲੀ ਨੂੰ ਸੰਬੋਧਨ ਕਰਦਿਆਂ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਅਤੇ ਕਾਂਗਰਸ 'ਤੇ ਤਿੱਖੇ ਨਿਸ਼ਾਨੇ ਵਿੰਨ੍ਹੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਰਕਾਰਾਂ ਨੇ ਪੰਜਾਬ ਲਈ ਕੁੱਝ ਨਹੀਂ ਕੀਤਾ। ਪੰਜਾਬ 'ਚ 22 ਸਾਲ ਬਾਦਲ ਸਾਹਿਬ ਦੀ ਸਰਕਾਰ ਰਹੀ ਅਤੇ ਸਭ ਕੁੱਝ ਜੋ ਪੰਜਾਬ 'ਚ ਬਣਿਆ ਹੈ, ਉਹ ਉਨ੍ਹਾਂ ਦੀ ਦੇਣ ਹੈ ਪਰ ਦਿੱਲੀ ਵਾਲੀਆਂ ਪਾਰਟੀਆਂ ਇੱਥੇ ਰਾਜ ਕਰਨ ਲਈ ਆਉਂਦੀਆਂ ਹਨ। ਜੋ ਪਰਿਵਾਰ ਅਕਾਲੀ ਦਲ ਦਾ ਤੁਹਾਡੇ ਨਾਲ ਹੋ ਸਕਦਾ ਹੈ, ਕੀ ਮੋਦੀ ਸਾਹਿਬ ਦਾ ਹੋ ਸਕਦਾ ਹੈ ਜਾਂ ਰਾਹੁਲ ਗਾਂਧੀ ਦਾ ਹੋ ਸਕਦਾ ਹੈ। ਇਹ ਤਾਂ ਸਾਰੇ ਪੰਜਾਬ ਨੂੰ ਲੁੱਟਣ ਆਉਂਦੇ ਹਨ। ਸੁਖਬੀਰ ਬਾਦਲ ਨੇ ਕਿਹਾ ਕਿ 10 ਸਾਲ ਅਸੀਂ ਹੀ ਬ੍ਰੇਕ ਲਾ ਦਿੱਤੀ ਅਤੇ ਜੇਕਰ ਇਹ 10 ਸਾਲ ਖ਼ਰਾਬ ਨਾ ਹੁੰਦੇ ਤਾਂ ਤੁਸੀਂ ਮਾਨਸਾ ਜ਼ਿਲ੍ਹੇ ਨੂੰ




ਪਛਾਣ ਨਹੀਂ ਸਕਣਾ ਸੀ ਪਰ ਕੋਈ ਗੱਲ ਨਹੀਂ, ਹੁਣ ਅਸੀਂ ਪੰਜਾਬ ਨੂੰ ਬਚਾਉਣਾ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੇ ਭਾਸ਼ਣ 'ਚ ਕਹਿ ਰਹੇ ਸਨ ਕਿ 5 ਸਾਲ ਮੈਨੂੰ ਹੋਰ ਦਿਓ, ਚੰਨੀ ਕਹਿੰਦਾ ਮੈਨੂੰ ਮੁੱਖ ਮੰਤਰੀ ਬਣਾ ਦਿਓ। ਜੇਕਰ ਪੰਜਾਬ ਦਾ ਵਿਕਾਸ ਕਰਨਾ ਹੈ ਤਾਂ ਫਿਰ ਅਕਾਲੀ ਦਲ ਪੰਜਾਬੀਆਂ ਦੀ ਸੇਵਾ 'ਚ ਹਾਜ਼ਰ ਹੈ। ਉਨ੍ਹਾਂ ਕਿਹਾ ਕਿ ਅਸੀਂ ਜੋ ਵੀ ਕਹਾਂਗੇ, ਉਸ ਨੂੰ ਸਰਕਾਰ ਆਉਣ 'ਤੇ ਪੂਰਾ ਕਰਾਂਗੇ। ਉਨ੍ਹਾਂ ਕਿਹਾ ਕਿ ਸਾਡੇ ਬੱਚੇ ਵਿਦੇਸ਼ਾਂ ਵੱਲ ਭੱਜ ਰਹੇ ਹਨ ਅਤੇ ਉੱਥੇ ਧੱਕੇ ਖਾ ਰਹੇ ਹਨ। ਸਾਡੀ ਸਰਕਾਰ ਬਣਨ 'ਤੇ ਅਸੀਂ ਇੱਥੇ ਇੰਡਸਟਰੀ ਲੈ ਕੇ ਆਵਾਂਗੇ। ਨੌਕਰੀਆਂ ਉਸ ਨੌਜਵਾਨ ਨੂੰ ਮਿਲਣਗੀਆਂ, ਜਿਸ ਨੌਜਵਾਨ 'ਚ ਕੋਈ ਕਲਾ ਹੋਵੇਗੀ। ਉਨ੍ਹਾਂ ਕਿਹਾ ਕਿ ਇੱਥੇ ਵਰਲਡ ਸਕਿੱਲ ਯੂਨੀਵਰਸਿਟੀ ਖੋਲ੍ਹੀ ਜਾਵੇਗੀ। ਇਸ 'ਚ ਇਕ ਲੱਖ ਬੱਚੇ ਨੂੰ ਇਕ ਸਾਲ 'ਚ ਹੁਨਰ ਸਿਖਾਇਆ ਜਾਵੇਗਾ ਅਤੇ ਇਸ ਦੇ ਲਈ ਸਾਡੀ ਗੱਲਬਾਤ ਹੋ ਗਈ ਹੈ। 6-6 ਮਹੀਨੇ ਦੇ ਕੋਰਸ ਹੋਣਗੇ, ਜਿਸ ਦਾ ਨੌਜਵਾਨਾਂ ਨੂੰ ਵੱਡਾ ਫ਼ਾਇਦਾ ਮਿਲੇਗਾ। ਇਸ ਤੋਂ ਬਾਅਦ ਜੇਕਰ ਕਿਸੇ ਨੇ ਕੰਮ ਸ਼ੁਰੂ ਕਰਨਾ ਹੈ ਤਾਂ 10 ਲੱਖ ਰੁਪਏ ਦਾ ਨੌਜਵਾਨਾਂ ਨੂੰ ਕਰਜ਼ਾ ਦਿੱਤਾ ਜਾਵੇਗਾ ਅਤੇ ਇਸ 'ਤੇ ਕੋਈ ਵਿਆਜ ਨਹੀਂ ਹੋਵੇਗਾ। ਪਹਿਲੇ ਤਿੰਨ ਸਾਲ ਕੋਈ ਪੈਸਾ ਨਹੀਂ ਦੇਣਾ ਪਵੇਗਾ। ਇਸ ਤੋਂ ਇਲਾਵਾ ਇੰਡਸਟਰੀ ਲਾਉਣ ਲਈ ਅਸੀਂ ਸਪੈਸ਼ਲ ਪੈਕੇਜ ਦੇਵਾਂਗੇ। ਇਨ੍ਹਾਂ ਇੰਡਸਟਰੀਆਂ 'ਚ 75 ਫ਼ੀਸਦੀ ਬੱਚੇ ਕਾਰੋਬਾਰੀਆਂ ਨੂੰ ਪੰਜਾਬ ਦੇ ਰੱਖਣੇ ਪੈਣਗੇ। ਇਸ ਦੇ ਨਾਲ ਹੀ ਪੰਜਾਬ ਦੇ ਲੋਕਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣਗੇ। ਉਨ੍ਹਾਂ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਬਾਦਲ ਸਾਹਿਬ ਦੀ ਯਾਦ 'ਚ ਧੀਆਂ ਨੂੰ ਸ਼ਗਨ ਸਕੀਮ ਦਾ ਇਕ ਲੱਖ ਰੁਪਿਆ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਅਕਾਲੀ ਦਲ ਤੋਂ ਸਿਵਾਏ ਪੰਜਾਬ ਨੂੰ ਬਚਾਉਣ ਦਾ ਕੋਈ ਚਾਰਾ ਨਹੀਂ ਹੈ।

## ਲਾਲੂ ਨੂੰ ਵੱਡਾ ਝਟਕਾ ; 'ਜ਼ਮੀਨ ਦੇ ਬਦਲੇ ਨੌਕਰੀ' ਮਾਮਲੇ 'ਚ ਪਟੀਸ਼ਨ ਖਾਰਜ

ਨਵੀਂ ਦਿੱਲੀ 25 ਮਾਰਚ। ਰਾਸ਼ਟਰੀ ਜਨਤਾ ਦਲ (ਰਾਜਦ) ਮੁਖੀ ਲਾਲੂ ਪ੍ਰਸਾਦ ਯਾਦਵ ਨੂੰ ਇਕ ਵੱਡਾ ਝਟਕਾ ਲੱਗਾ, ਜਦੋਂ ਦਿੱਲੀ ਹਾਈ ਕੋਰਟ ਨੇ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਜੁੜੇ 'ਜ਼ਮੀਨ ਦੇ ਬਦਲੇ ਨੌਕਰੀ' ਦੇ ਮਾਮਲੇ 'ਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਵਲੋਂ ਦਰਜ ਐੱਫਆਈਆਰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ। ਜੱਜ ਰਵਿੰਦਰ ਡੁਡੇਜਾ ਨੇ ਸਾਬਕਾ ਰੇਲ ਮੰਤਰੀ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਦੀ ਪਟੀਸ਼ਨ ਖਾਰਜ ਕਰ ਦਿੱਤੀ, ਜਿਸ 'ਚ 2022, 2023 ਅਤੇ 2024 'ਚ ਦਾਇਰ ਤਿੰਨ ਦੋਸ਼ ਪੱਤਰਾਂ ਅਤੇ ਬਾਅਦ 'ਚ ਨੋਟਿਸ ਲੈਣ ਦੇ ਆਦੇਸ਼ਾਂ ਨੂੰ ਰੱਦ ਕਰਨ ਦੀ ਅਪੀਲ ਵੀ ਕੀਤੀ ਗਈ ਸੀ। ਜੱਜ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ,"ਪਟੀਸ਼ਨ 'ਚ ਕੋਈ ਦਮ ਨਹੀਂ ਹੈ, ਇਸ ਲਈ ਇਸ ਨੂੰ ਖਾਰਜ ਕੀਤਾ ਜਾਂਦਾ ਹੈ।" ਫੈਸਲੇ ਦੀ ਵਿਸਤ੍ਰਿਤ ਕਾਪੀ ਦੀ ਉਡੀਕ ਹੈ। ਅਧਿਕਾਰੀਆਂ ਨੇ ਦੱਸਿਆ ਕਿ 'ਜ਼ਮੀਨ ਦੇ ਬਦਲੇ ਨੌਕਰੀ' ਦਾ ਇਹ ਮਾਮਲਾ ਲਾਲੂ ਪ੍ਰਸਾਦ ਦੇ ਰੇਲ ਮੰਤਰੀ ਦੇ ਕਾਰਜਕਾਲ (2004 ਤੋਂ 2009) ਦੌਰਾਨ ਮੱਧ ਪ੍ਰਦੇਸ਼ ਦੇ ਜਬਲਪੁਰ 'ਚ ਭਾਰਤੀ ਰੇਲਵੇ ਦੇ ਪੱਛਮੀ ਮੱਧ ਜ਼ੋਨ 'ਚ ਕੀਤੀਆਂ ਗਈਆਂ 'ਗਰੁੱਪ ਡੀ' ਨਿਯੁਕਤੀਆਂ ਨਾਲ ਸੰਬੰਧਤ ਹੈ। ਅਧਿਕਾਰੀਆਂ ਅਨੁਸਾਰ, ਇਹ ਨਿਯੁਕਤੀਆਂ ਭਰਤੀ ਕੀਤੇ ਗਏ ਲੋਕਾਂ ਵਲੋਂ ਰਾਜਦ ਮੁਖੀ ਦੇ ਪਰਿਵਾਰ ਜਾਂ ਸਹਿਯੋਗੀਆਂ ਦੇ ਨਾਂ 'ਤੇ ਤੋਹਫ਼ੇ ਵਜੋਂ ਦਿੱਤੀਆਂ ਗਈਆਂ ਜਾਂ ਟਰਾਂਸਫਰ ਕੀਤੀਆਂ ਗਈਆਂ ਜ਼ਮੀਨਾਂ ਦੇ ਬਦਲੇ ਕੀਤੀਆਂ ਗਈਆਂ ਸਨ। ਯਾਦਵ ਨੇ ਦਲੀਲ ਦਿੱਤੀ ਸੀ ਕਿ ਇਸ ਮਾਮਲੇ 'ਚ ਜਾਂਚ, ਐੱਫਆਈਆਰ, ਜਾਂਚ ਦੀ ਪ੍ਰਕਿਰਿਆ ਅਤੇ ਬਾਅਦ 'ਚ ਦਾਖ਼ਲ ਦੋਸ਼ ਪੱਤਰ ਕਾਨੂੰਨੀ ਰੂਪ ਨਾਲ ਟਿਕਾਊ ਨਹੀਂ ਹਨ, ਕਿਉਂਕਿ ਕੇਂਦਰੀ ਜਾਂਚ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਦੀ ਧਾਰਾ 17ਏ ਦੇ ਅਧੀਨ ਸਾਬਕਾ ਮਨਜ਼ੂਰੀ ਨਹੀਂ ਲਈ ਸੀ।

## ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬੀਆਂ ਦੇ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਲਈ ਵਰਦਾਨ ਸਾਬਤ ਹੋਈ: ਡਾ. ਬਲਬੀਰ ਸਿੰਘ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਪਟਿਆਲਾ, 25 ਮਾਰਚ: ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਨਿਵੇਕਲੀ ਸਕੀਮ 'ਮੁੱਖ ਮੰਤਰੀ ਸਿਹਤ ਯੋਜਨਾ' ਪੰਜਾਬੀਆਂ ਲਈ ਵਰਦਾਨ ਸਾਬਤ ਹੋ ਰਹੀ ਹੈ। ਅੱਜ ਇੱਥੇ ਪੰਜਾਬ ਸਰਕਾਰ ਦੀਆਂ ਸਿਹਤ ਖੇਤਰ 'ਚ 4 ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਤਹਿਤ ਹੁਣ ਤੱਕ 1.60 ਲੱਖ ਲੋਕਾਂ ਨੇ 191 ਕਰੋੜ ਰੁਪਏ ਦਾ ਮੁਫ਼ਤ ਇਲਾਜ ਕਰਵਾਇਆ ਹੈ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਅੱਜ ਪੰਜਾਬ ਦੇ ਸਿਹਤ ਮਾਡਲ ਦੀ ਦੇਸ਼ ਦੇ ਬਾਕੀ ਰਾਜਾਂ 'ਚ ਕਾਪੀ ਹੋਣ ਲੱਗੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚਾਰ ਸਾਲਾਂ 'ਚ ਸਿਹਤ, ਸਿੱਖਿਆ ਤੇ ਰੋਜ਼ਗਾਰ ਨੂੰ ਪਹਿਲ ਦਿੱਤੀ, ਜਿਸ ਦੇ ਨਤੀਜੇ ਸਭ ਦੇ ਸਾਹਮਣੇ ਹਨ। ਉਨ੍ਹਾਂ ਕਿਹਾ ਕਿ ਆਪ ਦੇ ਕੌਮੀ ਕਨਵੀਨਰ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਤੇ ਮਾਤਾ ਕੌਸ਼ੱਲਿਆ ਹਸਪਤਾਲ ਦੀ ਕਾਇਆਂ ਕਲਪ ਕਰਨ ਨਾਲ ਸੂਬੇ ਵਿੱਚ ਸਿਹਤ ਕ੍ਰਾਂਤੀ ਦਾ ਆਗਾਜ਼ ਕੀਤਾ ਸੀ ਅਤੇ ਪਿਛਲੇ ਚਾਰ ਸਾਲਾਂ 'ਚ ਆਪ ਦੀ ਸਰਕਾਰ ਨੇ ਸਿਹਤ ਖੇਤਰ 'ਚ ਲਾਮਿਸਾਲ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 65 ਲੱਖ ਪਰਿਵਾਰਾਂ ਤੇ 3 ਕਰੋੜ ਲੋਕਾਂ ਦੇ ਸਿਹਤ ਕਾਰਡ ਬਣਨੇ ਹਨ, ਜਿਨ੍ਹਾਂ 'ਚੋਂ ਹੁਣ ਤੱਕ 25 ਲੱਖ ਕਾਰਡ ਬਣ ਚੁੱਕੇ ਹਨ ਤੇ ਉਹ ਸਭ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਉਹ ਕਿਸੇ ਬਿਮਾਰੀ ਦੀ ਉਡੀਕ ਕਰਨ ਦੀ ਬਜਾਇ ਪਹਿਲਾਂ ਹੀ ਆਪਣੇ ਇਹ ਕਾਰਡ ਬਣਵਾ ਲੈਣ। ਮੈਡੀਕਲ ਸਿੱਖਿਆ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਰਾਜ ਅੰਦਰ 9 ਹੋਰ ਨਵੇਂ ਮੈਡੀਕਲ ਕਾਲਜ ਬਣ ਰਹੇ ਹਨ, ਜਿਨ੍ਹਾਂ 'ਚੋਂ ਪਹਿਲਾਂ ਹੀ ਚਾਲੂ ਰਿਮਟ ਫ਼ਤਿਹਗੜ੍ਹ ਸਾਹਿਬ, ਈਐਸਆਈ ਲੁਧਿਆਣਾ ਸਮੇਤ ਹੁਸ਼ਿਆਰਪੁਰ, ਕਪੂਰਥਲਾ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਲਹਿਰਾਗਾਗਾ, ਮਲੇਰਕੋਟਲਾ ਤੇ ਲੁਧਿਆਣਾ ਵਿਖੇ ਬਣਨ ਵਾਲੇ ਮੈਡੀਕਲ ਕਾਲਜਾਂ 'ਚ 600 ਨਵੀਂਆਂ



ਐਮਬੀਬੀਐਸ ਸੀਟਾਂ ਸ਼ਾਮਲ ਹੋਣਗੀਆਂ। ਜਦਕਿ ਮੈਡੀਕਲ ਸਿੱਖਿਆ ਵਿਭਾਗ ਵਿੱਚ ਮਨੁਖੀ ਸਰੋਤ ਦੀ ਕਮੀ ਦੂਰ ਕੀਤੀ ਗਈ ਹੈ ਤੇ ਪ੍ਰੋਫੈਸਰਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ ਹਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਦਿਆਂ ਸਾਰੇ ਸਰਕਾਰੀ ਮੈਡੀਕਲ ਕਾਲਜਾਂ 'ਚ 200 ਕਰੋੜ ਰੁਪਏ ਦਾ ਸਾਜੋ ਸਮਾਨ ਖਰੀਦਿਆ ਜਾ ਰਿਹਾ ਹੈ ਤੇ ਰਾਜ ਦੇ ਸਾਰੇ ਜ਼ਿਲ੍ਹਿਆਂ 'ਚ 50-50 ਬੈਡਾਂ ਦੀ ਸਹੂਲਤ ਵਾਲੇ 22 ਕ੍ਰਿਟੀਕਲ ਕੇਅਰ ਬਲਾਕ ਬਣਾਏ ਜਾ ਰਹੇ ਹਨ। ਸਿਹਤ ਮੰਤਰੀ ਨੇ ਦੱਸਿਆ ਕਿ ਮੁਫ਼ਤ ਦਵਾਈਆਂ ਪਹਿਲਾਂ ਹੀ ਦੇਣ ਸਮੇਤ ਡਾਇਗਨੋਸਟਿਕ ਸੇਵਾਵਾਂ ਦਾ ਵਿਸਥਾਰ ਕਰਦੇ ਹੋਏ ਸਾਰੇ ਜ਼ਿਲ੍ਹਾ ਹਸਪਤਾਲਾਂ 'ਚ ਇਸ ਸਾਲ 'ਚ ਐਮ.ਆਰ.ਆਈ, 8 ਹੋਰ ਹਸਪਤਾਲਾਂ 'ਚ ਸੀ.ਟੀ ਸਕੈਨ ਸਹੂਲਤ ਤੋਂ ਇਲਾਵਾ 250 ਬੈਡਾਂ ਵਾਲੇ 7 ਜੱਚਾ-ਬੱਚਾ ਹਸਪਤਾਲ ਚਾਲੂ ਕੀਤੇ ਜਾਣਗੇ ਤੇ ਐਕਸਰੇ ਤੇ ਅਲਟਰਸਾਊਂਡ ਲਈ ਸੂਚੀਬੱਧ 200 ਤੋਂ ਵੱਧ ਪ੍ਰਾਈਵੇਟ ਡਾਇਗੋਸਟਿਕ ਸੈਂਟਰ ਵੀ ਚੱਲ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ 5 ਜ਼ਿਲ੍ਹਿਆਂ 'ਚ ਬ੍ਰੈਸਟ ਕੈਂਸਰ ਤੇ ਸਰਵੀਕਲ ਕੈਂਸਰ ਦੀ ਏ.ਆਈ. ਇਨੇਬਲਡ ਸਕਰੀਨਿੰਗ ਤਹਿਤ 9294 ਔਰਤਾਂ ਦੀ ਜਾਂਚ 'ਚ ਛਾਤੀ ਦੇ ਕੈਂਸਰ ਦੇ 8 ਮਾਮਲੇ ਤੇ 43 ਸਰਵੀਕਲ ਕੈਂਸਰ ਦੇ ਮਾਮਲੇ ਸਾਹਮਣੇ ਆਏ ਜਦਕਿ ਏ ਆਈ ਇਨੇਬਲਡ ਅੱਖਾਂ ਦੀ ਜਾਂਚ 'ਚ 1 ਲੱਖ 7 ਹਜ਼ਾਰ ਲੋਕਾਂ ਦੀ ਜਾਂਚ 'ਚ 21 ਹਜ਼ਾਰ 660 ਨੂੰ ਨਜ਼ਰ ਦੀ ਸਮੱਸਿਆ ਸਾਹਮਣੇ ਆਈ।

Contd.......page-3

# 30 ਲੱਖ ਲਾ ਕੈਨੇਡਾ ਭੇਜੀ ਪਤਨੀ ਨੇ ਗਿਰਗਿਟ ਵਾਂਗ ਬਦਲੇ ਰੰਗ, ਕਾਰਾ ਦੇਖ ਸਹੁਰਾ ਪਰਿਵਾਰ ਦੇ ਉੱਡੇ ਹੋਸ਼

**ਕੌਮੀ ਪਤ੍ਰਿਕਾ**

ਮੋਗਾ 25 ਮਾਰਚ। ਮੋਗਾ ਜ਼ਿਲ੍ਹੇ ਦੇ ਪਿੰਡ ਮਾਹਲਾ ਕਲਾਂ ਨਿਵਾਸੀ ਜਸਪਾਲ ਸਿੰਘ ਦੀ ਨੂੰਹ ਅਰਸ਼ਦੀਪ ਕੁਮਾਰੀ ਵੱਲੋਂ ਕੈਨੇਡਾ ਪਹੁੰਚਦਿਆਂ ਹੀ ਗਿਰਗਿਟ ਵਾਂਗ ਰੰਗ ਬਦਲਦਿਆਂ ਪਤੀ ਨੂੰ ਕੈਨੇਡਾ ਪੀ.ਆਰ. ਤੋਂ ਕੋਰੀ ਨਾਂਹ ਕਰ ਦਿੱਤੀ। ਮੋਗਾ ਪੁਲਸ ਵੱਲੋਂ ਜਾਂਚ ਤੋਂ ਬਾਅਦ ਜਸਪਾਲ ਸਿੰਘ ਦੀ ਸ਼ਿਕਾਇਤ 'ਤੇ ਉਸਦੀ ਨੂੰਹ ਅਰਸ਼ਦੀਪ ਕੁਮਾਰੀ, ਉਸਦੀ ਭੈਣ ਮਨਦੀਪ ਕੁਮਾਰੀ, ਭੈਣ ਰਵਨੀਤ ਕੁਮਾਰੀ ਅਤੇ ਪਿਤਾ ਤਰਸੇਮ ਚੰਦ ਨਿਵਾਸੀ ਪਿੰਡ ਧੰਨਾ ਸ਼ਹੀਦ ਫਿਰੋਜ਼ਪੁਰ ਖ਼ਿਲਾਫ਼ ਧੋਖਾਦੇਹੀ ਦਾ ਥਾਣਾ ਬਾਘਾ ਪੁਰਾਣਾ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਸਹਾਇਕ ਥਾਣੇਦਾਰ ਗੁਰਪ੍ਰੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਜਸਪਾਲ ਸਿੰਘ ਨੇ ਕਿਹਾ ਕਿ ਉਸ ਦੇ ਬੇਟੇ ਜਸਪ੍ਰੀਤ ਸਿੰਘ ਦਾ ਵਿਆਹ ਅਰਸ਼ਦੀਪ ਕੁਮਾਰੀ ਨਾਲ 16 ਜੂਨ 2019 ਨੂੰ ਦੋਵਾਂ ਪਰਿਵਾਰਾਂ ਦੀ ਸਹਿਮਤੀ ਨਾਲ ਅਜੀਜ ਹੋਟਲ ਐਂਡ ਰੈਸਟੋਰੈਂਟ ਤਲਵੰਡੀ ਭਾਈ ਵਿਚ ਧਾਰਮਿਕ ਰੀਤੀ ਰਿਵਾਜ਼ਾਂ ਅਨੁਸਾਰ ਹੋਇਆ ਸੀ। ਉਸ ਨੇ ਕਿਹਾ ਕਿ ਮੇਰੀ ਨੂੰਹ ਨੇ ਆਈਲੈਟਸ ਕੀਤੀ ਸੀ ਅਤੇ ਉਹ ਵਿਦੇਸ਼ ਜਾਣਾ ਚਾਹੁੰਦੀ ਸੀ,ਜਿਸ 'ਤੇ ਦੋਵਾਂ ਪਰਿਵਾਰਾਂ ਨੇ ਆਪਸੀ ਸਹਿਮਤੀ ਕੀਤੀ ਅਤੇ ਗੱਲਬਾਤ ਤੈਅ ਹੋਈ ਕਿ ਅਸੀਂ ਉਸ ਨੂੰ ਸਟੱਡੀ ਬੇਸ 'ਤੇ ਕੈਨੇਡਾ ਭੇਜ ਦਿਆਂਗੇ, ਜਿੱਥੇ ਜਾ ਕੇ ਉਹ ਮੇਰੇ ਲੜਕੇ ਨੂੰ ਕੈਨੇਡਾ ਬੁਲਾ ਲਵੇਗਾ ਅਤੇ ਪੀ.ਆਰ. ਕਰਵਾਏਗੀ। ਮੇਰੀ ਨੂੰਹ ਅਰਸ਼ਦੀਪ ਕੁਮਾਰੀ 13 ਅਗਸਤ 2019 ਨੂੰ ਕੈਨੇਡਾ ਚਲੀ ਗਈ। ਇਸ ਉਪਰੰਤ ਉਸ ਨੇ ਮੇਰੇ ਬੇਟੇ ਜਸਪ੍ਰੀਤ ਸਿੰਘ ਬਰਾੜ ਨੂੰ ਵੀ 15 ਸਤੰਬਰ 2022 ਨੂੰ ਸਪਾਉਸ ਵੀਜ਼ੇ ਰਾਹੀਂ ਕੈਨੇਡਾ ਬੁਲਾ ਲਿਆ। ਸਾਡਾ ਨੂੰਹ ਅਰਸ਼ਦੀਪ ਕੁਮਾਰੀ ਨੂੰ ਸਟੱਡੀ ਬੈਸ 'ਤੇ ਕੈਨੇਡਾ ਭੇਜਣ ਲਈ 30 ਲੱਖ ਰੁਪਏ ਖਰਚ ਆਇਆ। ਮੇਰੀ ਨੂੰਹ ਨੇ ਮੇਰੇ ਬੇਟੇ ਦੇ ਪਹੁੰਚਣ ਉਪਰੰਤ ਉਸ ਨਾਲ ਕੋਈ ਗੱਲਬਾਤ ਨਹੀਂ ਕੀਤੀ ਅਤੇ ਮੇਰਾ ਬੇਟਾ ਵੱਖ ਰਹਿਣ ਲੱਗਾ, ਜਦੋਂ ਮੇਰੇ ਬੇਟੇ ਦਾ ਵੀਜ਼ਾ ਖ਼ਤਮ ਹੋ ਗਿਆ ਤਾਂ ਉਸ ਨੇ ਆਪਣੀ ਪਤਨੀ ਨੂੰ ਪੀ. ਆਰ. ਲਈ ਕਿਹਾ ਤਾਂ ਉਸ ਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਕਥਿਤ ਮਿਲੀਭੁਗਤ ਕਰ ਕੇ ਕੋਰੀ ਨਾਂਹ ਕਰ ਦਿੱਤੀ। ਇਸ 'ਤੇ ਅਸੀਂ ਨੂੰਹ ਦੇ ਪਰਿਵਾਰ ਨਾਲ ਗੱਲਬਾਤ ਕੀਤੀ ਅਤੇ ਪੰਚਾਇਤੀ ਤੌਰ 'ਤੇ ਵੀ ਉਨ੍ਹਾਂ ਨੂੰ ਕਿਹਾ, ਪਰ ਕਿਸੇ ਨੇ ਕੋਈ ਗੱਲ ਨਾ ਸੁਣੀ। ਉਨ੍ਹਾਂ ਕਿਹਾ ਕਿ ਅਸੀਂ ਅਪਣੀ ਨੂੰਹ ਨੂੰ ਕੈਨੇਡਾ ਭੇਜਣ ਲਈ ਸਟੱਡੀ ਵੀਜ਼ੇ 'ਤੇ ਖਰਚਾ ਹੋਣ ਵਾਲੇ ਪੈਸੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਖਾਤੇ ਵਿਚ ਵੀ ਪਾਏ। ਇਸ ਤਰ੍ਹਾਂ ਮੇਰੀ ਨੂੰਹ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਕਥਿਤ ਮਿਲੀਭੁਗਤ ਕਰ ਕੇ ਸਾਡੇ ਨਾਲ ਧੋਖਾਦੇਹੀ ਕੀਤੀ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਜਾਂਚ ਦਾ ਹੁਕਮ ਦਿੱਤਾ ਅਤੇ ਜਾਂਚ ਅਧਿਕਾਰੀ ਨੇ ਜਾਂਚ ਸਮੇਂ ਦੋਵਾਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ। ਜਾਂਚ ਮਗਰੋਂ ਜਾਂਚ ਅਧਿਕਾਰੀ ਨੂੰ ਪਤਾ ਲੱਗਾ ਕਿ ਅਰਸ਼ਦੀਪ ਕੁਮਾਰੀ ਵੱਲੋਂ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਕੋਲੋਂ ਸਟੱਡੀ ਬੇਸ 'ਤੇ ਕੈਨੇਡਾ ਜਾਣ ਲਈ 30 ਲੱਖ ਰੁਪਏ ਦੇ ਕਰੀਬ ਖਰਚਾ ਕਰਵਾ ਕੇ ਉਸ ਨੂੰ ਕੈਨੇਡਾ ਵਿਚ ਪੀਆਰ ਹੋਣ ਸਬੰਧੀ ਲੋੜੀਂਦੇ ਦਸਤਾਵੇਜ਼ ਮੁਹੱਈਆ ਨਹੀਂ ਕਰਵਾਏ। ਜਾਂਚ ਦੇ ਬਾਅਦ ਸ਼ਿਕਾਇਤ ਕਰਤਾ ਦੇ ਦੋਸ਼ ਸਹੀ ਪਾਏ ਜਾਣ 'ਤੇ ਜਾਂਚ ਅਧਿਕਾਰੀ ਐੱਸ. ਪੀ. ਆਈ. ਵੱਲੋਂ ਆਪਣੀ ਰਿਪੋਰਟ ਜ਼ਿਲ੍ਹਾ ਪੁਲਸ ਮੁਖੀ ਨੂੰ ਭੇਜੀ, ਜਿਨ੍ਹਾਂ ਨੇ ਉਕਤ ਮਾਮਲੇ ਵਿਚ ਕਾਨੂੰਨੀ ਰਾਇ ਹਾਸਲ ਕਰਨ ਤੋਂ ਬਾਅਦ ਕਥਿਤ ਦੋਸ਼ੀਆਂ ਖ਼ਿਲਾਫ਼ ਥਾਣਾ ਬਾਘਾ ਪੁਰਾਣਾ ਵਿਚ ਉਕਤ ਮਾਮਲਾ ਦਰਜ ਕਰਨ ਦਾ ਆਦੇਸ਼ ਦਿੱਤਾ, ਗ੍ਰਿਫਤਾਰੀ ਬਾਕੀ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਕਥਿਤ ਦੋਸ਼ੀਆਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਆਬਕਾਰੀ ਵਿਭਾਗ ਦੀ ਵੱਡੀ ਕਾਰਵਾਈ, 33 ਹਜ਼ਾਰ ਲੀਟਰ ਹੋਰ ਨਾਜਾਇਜ਼ ਸ਼ਰਾਬ ਫੜੀ

ਅੰਮ੍ਰਿਤਸਰ 25 ਮਾਰਚ। ਆਬਕਾਰੀ ਵਿਭਾਗ ਨੇ ਨਾਜਾਇਜ਼ ਸ਼ਰਾਬ ਖਿਲਾਫ ਸਖ਼ਤ ਕਾਰਵਾਈ ਕਰਦਿਆਂ ਭਾਰੀ ਮਾਤਰਾ ਵਿਚ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਇਹ ਕਾਰਵਾਈ ਈ. ਓ. ਮਨੀਸ਼ ਗੋਇਲ ਦੀ ਨਿਗਰਾਨੀ ਹੇਠ ਕੀਤੀ ਗਈ, ਜਿਸ ਵਿੱਚ ਆਬਕਾਰੀ ਇੰਸਪੈਕਟਰ ਮੈਡਮ ਜਗਦੀਪ ਕੌਰ ਦੀ ਅਗਵਾਈ ਹੇਠ ਆਬਕਾਰੀ ਪੁਲਸ ਅਤੇ ਜ਼ਿਲਾ ਪੁਲਸ ਦੇ ਨਾਲ ਅਜਨਾਲਾ ਸਰਕਲ, ਜ਼ਿਲਾ ਅੰਮ੍ਰਿਤਸਰ-2 ਵਿੱਚ ਸਰਚ/ਛਾਪੇਮਾਰੀ ਅਤੇ ਬਰਾਮਦਗੀ ਕੀਤੀ ਗਈ। ਇਸ ਕਾਰਵਾਈ ਵਿੱਚ ਨੰਗਲ ਵਾਂਝਾ ਵਾਲਾ, ਅਜਨਾਲਾ ਦਾ ਸੱਕੀ ਨਾਲਾ, ਲੋਧੀ ਗੁਰਜ ਰਾਮਦਾਸ ਅਤੇ ਕੁਝ ਹੋਰ ਥਾਵਾਂ ਤੋਂ ਕੁੱਲ ਮਿਲਾ ਕੇ 31 ਹਜ਼ਾਰ ਲੀਟਰ ਨਾਜਾਇਜ਼ ਸ਼ਰਾਬ ਜੋ ਲਾਹਣ ਦੇ ਰੂਪ ਵਿਚ ਸੀ, ਬਰਾਮਦ ਕੀਤੀ ਗਈ। ਦੱਸਣਯੋਗ ਹੈ ਕਿ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦੀ ਇਸੇ ਅਧਿਕਾਰੀਆਂ ਦੀ ਟੀਮ ਨੇ ਕੱਲ੍ਹ 40 ਤੋਂ 50 ਹਜ਼ਾਰ ਲੀਟਰ ਨਾਜਾਇਜ਼ ਸ਼ਰਾਬ ਬਰਾਮਦ ਕਰ ਕੇ ਨਸ਼ਟ ਕਰ ਦਿੱਤੀ ਸੀ। ਆਬਕਾਰੀ ਵਿਭਾਗ ਦੀ ਟੀਮ ਨੇ ਦੱਸਿਆ ਕਿ ਇਕ ਜਗ?ਹਾ 'ਤੇ ਇੰਨੇ ਗੰਦੇ ਪਾਣੀ ਨਾਲ ਸ਼ਰਾਬ ਤਿਆਰ ਕੀਤੀ ਜਾ ਰਹੀ ਸੀ ਕਿ ਉਸ ਤੋਂ ਇੰਨੀ ਬਦਬੂ ਆ ਰਹੀ ਸੀ ਕਿ ਉਸ ਦੇ ਨੇੜੇ ਖੜ੍ਹਾ ਹੋਣਾ ਵੀ ਮੁਸ਼ਕਲ ਸੀ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਸੀ ਕਿ ਇਸ ਗੰਦੇ ਪਾਣੀ ਵਿੱਚ ਕੀੜੇ-ਮਕੌੜੇ ਘੁੰਮ ਰਹੇ ਸਨ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਪਾਣੀ ਅਤੇ ਇੱਥੇ ਪੈਦਾ ਹੋਣ ਵਾਲੀ ਸ਼ਰਾਬ ਦੇ ਨਮੂਨੇ ਲਏ ਜਾਂਦੇ ਹਨ ਤਾਂ ਅਜਿਹੇ ਗੰਦੇ ਪਾਣੀ ਤੋਂ ਸ਼ਰਾਬ ਬਰਾਮਦ ਕਰਨ ਵਾਲਿਆਂ ਖਿਲਾਫ ਅਪਰਾਧਿਕ ਮਾਮਲੇ ਦਰਜ ਕੀਤੇ ਜਾ ਸਕਦੇ ਹਨ, ਕਿਉਂਕਿ ਇਸ ਕਿਸਮ ਦੀ ਸ਼ਰਾਬ ਲੋਕਾਂ ਦੀਆਂ ਜਾਨਾਂ ਲੈਣ ਦਾ ਕਾਰਨ ਬਣ ਜਾਂਦੀ ਹੈ। ਪੰਜ ਸਾਲ ਪਹਿਲਾਂ ਤਰਨਤਾਰਨ ਖੇਤਰ ਵਿੱਚ ਵੀ ਜ਼ਹਰਿਲੀ ਸ਼ਰਾਬ ਪੀਣ ਨਾਲ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਉਦੋਂ ਤੋਂ ਤਰਨਤਾਰਨ ਜ਼ਿਲ੍ਹੇ ਨੂੰ ਅੰਮ੍ਰਿਤਸਰ ਰੇਂਜ ਤੋਂ ਬਾਹਰ ਕੱਢ ਕੇ ਫਿਰੋਜ਼ਪੁਰ ਰੇਂਜ ਨਾਲ ਜੋੜ ਦਿੱਤਾ ਗਿਆ ਸੀ।

# ਲੁਧਿਆਣਾ ਸਿਵਲ ਹਸਪਤਾਲ ਦੀ ਮੋਰਚਰੀ ਦਾ ਮਾੜਾ ਹਾਲ ! ਪੁਲਸ ਦੀ ਬੇਰੁਖੀ ਨਾਲ ਫੁੱਲਣ ਲੱਗੀਆਂ ਲਾਸ਼ਾਂ

**ਕੌਮੀ ਪਤ੍ਰਿਕਾ**

ਲੁਧਿਆਣਾ 25 ਮਾਰਚ। ਸ਼ਹਿਰ ਦੇ ਸਿਵਲ ਹਸਪਤਾਲ ਦੀ ਮੋਰਚਰੀ ਇਸ ਸਮੇਂ ਲਾਵਾਰਿਸ ਲਾਸ਼ਾਂ ਦੇ ਬੋਝ ਹੇਠ ਕਰਾਹ ਰਹੀ ਹੈ। ਇਕ ਪਾਸੇ ਜਿੱਥੇ ਮੌਤ ਦਾ ਮਾਤਮ ਹੈ, ਉੱਥੇ ਹੀ ਦੂਜੇ ਪਾਸੇ ਪੁਲਿਸ ਪ੍ਰਣਾਲੀ ਦੀ ਬੇਰੁਖੀ ਨੇ ਹਸਪਤਾਲ ਪ੍ਰਬੰਧਕਾਂ ਦੀਆਂ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਆਲਮ ਇਹ ਹੈ ਕਿ ਮੋਰਚਰੀ ਵਿੱਚ ਲਾਵਾਰਿਸ ਲਾਸ਼ਾਂ ਦਾ ਅੰਬਾਰ ਲੱਗ ਗਿਆ ਹੈ ਅਤੇ ਪ੍ਰਸ਼ਾਸਨ ਹੱਥ 'ਤੇ ਹੱਥ ਧਰ ਕੇ ਬੈਠਾ ਹੈ। ਮੌਜੂਦਾ ਸਮੇਂ ਵਿੱਚ ਇੱਥੇ 20 ਅਜਿਹੇ ਬਦਨਸੀਬਾਂ ਦੀਆਂ ਲਾਸ਼ਾਂ ਪਈਆਂ ਹਨ, ਜਿਨ੍ਹਾਂ ਦਾ ਵਾਰਿਸ ਬਣਨ ਲਈ ਕੋਈ ਸਾਹਮਣੇ ਨਹੀਂ ਆਇਆ। ਹਸਪਤਾਲ ਪ੍ਰਬੰਧਕਾਂ ਵੱਲੋਂ ਵਾਰ-ਵਾਰ ਪੁਲਿਸ ਨੂੰ ਰੁੱਕੇ ਭੇਜੇ ਗਏ, ਰੀਮਾਈਂਡਰਾਂ ਦੀ ਝੜੀ ਲਗਾ ਦਿੱਤੀ ਗਈ, ਪਰ ਖਾਕੀ ਦੀ ਸੁਸਤੀ ਦੇ ਚਲਦਿਆਂ ਇਨ੍ਹਾਂ ਲਾਸ਼ਾਂ ਨੂੰ ਅੰਤਿਮ ਵਿਦਾਈ ਨਸੀਬ ਨਹੀਂ ਹੋ ਰਹੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ 20 ਵਿੱਚੋਂ 10 ਲਾਸ਼ਾਂ ਅਜਿਹੀਆਂ ਹਨ ਜੋ ਪਿਛਲੇ 9 ਤੋਂ ਲੈ ਕੇ 41 ਦਿਨਾਂ ਤੋਂ ਫ?ਰੀਜ਼ਰ ਵਿੱਚ ਪਈਆਂ-ਪਈਆਂ ਗਲ ਰਹੀਆਂ ਹਨ। ਸਰਕਾਰੀ ਫਾਈਲਾਂ ਵਿਚ ਇਹ ਮਹਿਜ਼ ਇਕ ਨੰਬਰ ਹਨ, ਪਰ ਹਸਪਤਾਲ ਲਈ ਇਹ ਮੁਸੀਬਤ ਦਾ ਸਬੱਬ ਬਣ ਚੁੱਕੀਆਂ ਹਨ। ਪੁਲਿਸ ਦੀ ਕਾਰਜਪ੍ਰਣਾਲੀ 'ਤੇ ਸਭ ਤੋਂ ਵੱਡਾ ਸਵਾਲ ਥਾਣਾ ਮੋਤੀ ਨਗਰ ਖੜ੍ਹਾ ਕਰ ਰਿਹਾ ਹੈ, ਕਿਉਂਕਿ ਇਨ੍ਹਾਂ 10 ਪੁਰਾਣੀਆਂ ਲਾਸ਼ਾਂ ਵਿੱਚੋਂ ਇਕੱਲੇ 6 ਲਾਸ਼ਾਂ ਇਸੇ ਥਾਣਾ ਖੇਤਰ ਨਾਲ ਸਬੰਧਤ ਹਨ। ਹਸਪਤਾਲ ਦੀ ਮੋਰਚਰੀ ਵਿੱਚ ਸਭ ਤੋਂ ਪੁਰਾਣੀਆਂ 2 ਲਾਸ਼ਾਂ 7 ਫਰਵਰੀ ਤੋਂ ਪਈਆਂ ਹਨ, ਜੋ ਪੁਲਿਸ ਦੀ ਸੁਸਤੀ ਦੀ ਗਵਾਹੀ ਦੇ ਰਹੀਆਂ ਹਨ। ਇਨ੍ਹਾਂ ਵਿੱਚੋਂ 6 ਲਾਸ਼ਾਂ ਫਰਵਰੀ ਮਹੀਨੇ ਦੀਆਂ ਹਨ ਅਤੇ 4 ਮਾਰਚ ਦੀਆਂ, ਜਿਨ੍ਹਾਂ ਨੂੰ ਹੁਣ ਤੱਕ ਡਿਸਪੋਜ਼ ਆਫ ਕਰ ਦਿੱਤਾ ਜਾਣਾ ਚਾਹੀਦਾ ਸੀ। 35 ਲਾਸ਼ਾਂ ਦੀ ਸਮਰੱਥਾ ਵਾਲੀ ਇਸ ਮੋਰਚਰੀ ਵਿੱਚ ਹੁਣ ਨਵੀਆਂ ਲਾਸ਼ਾਂ ਰੱਖਣ ਲਈ ਜਗ?ਹਾ ਤਲਾਸ਼ਣੀ ਪ੍ਰਬੰਧਕਾਂ ਲਈ ਟੇਢੀ ਖੀਰ ਸਾਬਤ ਹੋ ਰਹੀ ਹੈ। ਮੋਰਚਰੀ ਹੌਲੀ-ਹੌਲੀ ਅਣਪਛਾਤੀਆਂ ਲਾਸ਼ਾਂ ਨਾਲ ਪੂਰੀ ਤਰ੍ਹਾਂ ਭਰਨ ਦੀ ਕਗਾਰ 'ਤੇ ਹੈ। ਇਨ੍ਹਾਂ ਮ੍ਰਿਤਕਾਂ ਵਿੱਚ ਜ਼ਿਆਦਾਤਰ ਉਹ ਲੋਕ ਹਨ ਜਿਨ੍ਹਾਂ ਦੀ ਇਲਾਜ ਦੌਰਾਨ ਹਸਪਤਾਲ ਵਿੱਚ ਹੀ ਮੌਤ ਹੋਈ ਸੀ, ਜਦੋਂ ਕਿ ਕੁਝ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਕੇ ਇੱਥੇ ਪਹੁੰਚੇ ਸਨ। ਹਸਪਤਾਲ ਪ੍ਰਸ਼ਾਸਨ ਹੁਣ ਇਸ ਕਸ਼ਮਕਸ਼ ਵਿੱਚ ਹੈ ਕਿ ਜੇਕਰ ਪੁਲਿਸ ਨੇ ਜਲਦੀ ਹੀ ਇਨ੍ਹਾਂ ਲਾਵਾਰਿਸਾਂ ਦੀ ਸਾਰ ਨਾ ਲਈ, ਤਾਂ ਆਉਣ ਵਾਲੇ ਦਿਨਾਂ ਵਿਚ ਸਥਿਤੀ ਹੋਰ ਵੀ ਬਦਤਰ ਹੋ ਜਾਵੇਗੀ।

## ਹਜ਼ੂਰ ਸਾਹਿਬ ਮੱਥਾ ਟੇਕਣ ਗਿਆ ਸੀ ਟੱਬਰ, ਮਗਰੋਂ ਨਕਦੀ ਤੇ ਚਾਂਦੀ ਦੇ ਨਾਲ-ਨਾਲ ਟੂਟੀਆਂ ਤਕ ਪੁੱਟ ਕੇ ਲੈ ਗਏ ਚੋਰ

ਲੁਧਿਆਣਾ 25 ਮਾਰਚ। ਮਹਾਨਗਰ ਵਿਚ ਚੋਰਾਂ ਦੇ ਹੌਂਸਲੇ ਇਸ ਕਦਰ ਬੁਲੰਦ ਹੋ ਚੁੱਕੇ ਹਨ ਕਿ ਹੁਣ ਉਹ ਬੰਦ ਘਰਾਂ ਨੂੰ ਨਿਸ਼ਾਨਾ ਬਣਾਉਣ ਤੋਂ ਵੀ ਨਹੀਂ ਝਿਜਕ ਰਹੇ। ਅਜਿਹਾ ਹੀ ਇਕ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਇਕ ਪਰਿਵਾਰ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਮੱਥਾ ਟੇਕਣ ਗਿਆ ਸੀ, ਪਰ ਪਿੱਛੋਂ ਚੋਰਾਂ ਨੇ ਉਨ੍ਹਾਂ ਦੇ ਘਰ ਦੇ ਤਾਲੇ ਤੋੜ ਕੇ ਲੱਖਾਂ ਦੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇ ਦਿੱਤਾ। ਇਸ ਮਾਮਲੇ ਵਿਚ ਥਾਣਾ ਮਾਡਲ ਟਾਊਨ




ਦੀ ਪੁਲਸ ਨੇ ਅਣਪਛਾਤੇ ਲੋਕਾਂ 'ਤੇ ਕੇਸ ਦਰਜ ਕਰ ਲਿਆ ਹੈ। ਘਰ ਦੇ ਮਾਲਕ ਹਰਵਿੰਦਰ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਬੀਤੇ ਦਿਨੀਂ ਪਰਿਵਾਰ ਸਮੇਤ ਘਰ ਨੂੰ ਤਾਲਾ ਲਗਾ ਕੇ ਦਰਸ਼ਨਾਂ ਲਈ ਗਿਆ ਸੀ। ਜਦੋਂ ਉਹ ਵਾਪਸ ਪਰਤਿਆ ਤਾਂ ਘਰ ਦਾ ਨਜ਼ਾਰਾ ਦੇਖ ਕੇ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਘਰ ਦੇ ਮੇਨ ਗੇਟ ਦਾ ਤਾਲਾ ਟੁੱਟਿਆ ਹੋਇਆ ਸੀ ਅਤੇ ਅੰਦਰ ਅਲਮਾਰੀਆਂ ਦਾ ਸਾਰਾ ਸਾਮਾਨ ਖਿੱਲਰਿਆ ਪਿਆ ਸੀ। ਪੀੜਤ ਮੁਤਾਬਕ ਚੋਰ ਘਰੋਂ ਕਰੀਬ 1,50,000 ਰੁਪਏ ਦੀ ਨਕਦੀ, ਜ਼ਰੂਰੀ ਦਸਤਾਵੇਜ਼, 500 ਗ੍ਰਾਮ ਚਾਂਦੀ ਦੇ ਬਰਤਨ, ਕੀਮਤੀ ਕੱਪੜੇ ਅਤੇ ਇੱਥੋਂ ਤੱਕ ਕਿ ਬਾਥਰੂਮ ਦੀਆਂ ਟੂਟੀਆਂ ਤੱਕ ਪੁੱਟ ਕੇ ਲੈ ਗਏ। ਜਦੋਂ ਘਰ ਦੇ ਬਾਹਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਗਈ, ਜਿਸ ਵਿਚ ਦੋ ਅਣਪਛਾਤੇ ਵਿਅਕਤੀ ਚੋਰੀ ਦਾ ਸਾਮਾਨ ਸਮੇਟ ਕੇ ਲੈ ਜਾਂਦੇ ਹੋਏ ਦਿਖਾਈ ਦੇ ਰਹੇ ਹਨ। ਥਾਣਾ ਪੁਲਸ ਨੇ ਫੁਟੇਜ ਨੂੰ ਕਬਜ਼ੇ ਵਿਚ ਲੈ ਕੇ ਚੋਰਾਂ ਦੀ ਸਰਗਰਮੀ ਨਾਲ ਭਾਲ ਸ਼ੁਰੂ ਕਰ ਦਿੱਤੀ ਹੈ।

## ਹੈ ਕੋਈ ਪੰਜਾਬ 'ਚ ਕਾਨੂੰਨ? ਗੈਂਗਸਟਰ ਨੇ ਸਿੱਧਾ ਲਾ ਲਿਆ ਕਾਰੋਬਾਰੀ ਨੂੰ ਫ਼ੋਨ ਤੇ ਮੰਗ ਲਏ 5 ਕਰੋੜ

ਲੁਧਿਆਣਾ 25 ਮਾਰਚ। ਉਦਯੋਗਿਕ ਨਗਰੀ ਲੁਧਿਆਣਾ ਵਿਚ ਇਕ ਵਾਰ ਫ਼?ਰ ਗੈਂਗਸਟਰਾਂ ਦੇ ਨਾਂ 'ਤੇ ਫ਼ਰੌਤੀ ਦਾ ਬਾਜ਼ਾਰ ਗਰਮ ਹੋ ਗਿਆ ਹੈ। ਸ਼ਹਿਰ ਦੇ ਮਸ਼ਹੂਰ ਸੁਨਿਆਰੇ ਤੇ ਬੇਕਰੀ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਕਰੋੜਾਂ ਦੀ ਫ਼?ਰੌਤੀ ਮੰਗੀ ਜਾ ਰਹੀ ਹੈ, ਜਿਸ ਨਾਲ ਵਪਾਰੀਆਂ ਵਿਚ ਦਹਿਸ਼ਤ ਦਾ ਮਾਹੌਲ ਹੈ। ਤਾਜ਼ਾ ਮਾਮਲਿਆਂ ਵਿਚ ਪੁਲਸ ਨੇ ਵੱਖ-ਵੱਖ ਥਾਣਿਆਂ ਵਿਚ ਸ਼ਿਕਾਇਤ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਰਾਫਾ ਬਾਜ਼ਾਰ ਦੇ ਨਾਮੀ ਜਵੈਲਰ ਤੁਸ਼ਾਰਰ ਭੰਡਾਰੀ ਨੂੰ ਧਮਕੀ ਭਰਿਆ ਫ਼ੋਨ ਆਇਆ ਹੈ। ਫ਼ੋਨ ਕਰਨ ਵਾਲੇ ਨੇ ਖ਼ੁਦ ਨੂੰ ਗੈਂਗਸਟਰ ਗੋਲਡੀ ਬਰਾੜ ਦੱਸਿਆ ਤੇ ਸਿੱਧਾ 5 ਕਰੋੜ ਰੁਪਏ ਦੀ ਫ਼?ਰੌਤੀ ਮੰਗ ਲਈ। ਮੁਲਜ਼ਮ ਨੇ ਵਟਸਐਪ 'ਤੇ ਪਿਸਤੌਲ ਵਾਲੇ ਇਮੈਜੀ ਭੇਜ ਕੇ ਤੁਸ਼ਾਰ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਹੈ। ਇਸ ਹਾਈ ਪ੍ਰੋਫ਼ਾਈਲ ਮਾਮਲੇ ਵਿਚ ਪੀ. ਏ. ਯੂ. ਥਾਣੇ ਦੀ ਪੁਲਸ ਨੇ ਕੇਸ ਦਰਜ ਕਰ ਲਿਆ ਹੈ ਤੇ ਤਕਨੀਕੀ ਸੈੱਲਦੀ ਮਦਦ ਨਾਲ ਕਾਲ ਟ?ਰੇਸ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗੈਂਗਸਟਰਾਂ ਦਾ ਖ਼ੌਫ਼ ਸਿਹਫ਼ ਸਰਾਫ਼ਾ ਬਾਜ਼ਾਰ ਤਕ ਸੀਮਤ ਨਹੀਂ ਰਿਹਾ। ਸ਼ਿਵਪੁਰੀ ਰੋਡ ਸਥਿਤ ਬੇਕਰੀ ਦੇ ਮਾਲਕ ਸਤਿੰਦਰ ਵਰਮਾ ਨੂੰ ਵੀ ਧਮਕੀ ਭਰਿਆ ਫ਼ੋਨ ਆਇਆ ਹੈ। ਫ਼ੋਨ ਕਰਨ ਵਾਲੇ ਨੇ ਖ਼ੁਦ ਨੂੰ ਗੋਪੀ ਲਾਹੌਰੀਆ ਦੱਸਿਆ ਤਿ 10 ਲੱਖ ਰੁਪਏ ਦੀ ਫ਼?ਰੌਤੀ ਮੰਗੀ। ਇਸ ਸਬੰਧੀ ਥਾਣਾ ਡਵੀਜ਼ਨ ਨੰਬਰ 4 ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਇਸ ਤੋਂ ਇਲਾਵਾ ਰਾਣੀ ਝਾਂਸੀ ਰੋਡ 'ਤੇ ਸਥਿਤ ਇਕ ਨਾਮੀ ਬੇਕਰੀ ਦੇ ਅੰਬਾਲਾ ਵਾਸੀ ਮੈਨੇਜਰ ਜਤਿੰਦਰ ਨੇ ਵੀ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ। ਮੁਲਜ਼ਮ ਨੇ ਜਤਿੰਦਰ ਨੂੰ ਧਕਮਾਉਂਦਿਆਂ ਕਿਹਾ ਕਿ ਜੇਕਰ ਪੈਸੇ ਨਹੀਂ ਦਿੱਤੇ ਗਏ ਤਾਂ ਬੇਕਰੀ ਦੇ ਸਟਾਫ਼ ਨੂੰ ਜਾਨੋਂ ਮਾਰ ਦਿੱਤਾ ਜਾਵੇਗਾ। ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਡਵੀਜ਼ਨ ਨੰਬਰ 8 ਦੀ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਲੁਟੇਰਿਆਂ ਨੇ ਲੁੱਟ ਲਿਆ ਦੁਕਾਨਦਾਰ ! ਪਿਓ-ਪੁੱਤ 'ਤੇ ਕੀਤਾ ਜਾਨਲੇਵਾ ਹਮਲਾ

**ਕੌਮੀ ਪਤ੍ਰਿਕਾ**

ਲੁਧਿਆਣਾ 25 ਮਾਰਚ। ਉਦਯੋਗਿਕ ਨਗਰੀ ਵਿਚ ਕਾਨੂੰਨ ਵਿਵਸਥਾ ਦੇ ਦਾਅਵਿਆਂ ਦੀ ਪੋਲ ਖੁੱਲ੍ਹਦੀ ਨਜ਼ਰ ਆ ਰਹੀ ਹੈ। ਇੱਥੇ ਬਦਮਾਸ਼ਾਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਹੁਣ ਆਮ ਆਦਮੀ ਦਾ ਸੜਕਾਂ 'ਤੇ ਸੁਰੱਖਿਅਤ ਚੱਲਣਾ ਵੀ ਮੁਸ਼ਕਲ ਹੋ ਗਿਆ ਹੈ। ਤਾਜ਼ਾ ਮਾਮਲਾ ਗਿੱਲ ਪਿੰਡ ਦੇ ਕੋਲ ਸਥਿਤ ਪਿੰਡ ਟੋਬਾ ਵਿਚ ਦੇਖਣ ਨੂੰ ਮਿਲਿਆ, ਜਿੱਥੇ 26 ਫਰਵਰੀ ਦੀ ਰਾਤ ਨੂੰ ਬਾਈਕ ਸਵਾਰ ਪੰਜ ਨਕਾਬਪੋਸ਼ ਲੁਟੇਰਿਆਂ ਨੇ ਇਕ ਡਿਪਾਰਟਮੈਂਟਲ ਸਟੋਰ ਮਾਲਕ ਅਤੇ ਉਨ੍ਹਾਂ ਦੇ ਬੇਟੇ 'ਤੇ ਜਾਨਲੇਵਾ ਹਮਲਾ ਕਰਕੇ ਉਨ੍ਹਾਂ ਦੀ ਐਕਟਿਵਾ ਅਤੇ ਨਕਦੀ ਲੁੱਟ ਲਈ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਜਾਣਕਾਰੀ ਅਨੁਸਾਰ ਅਸ਼ੋਕ ਕੁਮਾਰ ਅਤੇ ਉਨ੍ਹਾਂ ਦਾ ਪੁੱਤਰ ਪੁਨੀਤ ਕੁਮਾਰ ਰੋਜ਼ਾਨਾ ਦੀ ਤਰ੍ਹਾਂ ਰਾਤ ਕਰੀਬ 10 ਵਜੇ ਆਪਣੀ ਦੁਕਾਨ ਬੰਦ ਕਰਕੇ ਕਾਲੇ ਰੰਗ ਦੀ ਐਕਟਿਵਾ 'ਤੇ ਘਰ ਪਰਤ ਰਹੇ ਸਨ। ਜਿਵੇਂ ਹੀ ਉਹ ਟੋਬਾ ਪਿੰਡ ਦੇ ਕੋਲ ਪਹੁੰਚੇ, ਪਿੱਛੇ ਤੋਂ ਦੋ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆਏ ਪੰਜ ਲੁਟੇਰਿਆਂ ਨੇ ਫ਼?ਲਮੀ ਅੰਦਾਜ਼ ਵਿਚ




ਉਨ੍ਹਾਂ ਨੂੰ ਓਵਰਟੇਕ ਕਰਕੇ ਰੋਕ ਲਿਆ। ਇਸ ਦੌਰਾਨ ਲੁਟੇਰਿਆਂ ਨੇ ਪੁਨੀਤ ਕੁਮਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਤਾਬੜਤੋੜ ਹਮਲਾ ਕਰ ਦਿੱਤਾ। ਹਮਲਾ ਇੰਨਾ ਬੇਰਹਿਮ ਸੀ ਕਿ ਪੁਨੀਤ ਦੇ ਸਿਰ ਅਤੇ ਸਰੀਰ 'ਤੇ ਕਰੀਬ 17 ਟਾਂਕੇ ਆਏ ਹਨ ਅਤੇ ਉਹ ਹਸਪਤਾਲ ਵਿਚ ਜ਼ਿੰਦਗੀ ਦੀ ਜੰਗ ਲੜ ਰਿਹਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਪੂਰੀ ਵਾਰਦਾਤ ਕੋਲ ਹੀ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈ ਹੈ। ਫੁਟੇਜ ਵਿਚ ਸਾਫ ਦਿਖ ਰਿਹਾ ਹੈ ਕਿ ਕਿਸ ਤਰ੍ਹਾਂ ਲੁਟੇਰਿਆਂ ਨੇ ਪਿਓ-ਪੁੱਤ ਨੂੰ ਘੇਰਿਆ ਅਤੇ ਕੁੱਟਮਾਰ ਸ਼ੁਰੂ ਕੀਤੀ। ਫੁਟੇਜ ਵਿਚ ਬਦਮਾਸ਼ ਪੁਨੀਤ ਨੂੰ ਘੜੀਸਦੇ ਹੋਏ ਪਿੱਛੇ ਵੱਲ ਲੈ ਜਾਂਦੇ ਦਿਖ ਰਹੇ ਹਨ, ਜਦਕਿ ਉਨ੍ਹਾਂ ਦੇ ਸਾਥੀ ਐਕਟਿਵਾ ਅਤੇ ਨਕਦੀ ਲੈ ਕੇ ਰਫੂਚੱਕਰ ਹੋ ਗਏ। ਸੀ.ਸੀ.ਟੀ.ਵੀ. ਦੇ ਪੁਖ਼ਤਾ ਸਬੂਤ ਹੋਣ ਦੇ ਬਾਵਜੂਦ ਖਾਕੀ ਦੀ ਕਾਰਜਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਘਟਨਾ ਦੇ ਤੁਰੰਤ ਬਾਅਦ ਮਰਾਡੋ ਪੁਲਸ ਚੌਕੀ ਵਿਚ ਗੁਹਾਰ ਲਗਾਈ ਗਈ ਸੀ, ਪਰ ਕਈ ਦਿਨ ਬੀਤ ਜਾਣ ਦੇ ਬਾਵਜੂਦ ਪੁਲਸ ਨੇ ਐੱਫ.ਆਈ.ਆਰ. ਦਰਜ ਕਰਨਾ ਮੁਨਾਸਬ ਨਹੀਂ ਸਮਝਿਆ।

## ਤੇਜ਼ ਰਫਤਾਰ ਮੋਟਰਸਾਈਕਲ ਨੇ ਐਕਟਿਵਾ ਨੂੰ ਮਾਰੀ ਟੱਕਰ, ਦੋ ਵਿਅਕਤੀ ਜ਼ਖਮੀ

ਕਾਦੀਆਂ 25 ਮਾਰਚ। ਕਾਦੀਆਂ ਵਿੱਚ ਇੱਕ ਤੇਜ਼ ਰਫਤਾਰ ਮੋਟਰਸਾਈਕਲ ਵੱਲੋਂ ਐਕਟਿਵਾ ਸਕੂਟਰੀ ਨੂੰ ਟੱਕਰ ਮਾਰਣ ਨਾਲ ਦੋ ਵਿਅਕਤੀ ਜ਼ਖਮੀ ਹੋ ਗਏ। ਘਟਨਾ ਤੋਂ ਬਾਅਦ ਮੋਟਰਸਾਈਕਲ ਸਵਾਰ ਮੌਕੇ ਤੋਂ ਫਰਾਰ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਅਮਰਪ੍ਰੀਤ ਸਿੰਘ ਪੁੱਤਰ ਬਚਨ ਸਿੰਘ ਵਾਸੀ ਸੰਤ ਨਗਰ ਕਾਦੀਆਂ ਨੇ ਦੱਸਿਆ ਕਿ ਠੀਕਰੀਵਾਲ ਰੋਡ ਸਿੱਖ ਨੈਸ਼ਨਲ ਕਾਲਜ ਨੇੜੇ ਉਸਦੀ ਬੇਕਰੀ ਦੀ ਦੁਕਾਨ ਹੈ। ਸ਼ਾਮ ਸਮੇਂ ਉਸਦੇ ਮਾਮਾ ਅਵਤਾਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਪ੍ਰਤਾਪ ਨਗਰ, ਰੇਲਵੇ ਰੋਡ ਕਾਦੀਆਂ ਉਸਨੂੰ ਮਿਲਣ ਆਏ ਹੋਏ ਸਨ। ਜਦੋਂ ਉਹ ਐਕਟੀਵਾ 'ਤੇ ਵਾਪਸ ਜਾ ਰਹੇ ਸਨ ਤਾਂ ਰਸਤੇ ਵਿੱਚ ਇੱਕ ਤੇਜ਼ ਰਫਤਾਰ ਮੋਟਰਸਾਈਕਲ ਸਵਾਰ




ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਟੱਕਰ ਕਾਰਨ ਅਵਤਾਰ ਸਿੰਘ ਅਤੇ ਸਕੂਟਰੀ 'ਤੇ ਬੈਠਿਆ ਹੋਰ ਵਿਅਕਤੀ ਸੜਕ 'ਤੇ ਡਿੱਗ ਕੇ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਹਾਦਸੇ ਤੋਂ ਬਾਅਦ ਮੋਟਰਸਾਈਕਲ ਚਾਲਕ ਆਪਣਾ ਵਾਹਨ ਲੈ ਕੇ ਮੌਕੇ ਤੋਂ ਫਰਾਰ ਹੋ ਗਿਆ। ਇਸ ਸਬੰਧੀ ਪੁਲਸ ਨੂੰ ਸੂਚਿਤ ਕਰਨ 'ਤੇ ਏ.ਐਸ.ਆਈ ਗੁਰਨਾਮ ਸਿੰਘ ਵੱਲੋਂ ਅਮਰਪ੍ਰੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਮੋਟਰਸਾਈਕਲ ਸਵਾਰ ਖਿਲਾਫ ਥਾਣਾ ਕਾਦੀਆਂ ਵਿੱਚ ਮੁਕੱਦਮਾ ਨੰਬਰ 32 ਤਹਿਤ ਧਾਰਾ 281, 125-ਏ, 324(4) ਬੀ.ਐਨ.ਐਸ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਾਂਗਰਸੀ ਵਰਕਰਾਂ ਨੂੰ ਨਗਰ ਕੌਂਸਲ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ

**ਕੌਮੀ ਪਤ੍ਰਿਕਾ**

ਬੁਢਲਾਡਾ 25 ਮਾਰਚ। ਪੰਜਾਬ 'ਚ ਕਿਸੇ ਵੀ ਸਮੇਂ ਨਗਰ ਕੌਂਸਲ ਚੋਣਾਂ ਦਾ ਐਲਾਨ ਹੋ ਸਕਦਾ ਹੈ। ਇਸ ਨੂੰ ਮੱਦੇਨਜ਼ਰ ਰੱਖਦਿਆਂ ਕਾਂਗਰਸ ਪਾਰਟੀ ਬੂਥ ਪੱਧਰ 'ਤੇ ਵਰਕਰਾਂ ਨਾਲ ਤਾਲਮੇਲ ਕਰਕੇ ਚੋਣਾਂ 'ਚ ਉਮੀਦਵਾਰ ਖੜ੍ਹੇ ਕਰੇਗੀ। ਇਹ ਸ਼ਬਦ ਅੱਜ ਇੱਥੇ ਵਰਕਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਕਹੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਵਿਧਾਨ ਸਭਾ ਹਲਕਾ ਇੱਕ ਅਜਿਹਾ ਹਲਕਾ ਹੈ, ਜਿੱਥੇ ਕਾਂਗਰਸ ਪਾਰਟੀ ਦਾ ਵਰਕਰ ਸਭ ਤੋਂ ਵੱਧ ਮਜ਼ਬੂਤ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਸ਼ਹਿਰ ਦੇ 19 ਵਾਰਡਾਂ 'ਚ ਯੋਗ ਜਿੱਤਣ ਵਾਲੇ ਉਮੀਦਵਾਰਾਂ ਨੂੰ ਪਾਰਟੀ ਟਿਕਟ ਦੇਵੇਗੀ। ਉਨ੍ਹਾਂ ਕਿਹਾ ਕਿ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਨੂੰ ਇਨ੍ਹਾਂ ਚੋਣਾਂ 'ਚ ਉਤਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਪਰੋਕਤ ਚੋਣਾਂ 'ਚ ਔਰਤਾਂ ਅਤੇ ਨੌਜਵਾਨ



ਕੁੜੀਆਂ ਨੂੰ ਵੀ ਅੱਗੇ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਦੇ 19 ਵਾਰਡਾਂ 'ਚ ਬੂਥ ਪੱਧਰ ਅਤੇ ਬੂਥ ਕਮੇਟੀਆਂ ਬਣਾਉਣ ਲਈ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਕੌਂਸਲਰ ਹਰਵਿੰਦਰਦੀਪ ਸਿੰਘ ਸਵੀਟੀ ਨੂੰ ਹਦਾਇਤ ਕੀਤੀ ਗਈ ਹੈ ਕਿ ਹਰ ਵਾਰਡ 'ਚ ਸੀਨੀਅਰ ਪਾਰਟੀ ਵਰਕਰਾਂ ਦੇ ਸਹਿਯੋਗ ਨਾਲ ਵਾਰਡ ਸੰਪਰਕ ਮੁਹਿੰਮ ਸ਼ੁਰੂ ਕਰਕੇ ਯੋਗ ਉਮੀਦਵਾਰ ਦੀ ਚੋਣ ਕਰਨ ਅਤੇ ਕਮੇਟੀਆਂ ਦਾ ਗਠਨ ਕਰਨ। ਇਸ ਮੌਕੇ 'ਤੇ ਬੋਲਦਿਆਂ ਕਾਂਗਰਸੀ ਆਗੂ ਸਤਪਾਲ ਸਿੰਘ ਮੂਲੇਵਾਲਾ ਨੇ ਕਿਹਾ ਕਿ ਬੁਢਲਾਡਾ, ਬਰੇਟਾ, ਬੋਹਾ ਤਿੰਨੋ ਨਗਰ ਕੌਂਸਲ ਅਤੇ ਨਗਰ ਪੰਚਾਇਤ ਚੋਣਾਂ ਲਈ ਤਿਆਰ ਬਰ ਤਿਆਰ ਰਹਿਣ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਅੰਦਰ ਕਾਂਗਰਸ ਦੇ ਹੱਕ 'ਚ ਲਹਿਰ ਚੱਲੀ ਹੋਈ ਹੈ। ਮੌਜੂਦਾਂ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਲੋਕਾਂ ਦਾ ਇਨ੍ਹਾਂ ਤੋਂ ਮੋਹ ਭੰਗ ਹੋ ਚੁੱਕਿਆ ਹੈ। ਇਸ ਮੌਕੇ 'ਤੇ ਹਰਬੰਸ ਸਿੰਘ ਖਿੱਪਲ, ਜਗਦੀਸ਼ ਭੋਲਾ, ਕਮਲਇੰਦਰ ਜੈਨ, ਡੀ. ਸੀ. ਕੁਮਾਰ, ਮੇਘਰਾਜ, ਰਾਜੂ ਧੂਫ ਵਾਲਾ, ਅਮਰਨਾਥ ਨੰਦਗੜ੍ਹੀਆ, ਗੁਰਿੰਦਰ ਮੋਹਨ, ਜੋਨੀ ਚਾਹਤ, ਵਿਜੈ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸੀ ਵਰਕਰ ਹਾਜ਼ਰ ਸਨ।

## ਗੋਰਾਇਆ 'ਚ ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ! ਕੁੜੀ ਕਰਕੇ ਹੋਇਆ ਵਿਵਾਦ

ਜਲੰਧਰ/ਗੋਰਾਇਆ 25 ਮਾਰਚ। ਜਲੰਧਰ ਦੇ ਗੋਰਾਇਆ ਕਸਬੇ 'ਚ ਕਾਨੂੰਨ ਵਿਵਸਥਾ ਦੀਆਂ ਧੱਜੀਆਂ ਉਡਾਉਣ ਦਾ ਇਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਮੁੱਖ ਚੌਕ 'ਚ ਕੁਝ ਹਮਲਾਵਰਾਂ ਨੇ ਇਕ ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਜਾਨਲੇਵਾ ਹਮਲਾ ਕਰ ਦਿੱਤਾ। ਇਸ ਘਟਨਾ ਕਾਰਨ ਸਥਾਨਕ ਵਪਾਰੀਆਂ ਅਤੇ ਲੋਕਾਂ ਵਿੱਚ ਭਾਰੀ ਦਹਿਸ਼ਤ ਪਾਈ ਜਾ ਰਹੀ ਹੈ। ਜ਼ਖ਼ਮੀ ਨੌਜਵਾਨ ਦੀ ਪਛਾਣ ਪਿੰਡ ਰਾਜਗੁਮਾਲ ਦੇ ਰਹਿਣ ਵਾਲੇ ਜਸਵਿੰਦਰ ਕੁਮਾਰ (ਪੁੱਤਰ ਦੇਸਰਾਜ) ਵਜੋਂ ਹੋਈ ਹੈ। ਪੀੜਤ ਮੁਤਾਬਕ ਇਹ ਸਾਰਾ ਵਿਵਾਦ ਇਕ ਕੁੜੀ ਨਾਲ ਗੱਲਬਾਤ ਨੂੰ ਲੈ ਕੇ ਸ਼ੁਰੂ ਹੋਇਆ ਸੀ, ਜਿਸ ਸਬੰਧੀ ਪਰਿਵਾਰ 'ਚ ਪਹਿਲਾਂ ਵੀ ਤਕਰਾਰ ਚੱਲ ਰਹੀ ਸੀ। ਜਦੋਂ ਜਸਵਿੰਦਰ ਆਪਣੀ ਕਾਰ ਰਾਹੀਂ ਗੋਰਾਇਆ ਦੇ ਮੁੱਖ ਚੌਕ 'ਤੇ ਪਹੁੰਚਿਆ ਤਾਂ ਉੱਥੇ ਪਹਿਲਾਂ ਤੋਂ ਘਾਤ ਲਗਾ ਕੇ ਬੈਠੇ ਹਮਲਾਵਰਾਂ ਨੇ ਉਸ ਨੂੰ ਘੇਰ ਲਿਆ। ਜਿਵੇਂ ਹੀ ਉਹ ਕਾਰ ਵਿੱਚੋਂ ਬਾਹਰ ਨਿਕਲਿਆ, ਹਮਲਾਵਰਾਂ ਨੇ ਉਸ 'ਤੇ ਲਾਠੀ-ਡੰਡਿਆਂ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਲਹੂ-ਲੁਹਾਨ ਕਰ ਦਿੱਤਾ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਬੜੇ ਆਰਾਮ ਨਾਲ ਮੌਕੇ ਤੋਂ ਫਰਾਰ ਹੋ ਗਏ। ਜ਼ਖ਼ਮੀ ਜਸਵਿੰਦਰ ਨੂੰ ਇਲਾਜ ਲਈ ਤੁਰੰਤ ਸਿਵਲ ਹਸਪਤਾਲ ਲਿਜਾਇਆ ਗਿਆ। ਸ਼ਹਿਰ ਵਾਸੀਆਂ ਅਤੇ ਦੁਕਾਨਦਾਰਾਂ ਨੇ ਪੁਲਸ ਪ੍ਰਸ਼ਾਸਨ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਮੁੱਖ ਚੌਕ 'ਚ ਪੁਲਸ ਮੁਲਾਜ਼ਮ ਅਤੇ ਡਾਇਲ 112 ਦੀ ਗੱਡੀ ਤਾਇਨਾਤ ਰਹਿੰਦੀ ਸੀ, ਪਰ ਹੁਣ ਪੁਲਸ ਦੀ ਗਸ਼ਤ ਘੱਟ ਹੋਣ ਕਾਰਨ ਅਪਰਾਧੀਆਂ ਦੇ ਹੌਸਲੇ ਬੁਲੰਦ ਹੋ ਗਏ ਹਨ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਐੱਸ. ਐੱਚ. ਓ. ਪਰਮਿੰਦਰ ਸਿੰਘ ਥਿੰਦ ਨੇ ਦੱਸਿਆ ਕਿ ਪੁਲਸ ਮਾਮਲੇ ਦੀ ਗੰਭੀਰਤਾ ਨਾਲ ਤਫ਼ਤੀਸ਼ ਕਰ ਰਹੀ ਹੈ।

## ਮੈਨਪੁਰੀ 'ਚ ਮਧੂ-ਮੱਖੀਆਂ ਦਾ ਕਹਿਰ ! ਹਮਲੇ ਕਾਰਨ ਇਕ ਕਿਸਾਨ ਦੀ ਮੌਤ, ਕਈ ਪਿੰਡ ਵਾਸੀ ਜ਼ਖਮੀ

ਨੈਸ਼ਨਲ ਡੈਸਕ 25 ਮਾਰਚ। ਉੱਤਰ ਪ੍ਰਦੇਸ਼ ਦੇ ਮੈਨਪੁਰੀ ਜ਼ਿਲ੍ਹੇ ਵਿੱਚ ਮਧੂ-ਮੱਖੀਆਂ ਦੇ ਇੱਕ ਝੁੰਡ ਵੱਲੋਂ ਕੀਤੇ ਗਏ ਭਿਆਨਕ ਹਮਲੇ ਵਿੱਚ ਇੱਕ ਕਿਸਾਨ ਦੀ ਮੌਤ ਹੋ ਗਈ ਅਤੇ ਕਈ ਹੋਰ ਪਿੰਡ ਵਾਸੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਹਨ। ਪੁਲਸ ਨੇ ਮੰਗਲਵਾਰ ਨੂੰ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਅਪਰ ਪੁਲਸ ਸੁਪਰਡੈਂਟ (ਸਿਟੀ) ਅਰੁਣ ਕੁਮਾਰ ਸਿੰਘ ਅਨੁਸਾਰ, ਇਹ ਘਟਨਾ ਐਲਾਊ ਥਾਣਾ ਖੇਤਰ ਦੇ ਨਗਲਾ ਸੋਤੀ ਪਿੰਡ ਵਿੱਚ ਵਾਪਰੀ। ਸੋਮਵਾਰ ਸ਼ਾਮ ਨੂੰ 60 ਸਾਲਾ ਕਿਸਾਨ ਸਾਹਿਬ ਸਿੰਘ ਕੁਝ ਹੋਰ ਪਿੰਡ ਵਾਸੀਆਂ ਨਾਲ ਆਪਣੇ ਖੇਤ ਵਿੱਚ ਕੰਮ ਕਰ ਰਹੇ ਸਨ। ਅਚਾਨਕ ਮਧੂ-ਮੱਖੀਆਂ ਦੇ ਇੱਕ ਵਿਸ਼ਾਲ ਝੁੰਡ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਆਪਣੀ ਜਾਨ ਬਚਾਉਣ ਲਈ ਕਿਸਾਨਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਮਧੂ-ਮੱਖੀਆਂ ਨੇ ਉਨ੍ਹਾਂ ਦੇ ਪੂਰੇ ਸਰੀਰ 'ਤੇ ਬੁਰੀ ਤਰ੍ਹਾਂ ਡੰਗ ਮਾਰ ਦਿੱਤੇ। ਸਾਹਿਬ ਸਿੰਘ ਨੂੰ ਬੇਹੱਦ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੂਚਨਾ ਮਿਲਣ 'ਤੇ ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਸ ਹਮਲੇ ਵਿੱਚ ਸਾਹਿਬ ਸਿੰਘ ਤੋਂ ਇਲਾਵਾ ਕਈ ਹੋਰ ਲੋਕ ਵੀ ਜ਼ਖਮੀ ਹੋਏ ਹਨ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜ਼ਖਮੀਆਂ ਦਾ ਇਲਾਜ ਵੱਖ-ਵੱਖ ਨਿੱਜੀ ਹਸਪਤਾਲਾਂ ਵਿੱਚ ਚੱਲ ਰਿਹਾ ਹੈ।

## ਪਤਨੀ ਦੀ ਮੌਤ ਤੋਂ ਦੁਖੀ ਵਿਅਕਤੀ ਨੇ ਪੀਤੀ ਸਪਰੇਅ, ਹਾਲਤ ਨਾਜ਼ੁਕ

ਅਬੋਹਰ 25 ਮਾਰਚ। ਨੇੜਲੇ ਪਿੰਡ ਬਹਾਵਵਾਲਾ ਵਾਸੀ ਇੱਕ ਵਿਅਕਤੀ ਨੇ ਪਿਛਲੇ ਮਹੀਨੇ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਮਾਨਸਿਕ ਪਰੇਸ਼ਾਨੀ ਕਾਰਨ ਅੱਜ ਆਪਣੇ ਘਰ 'ਚ ਸਪਰੇਅ ਪੀ ਲਈ। ਉਸਨੂੰ ਉਸਦੇ ਪਰਿਵਾਰ ਵਲੋਂ ਇਲਾਜ ਲਈ ਹਸਪਤਾਲ ਲਿਆਂਦਾ ਗਿਆ ਪਰ ਉਸਦੀ ਹਾਲਤ ਵਿਗੜ ਗਈ ਅਤੇ ਉਸਨੂੰ ਰੈਫ਼ਰ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਜਗਨੰਦਨ (50) ਦੀ ਪਤਨੀ ਪਰਮਜੀਤ ਦੀ ਦੋ ਮਹੀਨੇ ਪਹਿਲਾਂ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਦੱਸਿਆ ਜਾ ਰਿਹਾ ਹੈ ਕਿ ਆਰਥਿਕ ਤੰਗੀ ਕਾਰਨ ਜਗਨੰਦਨ ਨੇ ਪਿੰਡ ਵਾਸੀਆਂ ਦੀ ਮਦਦ ਨਾਲ ਆਪਣੀ ਪਤਨੀ ਦਾ ਕਈ ਮਹੀਨਿਆਂ ਤੱਕ ਇਲਾਜ ਕਰਵਾਇਆ। ਹਾਲਾਂਕਿ, ਉਹ ਉਸਨੂੰ ਬਚਾ ਨਹੀਂ ਸਕਿਆ। ਉਸਦੀ ਮੌਤ ਅਤੇ ਇਲਾਜ ਦੇ ਉੱਚੇ ਖ਼ਰਚੇ ਨੇ ਉਸਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕਰ ਦਿੱਤਾ। ਇਸ ਮਾਨਸਿਕ ਪਰੇਸ਼ਾਨੀ ਕਾਰਨ ਜਗਨੰਦਨ ਨੇ ਅੱਜ ਆਪਣੇ ਘਰ ਵਿੱਚ ਸਪਰੇਅ ਪੀ ਲਈ। ਉਸਦੀ ਹਾਲਤ ਵਿਗੜਦੀ ਦੇਖ ਕੇ ਉਸਦੇ ਪੁੱਤਰ ਸਾਹਿਲ ਨੇ ਉਸਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ। ਜਿੱਥੋ ਮੁੱਢਲੀ ਸਹਾਇਤਾ ਤੋਂ ਬਾਅਦ ਉਸਦੀ ਹਾਲਤ ਗੰਭੀਰ ਦੇਖਦਿਆਂ ਡਾਕਟਰਾਂ ਨੇ ਉਸਨੂੰ ਫਰੀਦਕੋਟ ਰੈਫ਼ਰ ਕਰ ਦਿੱਤਾ।

## ਜਲੰਧਰ ਦੀ ਮਸ਼ਹੂਰ ਦੁਕਾਨ ਦੇ ਸੋਇਆ ਪਨੀਰ 'ਚੋਂ ਨਿਕਲਿਆ ਵਾਲ !

ਜਲੰਧਰ (ਸੋਨੂੰ) 25 ਮਾਰਚ। ਜਲੰਧਰ ਦੀ ਜੌਹਲ ਮਾਰਕੀਟ ਸਥਿਤ ਸੋਇਆ ਟ?ਰੀਟ ਦੀ ਦੁਕਾਨ 'ਤੇ ਉਸ ਸਮੇਂ ਹੰਗਾਮਾ ਮਚ ਗਿਆ ਜਦੋਂ ਇਕ ਗਾਹਕ ਨੇ ਦੋਸ਼ ਲਗਾਇਆ ਕਿ ਉਸ ਨੂੰ ਸੋਇਆ ਪਨੀਰ ਦੇ ਅੰਦਰ ਵਾਲ ਮਿਲੇ ਹਨ। ਇਸ ਘਟਨਾ ਤੋਂ ਬਾਅਦ ਦੁਕਾਨ 'ਤੇ ਗਰਮਾ-ਗਰਮ ਬਹਿਸ ਅਤੇ ਝਗੜਾ ਹੋ ਗਿਆ। ਜਾਣਕਾਰੀ ਮੁਤਾਬਕ ਵਣੀ ਨਾਮ ਦੇ ਇਕ ਗਾਹਕ ਨੇ ਦੱਸਿਆ ਕਿ ਉਸ ਨੇ ਦੁਕਾਨ ਤੋਂ ਸੋਇਆ ਪਨੀਰ ਖ਼ਰੀਦਿਆ ਸੀ ਅਤੇ ਇਸ ਨੂੰ ਘਰ ਲੈ ਗਿਆ ਸੀ। ਜਦੋਂ ਉਸ ਨੇ ਘਰ ਜਾ ਕੇ ਪੈਕਿੰਗ ਖੋਲ੍ਹੀ ਤਾਂ ਅੰਦਰ ਵਾਲ ਵੇਖ ਕੇ ਉਹ ਹੈਰਾਨ ਰਹਿ ਗਿਆ। ਉਹ ਤੁਰੰਤ ਦੁਕਾਨ 'ਤੇ ਸ਼ਿਕਾਇਤ ਕਰਨ ਲਈ ਵਾਪਸ ਆਇਆ। ਗਾਹਕ ਦਾ ਦੋਸ਼ ਹੈ ਕਿ ਜਦੋਂ ਉਸ ਨੇ ਮਾਮਲੇ ਬਾਰੇ ਦੁਕਾਨ ਦੇ ਸਟਾਫ਼ ਨਾਲ ਗੱਲ ਕੀਤੀ ਤਾਂ ਮਸਲਾ ਹੱਲ ਕਰਨ ਦੀ ਬਜਾਏ ਉਨ੍ਹਾਂ ਨੇ ਉਸ ਨਾਲ ਦੁਰਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ। ਸਥਿਤੀ ਤੇਜ਼ੀ ਨਾਲ ਵਿਗੜ ਗਈ, ਜਿਸ ਕਾਰਨ ਦੁਕਾਨ 'ਤੇ ਹੰਗਾਮਾ ਹੋ ਗਿਆ। ਪੀੜਤ ਗਾਹਕ ਨੇ ਮੰਗ ਕੀਤੀ ਹੈ ਕਿ ਪੁਲਸ ਮਾਮਲੇ ਦੀ ਜਾਂਚ ਕਰੇ ਅਤੇ ਭਵਿੱਖ ਵਿੱਚ ਹੋਰ ਗਾਹਕਾਂ ਨਾਲ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਢੁੱਕਵੀਂ ਕਾਰਵਾਈ ਕਰੇ। ਇਸ ਵੇਲੇ ਇਸ ਪੂਰੀ ਘਟਨਾ ਨੇ ਸਥਾਨਕ ਤੌਰ 'ਤੇ ਗਰਮ ਚਰਚਾ ਛੇੜ ਦਿੱਤੀ ਹੈ ਅਤੇ ਲੋਕ ਭੋਜਨ ਦੀ ਗੁਣਵੱਤਾ 'ਤੇ ਸਵਾਲ ਉਠਾ ਰਹੇ ਹਨ।

# ਪੰਜਾਬ 'ਚ ਸ਼ਰੇਆਮ ਗੁੰਡਾਗਰਦੀ, ਘਰ 'ਚ ਦਾਖਲ ਹੋਏ 50 ਵਿਅਕਤੀਆਂ ਨੇ ਚਲਾ'ਤੀਆਂ ਤਾਬੜਤੋੜ ਗੋਲੀਆਂ

**ਕੌਮੀ ਪਤ੍ਰਿਕਾ**

ਤਰਨਤਾਰਨ 25 ਮਾਰਚ। ਤਰਨ ਤਾਰਨ ਅਧੀਨ ਆਉਂਦੇ ਪਿੰਡ ਪਲਾਸੌਰ ਵਿਖੇ ਅੱਜ ਦੁਪਹਿਰ ਇਕ ਪਰਿਵਾਰ ਨੂੰ ਨਸ਼ਾ ਵੇਚਣ ਤੋਂ ਰੋਕਣਾ ਉਸ ਵੇਲੇ ਮਹਿੰਗਾ ਪੈ ਗਿਆ, ਜਦੋਂ ਪਿੰਡ ਦੇ ਕੁਝ ਵਿਅਕਤੀਆਂ ਨੇ ਬਾਹਰੋਂ ਬੁਲਾਏ ਕਰੀਬ ਤਿੰਨ ਦਰਜਨ ਸਾਥੀਆਂ ਸਮੇਤ ਘਰ ਅੰਦਰ ਦਾਖਲ ਹੋ ਕੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਘਰ ਵਿੱਚ ਭਾਰੀ ਭੰਨਤੋੜ ਕੀਤੀ ਅਤੇ ਫਾਇਰਿੰਗ ਵੀ ਕਰ ਦਿੱਤੀ, ਜਿਸ ਦੌਰਾਨ ਘਰ ਦਾ ਇੱਕ ਨੌਜਵਾਨ ਗੋਲੀ ਲੱਗਣ ਨਾਲ ਗੰਭੀਰ ਜ਼ਖ਼ਮੀ ਹੋ ਗਿਆ। ਜ਼ਖਮੀ ਨੂੰ ਪਹਿਲਾਂ ਸਰਕਾਰੀ ਹਸਪਤਾਲ ਤਰਨ ਤਾਰਨ ਲਿਜਾਇਆ ਗਿਆ, ਜਿੱਥੋਂ ਡਾਕਟਰਾਂ ਨੇ ਉਸਦੀ ਗੰਭੀਰ ਹਾਲਤ ਦੇ ਚਲਦਿਆਂ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਰੈਫਰ ਕਰ ਦਿੱਤਾ। ਵਾਰਦਾਤ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸਿਟੀ ਤਰਨ ਤਾਰਨ ਦੇ ਮੁਖੀ ਇੰਸਪੈਕਟਰ ਨਵਦੀਪ ਭੱਟੀ ਸਮੇਤ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਨੂੰ ਕਾਬੂ ਵਿੱਚ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਿੰਡ ਪਲਾਸੌਰ ਦੇ ਨਿਵਾਸੀ ਪ੍ਰਗਟ ਸਿੰਘ ਉਰਫ਼ ਪੱਗਾ ਪੁੱਤਰ ਬਲਦੇਵ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਖੁੱਲ੍ਹੇਆਮ ਚਿੱਟੇ ਦੀ ਵਿਕਰੀ ਹੋ ਰਹੀ ਹੈ, ਜੋ ਕਾਫੀ ਸਮੇਂ ਤੋਂ ਚੱਲ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਨੂੰ ਰੋਕਣ ਵਿੱਚ ਪੁਲਸ ਕਾਮਯਾਬ ਨਹੀਂ ਹੋ ਰਹੀ। ਪ੍ਰਗਟ ਸਿੰਘ ਨੇ ਦੱਸਿਆ ਕਿ ਉਸਦਾ ਭਰਾ ਸਰਵਨ ਸਿੰਘ



ਅਤੇ ਹੋਰ ਪਰਿਵਾਰਕ ਮੈਂਬਰ ਮੁਹੱਲੇ ਵਿੱਚ ਸ਼ਰੇਆਮ ਵਿਕ ਰਹੇ ਨਸ਼ੇ ਦਾ ਲਗਾਤਾਰ ਵਿਰੋਧ ਕਰਦੇ ਆ ਰਹੇ ਹਨ। ਇਸ ਕਾਰਨ ਪਿੰਡ ਦੇ ਕੁਝ ਨੌਜਵਾਨ, ਜੋ ਖੁਦ ਇਸ ਧੰਦੇ ਵਿੱਚ ਸ਼ਾਮਲ ਹਨ, ਉਨ੍ਹਾਂ ਨਾਲ ਰੰਜਿਸ਼ ਰੱਖਦੇ ਹਨ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਦੁਪਹਿਰ ਕਰੀਬ 2 ਵਜੇ ਜਦੋਂ ਉਹ, ਉਸਦਾ ਭਰਾ ਸਰਵਨ ਸਿੰਘ ਅਤੇ ਹੋਰ ਪਰਿਵਾਰਕ ਮੈਂਬਰ ਘਰ ਵਿੱਚ ਮੌਜੂਦ ਸਨ ਤਾਂ ਪਿੰਡ ਦੇ ਕੁਝ ਵਿਅਕਤੀਆਂ ਨੇ ਬਾਹਰੋਂ ਬੁਲਾਏ ਕਰੀਬ ਤਿੰਨ ਦਰਜਨ ਹਥਿਆਰਬੰਦ ਸਾਥੀਆਂ ਨਾਲ ਘਰ ਵਿੱਚ ਦਾਖਲ ਹੋ ਕੇ ਤੋੜਫੋੜ ਸ਼ੁਰੂ ਕਰ ਦਿੱਤੀ। ਉਨ੍ਹਾਂ ਦੋਸ਼ ਲਗਾਇਆ ਕਿ ਹਮਲਾਵਰਾਂ ਨੇ ਘਰ ਦੇ ਸਮਾਨ ਦੀ ਭਾਰੀ ਤਬਾਹੀ ਕੀਤੀ ਅਤੇ ਵਿਰੋਧ ਕਰਨ 'ਤੇ ਫਾਇਰਿੰਗ ਕਰ ਦਿੱਤੀ। ਇਸ ਦੌਰਾਨ ਸਰਵਨ ਸਿੰਘ ਨੂੰ ਗੋਲੀ ਲੱਗ ਗਈ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ। ਪਰਿਵਾਰਕ ਮੈਂਬਰਾਂ ਨੇ ਬੜੀ ਮੁਸ਼ਕਿਲ ਨਾਲ ਆਪਣੀ ਜਾਨ ਬਚਾਈ। ਪ੍ਰਗਟ ਸਿੰਘ ਨੇ ਦੋਸ਼ ਲਗਾਇਆ ਕਿ ਪੁਲਸ ਮੁਲਜ਼ਮਾਂ ਨੂੰ ਫੜਨ ਤੋਂ ਬਾਅਦ ਵੀ ਛੱਡ ਦਿੰਦੀ ਹੈ ਅਤੇ ਪਿੰਡ ਵਿੱਚ ਸ਼ਰੇਆਮ ਚਿੱਟੇ ਦੀ ਵਿਕਰੀ ਹੋ ਰਹੀ ਹੈ, ਜੋ ਪੁਲਸ ਦੀ ਮਿਲੀਭੁਗਤ ਨਾਲ ਚੱਲ ਰਹੀ ਹੈ। ਪਰਿਵਾਰਕ ਮੈਂਬਰਾਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਇਨਸਾਫ਼ ਦੀ ਮੰਗ ਕੀਤੀ ਹੈ। ਇਸ ਖ਼ੂਨੀ ਝਗੜੇ ਤੋਂ ਬਾਅਦ ਪਿੰਡ ਵਿੱਚ ਕਾਫ਼ੀ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਉਧਰ ਇਸ ਸੰਬੰਧੀ ਥਾਣਾ ਸਿਟੀ ਤਰਨ ਤਾਰਨ ਦੇ ਮੁਖੀ ਇੰਸਪੈਕਟਰ ਨਵਦੀਪ ਭੱਟੀ ਨੇ ਦੱਸਿਆ ਕਿ ਮਾਮਲੇ ਦੀ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਦਿੱਤੇ ਜਾਣ ਵਾਲੇ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਮਾਤਾ ਮਨਸਾ ਦੇਵੀ ਮੰਦਰ ਦੀ ਸ਼ਾਨ ਵਧਾਉਣ ਲਈ ਨਵੇਂ ਕਾਰਿਡੋਰ ਦਾ ਨਿਰਮਾਣ ਕੰਮ ਜਾਰੀ : ਮੁੱਖ ਮੰਤਰੀ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਆਪਣੀ ਧਰਮਪਤਨੀ ਸ੍ਰੀਮਤੀ ਸੁਮਨ ਸੈਣੀ ਨਾਲ ਚੇਤ ਨਵਰਾਤੇ ਦੇ ਪਹਿਲੇ ਦਿਨ ਪੰਚਕੂਲਾ ਪਹੁੰਚ ਕੇ ਮਾਤਾ ਮਨਸਾ ਦੇਵੀ ਮੰਦਰ ਵਿੱਚ ਮੱਥਾ ਟੇਕ ਕੇ ਪੂਜਾ-ਪਾਠ ਕੀਤੀ ਅਤੇ ਮਹਾਮਾਈ ਦਾ ਆਸ਼ੀਰਵਾਦ ਲਿਆ ਅਤੇ ਆਹੂਤੀ ਅਰਪਿਤ ਕੀਤੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਮੰਦਰ ਕਾਂਪਲੈਕਸ ਵਿੱਚ ਪੌਧਾਰੋਪਣ ਕਰ ਵਾਤਾਵਰਨ ਸਰੰਖਣ ਦਾ ਸੰਦੇਸ਼ ਵੀ ਦਿੱਤਾ।

ਇਸ ਮੌਕੇ 'ਤੇ ਡਿਪਟੀ ਕਮੀਸ਼ਨਰ ਅਤੇ ਸ੍ਰੀ ਮਾਤਾ ਮਨਸਾ ਦੇਵੀ ਪੂਜਸਥਲ ਬੋਰਡ ਦੇ ਮੁੱਖ ਪ੍ਰਸ਼ਾਸਕ ਸ੍ਰੀ ਸਤਪਾਲ ਸ਼ਰਮਾ ਨੇ ਮੁੱਖ ਮੰਤਰੀ ਨੂੰ ਮਾਤਾ ਮਨਸਾ ਦੇਵੀ ਦਾ ਫੋਟੋ ਅਤੇ ਹਿੰਦੂ ਨਵੇਂ ਸਾਲ ਦਾ ਕੈਲੇਂਡਰ ਸਨਮਾਨ ਵਜੋਂ ਭੇਂਟ ਕੀਤਾ।

ਮੀਡੀਆ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਨੇ ਸੂਬੇਵਾਸੀਆਂ ਨੂੰ ਚੇਤ ਨਵਰਾਤੇ ਅਤੇ ਹਿੰਦੂ ਨਵੇਂਸਾਲ ਦੀ ਸ਼ੁਭਕਾਮਨਾਵਾਂ ਦਿੱਤੀ। ਉਨ੍ਹਾਂ ਨੇ ਕਿਹਾ ਕਿ ਅੱਜ ਉਨ੍ਹਾਂ ਨੇ ਮਾਤਾ ਮਨਸਾ ਦੇਵੀ ਦੇ ਚਰਣਾਂ ਵਿੱਚ ਸੂਬੇਵਾਸੀਆਂ ਦੇ ਸੁੱਖ, ਖੁਸ਼ਹਾਲੀ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ ਹੈ। ਉਨ੍ਹਾਂ ਨੇ ਮਾਤਾ ਅੱਗੇ ਪ੍ਰਾਥਨਾ ਕੀਤੀ ਕਿ ਹਰਿਆਣਾ ਸੂਬਾ ਖੁਸ਼ਹਾਲ ਰਵੇ ਅਤੇ ਲਗਾਤਾਰ ਤਰੱਕੀ ਦੇ ਰਸਤੇ 'ਤੇ ਅੱਗੇ ਵਧੇ।

ਮੁੱਖ ਮੰਤਰੀ ਨੇ ਕਿਹਾ ਕਿ ਨਵਰਾਤੇ ਸਾਡੀ ਖੁਸ਼ਹਾਲ ਸਨਾਤਨ ਸੰਸਕ੍ਰਿਤੀ ਅਤੇ ਸੰਸਕਾਰਾਂ ਦਾ ਪ੍ਰਤੀਕ ਹਨ। ਮਾਤਾ ਮਨਸਾ ਦੇਵੀ ਵਿੱਚ ਸ਼ਰਧਾਲੂਆਂ ਦੀ ਅਸੀਮ ਆਸਥਾ ਹੈ ਅਤੇ ਨਵਰਾਤੇ ਦੌਰਾਨ ਆਪਣੀ ਮਨੋਕਾਮਨਾਵਾਂ ਲੈ ਕੇ ਆਉਂਦੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਇੱਥੇ ਹਨ ਜਿਨ੍ਹਾਂ ਨੂੰ ਮਾਤਾ ਪੂਰੀ ਕਰਦੀ ਹੈ।

ਇਸ ਸੁਆਲ ਦੇ ਉਤਰ ਵਿੱਚ ਮੁੱਖ ਮੰਤਰੀ ਨੇ ਦੱਸਿਆ ਕਿ ਸ੍ਰੀ ਮਾਤਾ ਮਨਸਾ ਦੇਵੀ ਪੂਜਾਸਥਲ ਬੋਰਡ ਵੱਲੋਂ ਮਾਤਾ ਮਨਸਾ ਦੇਵੀ ਮੰਦਰ, ਕਾਲੀ ਮਾਤਾ ਮੰਦਰ, ਕਾਲਕਾ ਅਤੇ ਚੰਡੀ ਮਾਤਾ ਮੰਦਰ ਵਿੱਚ ਕਈ ਵਿਕਾਸ ਕੰਮ ਕਰਾਏ ਜਾ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਮਾਤਾ ਮਨਸਾ ਦੇਵੀ ਮੰਦਰ ਕਾਂਪਲੈਕਸ ਵਿੱਚ ਸੰਚਾਲਿਤ ਸੰਸਕ੍ਰਿਤ ਕਾਲਜ ਦੇ ਨਵੇਂ ਭਵਨ ਦਾ ਨਿਰਮਾਣ ਕੰਮ ਜਾਰੀ ਹੈ। ਇਸ ਦੇ ਇਲਾਵਾ ਮੰਦਰ ਨੂੰ ਸ਼ਾਨਦਾਰ ਰੂਪ ਦੇਣ ਲਈ ਇੱਕ ਨਵੇਂ ਕਾਰੀਡੋਰ ਦਾ ਨਿਰਮਾਣ ਕੰਮ ਵੀ ਤੇਜ ਗਤੀ ਨਾਲ ਚਲ ਰਿਹਾ ਹੈ ਜਿਸ ਵਿੱਚ ਲਿਫਟ ਅਤੇ ਐਸਕੇਲੇਟਰ ਦੀ ਸਹੂਲਤ ਮੁਹੱਈਆ ਕਰਾਈ ਜਾਵੇਗੀ। ਨਾਲ ਹੀ ਕਾਲੀ ਮਾਤਾ ਮੰਦਰ ਕਾਲਕਾ ਅਤੇ ਚੰਡੀ ਮਾਤਾ ਮੰਦਰ, ਚੰਡੀਮੰਦਰ ਦਾ ਵੀ ਜੀਰਣੋਧਾਰ ਕੀਤਾ ਜਾ ਰਿਹਾ ਹੈ।

ਇਸ ਤੋਂ ਬਾਅਦ ਮੁੱਖ ਮੰਤਰੀ ਨੇ ਮੰਦਰ ਕਾਂਪਲੈਕਸ ਵਿੱਚ ਸ੍ਰੀ ਮਾਤਾ ਮਨਸਾ ਦੇਵੀ ਪੂਜਾ ਸਥਲ ਬੋਰਡ, ਜ਼ਿਲ੍ਹਾ ਰੈਡਕਰਾਸ ਸੋਸਾਇਟੀ ਪੰਚਕੂਲਾ ਅਤੇ ਸ੍ਰੀ ਸ਼ਿਵ ਕਾਂਵੜ ਮਹਾਸੰਘ ਚੈਰੀਟੇਬਲ ਟ੍ਰਸਟ ਪੰਚਕੂਲਾ ਵੱਲੋਂ ਆਯੋਜਿਤ ਬਲੱਡ ਡੋਨੇਸ਼ਨ ਜਾਗਰੂਕਤਾ ਸ਼ਿਵਿਰ ਵਿੱਚ ਪਹੁੰਚ ਕੇ ਬਲੱਡ ਡੋਨਰਾਂ ਨੂੰ ਬੈਜ ਲਗਾ ਕੇ ਉਨ੍ਹਾਂ ਦਾ ਹੌਂਸਲਾ ਵਧਾਇਆ।

ਇਸ ਮੌਕੇ 'ਤੇ ਵਧੀਕ ਡਿਪਟੀ ਕਮੀਸ਼ਨਰ ਅਤੇ ਸ੍ਰੀ ਮਾਤਾ ਮਨਸਾ ਦੇਵੀ ਪੂਜਾਸਥਲ ਬੋਰਡ ਦੀ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀਮਤੀ ਨਿਸ਼ਾ ਯਾਦਵ, ਪੁਲਿਸ ਡਿਪਟੀ ਕਮੀਸ਼ਨਰ ਸ੍ਰੀਮਤੀ ਸ੍ਰਿਸ਼ਟੀ ਗੁਪਤਾ, ਹਰਿਆਣਾ ਮਹਿਲਾ ਆਯੋਗ ਦੀ ਚੇਅਰਮੈਨ ਸ੍ਰੀਮਤੀ ਰੇਣੂ ਭਾਟਿਆ, ਹਰਿਆਣਾ ਵਿਧਾਨਸਭਾ ਦੇ ਸਾਬਕਾ ਸਪੀਕਰ ਸ੍ਰੀ ਗਿਆਨਚੰਦ ਗੁਪਤਾ, ਸੂਬਾ ਡਿਪਟੀ ਸਪੀਕਰ ਸ੍ਰੀਮਤੀ ਬੰਤੋ ਕਟਾਰਿਆ, ਜ਼ਿਲ੍ਹਾ ਪ੍ਰਧਾਨ ਸ੍ਰੀ ਅਜੈ ਮਿੱਤਲ, ਸ਼ਿਵਾਲਿਕ ਵਿਕਾਸ ਬੋਰਡ ਦੇ ਡਿਪਟੀ ਪ੍ਰਧਾਨ ਸ੍ਰੀ ਓਮਪ੍ਰਕਾਸ਼ ਦੇਵੀਨਗਰ, ਸਾਬਕਾ ਮੇਅਰ ਸ੍ਰੀ ਕੁਲਭੂਸ਼ਣ ਗੋਇਲ, ਸ੍ਰੀ ਸ਼ਿਆਮਲਾਲ ਬੰਸਲ, ਮਾਤਾ ਮਨਸਾ ਦੇਵੀ ਸ਼ਾਇਨ ਬੋਰਡ ਦੀ ਸਕੱਤਰ ਸ੍ਰੀਮਤੀ ਸ਼ਾਰਦਾ ਪ੍ਰਜਾਪਤੀ , ਮੁੱਖ ਮੰਤਰੀ ਦੇ ਮੀਡੀਆ ਸਕੱਤਰ ਸ੍ਰੀ ਪ੍ਰਵੀਣ ਅੱਤਰੇ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।

## ਗੈਰ-ਸੰਚਾਰੀ ਰੋਗਾਂ ਵਿਰੁਧ ਤੇਜ ਕੀਤੇ ਕਦਮ : ਆਰਤੀ ਸਿੰਘ ਰਾਓ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਸ੍ਰੀਮਤੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਰਾਜ ਸਰਕਾਰ ਗੈਰ-ਸੰਚਾਰੀ ਰੋਗਾਂ ਜਿਨ੍ਹਾਂ ਵਿੱਚ ਦਿਲ ਸਬੰਧੀ ਬੀਮਾਰੀਆਂ ਵੀ ਸ਼ਾਮਲ ਹਨ ਦੀ ਰੋਕਥਾਮ ਅਤੇ ਕੰਟ ?ੋਲ ਲਈ ਵਿਆਪਕ ਪੱਧਰ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਬੀਮਾਰੀਆਂ ਦੀ ਰੋਕਥਾਮ ਅਤੇ ਕੰਟ ?ੋਲ ਲਈ ਰਾਸ਼ਟਰੀ ਪ੍ਰੋਗਰਾਮ ਨੂੰ ਰਾਜ ਦੇ ਸਾਰੇ 22 ਜ਼ਿਲ੍ਹਾਂ ਵਿੱਚ ਲਾਗੂ ਕੀਤਾ ਗਿਆ ਹੈ।

ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਇਸ ਪ੍ਰੋਗਰਾਮ ਤਹਿਤ ਸਾਰੇ 22 ਜ਼ਿਲ੍ਹਿਆਂ ਵਿੱਚ ਐਨਸੀਡੀ ਕਲਿਨਿਕ ਸਥਾਪਿਤ ਕੀਤੇ ਗਏ ਹਨ। ਇਸ ਦੇ ਇਲਾਵਾ, 170 ਸਬ-ਡਿਵਿਜਨਲ ਜ਼ਿਲ੍ਹਾ ਹਸਪਤਾਲਾਂ ਅਤੇ ਕਮਯੂਨਿਟੀ ਸਿਹਤ ਕੇਂਦਰਾਂ ਅਤੇ 292 ਪ੍ਰਾਥਮਿਕ ਸਿਹਤ ਕੇਂਦਰਾਂ ਵਿੱਚ ਵੀ ਐਨਸੀਡੀ ਕਲਿਨਿਕ ਸੰਚਾਲਿਤ ਕੀਤੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਨੇੜੇ ਸਿਹਤ ਸਹੂਲਤਾਂ ਮੁਹੱਈਆ ਕਰਾਈ ਜਾ ਸਕੇ।

ਸਿਹਤ ਮੰਤਰੀ ਨੇ ਦੱਸਿਆ ਕਿ ਰਾਜ ਦੇ ਸਾਰੇ ਸਿਹਤ ਸੰਸਥਾਨਾਂ ਵਿੱਚ 30 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ ਦੀ ਗੈਰ-ਸੰਚਾਰੀ ਰੋਗਾਂ ਲਈ ਸਕ੍ਰੀਨਿੰਗ ਕੀਤੀ ਜਾ ਰਹੀ ਹੈ। ਇਸ ਸਕ੍ਰੀਨਿੰਗ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਮੂੰਹ, ਛਾਤੀ ਅਤੇ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਵਰਗੀਆਂ ਬੀਮਾਰੀਆਂ ਸ਼ਾਮਲ ਹਨ ਜਿਸ ਨਾਲ ਸਮੇ ਰਹਿੰਦੇ ਪਛਾਣ ਅਤੇ ਇਲਾਜ ਸੰਭਵ ਹੋ ਸਕੇ।ਰਾਸ਼ਟਰੀ ਐਨਸੀਡੀ ਪੋਰਟਲ 'ਤੇ 31 ਜਨਵਰੀ 2026 ਤੱਕ ਉਪਲਬਧ ਅੰਕੜਿਆਂ ਅਨੁਸਾਰ ਰਾਜ ਵਿੱਚ ਕੁੱਲ੍ਹ 1,01,24,147 ਲੋਕਾਂ ਦੀ ਸਕ੍ਰੀਨਿੰਗ ਕੀਤੀ ਜਾ ਚੁੱਕੀ ਹੈ। ਇਨ੍ਹਾਂ ਵਿੱਚੋਂ 8,62,764 ਹਾਈ ਬਲੱਡ ਪ੍ਰੈਸ਼ਰ ਨਾਲ ਪੀੜਤ ਵਿਅਕਤੀਆਂ ਦਾ ਇਲਾਜ ਸ਼ੁਰੂ ਕੀਤਾ ਗਿਆ ਹੈ ਜੋ ਸਰਕਾਰ ਦੇ ਸਰਗਰਮ ਯਤਨਾਂ ਨੂੰ ਦਰਸ਼ਾਉਂਦਾ ਹੈ।

ਆਰਤੀ ਸਿੰਘ ਰਾਓ ਨੇ ਦੱਸਿਆ ਕਿ ਰਾਜ ਜਰੂਰੀ ਦਵਾ ਲਿਸਟ ਅਨੁਸਾਰ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਸਬੰਧੀ ਬੀਮਾਰੀਆਂ ਦੇ ਇਲਾਜ ਲਈ ਜਰੂਰੀ ਦਵਾਈਆਂ ਜ਼ਿਲ੍ਹਿਆਂ ਵਿੱਚ ਉਪਲਬਧ ਕਰਾਈ ਜਾ ਰਹੀ ਹੈ। ਨਾਲ ਹੀ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਮਾਡਲ ਤਹਿਤ ਅੰਬਾਲਾ, ਫਰੀਦਾਬਾਦ, ਗੁਰੂਗ੍ਰਾਮ ਅਤੇ ਪੰਚਕੂਲਾ ਦੇ ਜ਼ਿਲ੍ਹਾ ਨਾਗਰਿਕ ਹਸਪਤਾਲਾਂ ਵਿੱਚ ਕੈਥ ਲੈਬ ਅਤੇ ਕਾਰਡਿਅਕ ਸੇਂਟਰ ਜਿਹੀ ਸੁਪਰ ਸਪੇਸ਼ਿਲਿਟੀ ਸੇਵਾਵਾਂ ਸਥਾਪਿਤ ਕੀਤੀ ਗਈਆਂ ਹਨ।

ਉਨ੍ਹਾਂ ਨੇ ਕਿਹਾ ਕਿ ਸਿਹਤ ਵਿਭਾਗ ਗੈਰ-ਸੰਚਾਰੀ ਰੋਗਾਂ ਦੇ ਵੱਧਦੇ ਬੋਝ ਨੂੰ ਘੱਟ ਕਰਨ ਲਈ ਇਨ੍ਹਾਂ ਦੀ ਰੋਕਥਾਮ 'ਤੇ ਵਿਸ਼ੇਸ਼ ਧਿਆਨ ਦੇ ਰਿਹਾ ਹੈ। ਲੋਕਾਂ ਨੂੰ ਪ੍ਰਮੁੱਖ ਜੋਖਿਮ ਕਾਰਕਾਂ ਤੋਂ ਬਚਣ ਅਤੇ ਸਿਹਤ ਜੀਵਨਸ਼ੈਲੀ ਅਪਨਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਕਮਯੂਨਿਟੀ ਪੱਧਰ 'ਤੇ ਜਾਗਰੂਕਤਾ ਵਧਾਉਣ ਲਈ ਹਰ ਸਾਲ ਰਾਸ਼ਟਰੀ ਅਤੇ ਕੌਮਾਂਤਰੀ ਗੈਰ-ਸੰਚਾਰੀ ਰੋਗ ਜਾਗਰੂਕਤਾ ਦਿਵਸ ਵੀ ਮਨਾਏ ਜਾਂਦੇ ਹਨ।ਸਿਹਤ ਮੰਤਰੀ ਨੇ ਦੁਹਰਾਇਆ ਕਿ ਸਰਕਾਰ ਸ਼ੁਰੂਆਤੀ ਜਾਂਚ, ਬੇਹਤਰ ਇਲਾਜ ਅਤੇ ਵਿਆਪਕ ਜਾਗਰੂਕਤਾ ਰਾਹੀਂ ਸੂਬੇ ਨੂੰ ਗੈਰ-ਸੰਚਾਰੀ ਰੋਗਾਂ ਤੋਂ ਮੁਕਤ ਕਰਨ ਲਈ ਪ੍ਰਤੀਬੱਧ ਹੈ।



## ਹਰਿਆਣਾ ਮੈਟਰੋ ਨੇ ਫੜੀ ਰਫਤਾਰ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਸ਼ਹਿਰੀ ਟ ?ਾਂਸਪੋਰਟ ਨੈਟਵਰਕ ਨੇ ਵਰਨਣਯੋਗ ਪ੍ਰਗਤੀ ਦਰਜ ਕੀਤੀ ਹੈ। ਸਾਲ 2025-26 ਵਿੱਚ ਮੈਟਰੋ ਯਾਤਰੀਆਂ ਦੀ ਗਿਣਤੀ ਵਿੱਚ 13.55 ਫੀਸਦੀ ਦਾ ਵਾਧਾ ਹੋਇਆ ਹੈ, ਜੋ ਪਬਲਿਕ ਟ ?ਾਂਸਪੋਰਟ ਦੇ ਵੱਲ ਯਾਤਰੀਆਂ ਦੇ ਵੱਧਦੇ ਭਰੋਸੇ ਅਤੇ ਸਪਸ਼ਟ ਰੁਝਾਨ ਨੂੰ ਦਰਸ਼ਾਉਂਦਾ ਹੈ।

ਇਹ ਉਪਲਬਧਤੀ ਅੱਜ ਇੱਥੇ ਮੁੱਖ ਸਕੱਤਰ ਅਤੇ ਐਚਐਮਆਰਟੀਸੀ ਦੇ ਚੇਅਰਮੈਨ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਹੋਈ ਹਰਿਆਣਾ ਮਾਸ ਰੈਪਿਡ ਟ ?ਾਂਸਪੋਰਟ ਕਾਰਪੋਰੇਸ਼ਨ (ਐਚਐਮਆਰਟੀਸੀ) ਬੋਰਡ ਦੀ 64ਵੀਂ ਮੀਟਿੰਗ ਦੌਰਾਨ ਸਾਹਮਣੇ ਆਈ।

ਅਪ੍ਰੈਲ, 2025 ਤੋਂ ਫਰਵਰੀ 2026 ਦੇ ਵਿੱਚ ਮੈਟਰੋ ਨੈਟਵਰਕ ਦੀ ਵਰਤੋਂ ਕਰਨ ਵਾਲੇ ਯਾਤਰੀਆਂ ਦੀ ਗਿਣਤੀ 1.74 ਕਰੋੜ ਤੋਂ ਵੱਧ ਰਹੀ, ਜਦੋਂ ਕਿ ਪਿਛਲੇ ਸਾਲ ਇਸੀ ਮਿਆਦ ਵਿੱਚ ਇਹ ਅੰਕੜਾ 1.53 ਕਰੋੜ ਸੀ।ਜੁਲਾਈ ਮਹੀਨੇ ਵਿੱਚ ਸੱਭ ਤੋਂ ਵੱਧ 22.93 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ, ਜਦੋਂ ਕਿ ਹੋਰ ਸਾਰੇ ਮਹੀਨਿਆਂ ਵਿੱਚ ਵੀ ਸਕਾਰਾਤਮਕ ਵਾਧਾ ਰਿਹਾ। ਇਹ ਪਰਿਚਾਲਨ ਦੀ ਭਰੋਸੇਯੋਗਤਾ, ਸੇਵਾਵਾਂ ਵਿੱਚ ਸੁਧਾਰ ਅਤੇ ਯਾਤਰੀਆਂ ਦੀ ਵੱਧਦੀ ਪ੍ਰਾਥਮਿਕਤਾ ਨੂੰ ਦਰਸ਼ਾਉਂਦਾ ਹੈ।ਵਿੱਤੀ ਦ੍ਰਿਸ਼ਟੀ ਨਾਲ ਵੀ ਐਚਐਮਆਰਟੀਸੀ ਦਾ ਪ੍ਰਦਰਸ਼ਨ ਉਤਸ਼ਾਹਜਨਕ ਰਿਹਾ ਹੈ। ਜਨਵਰੀ, 2026 ਤੱਕ ਕਿਰਾਇਆ ਮਾਲ ਵਿੱਚ 12.64 ਫੀਸਦੀ ਦਾ ਵਾਧਾ ਹੋਇਆ ਹੈ। ਉੱਥੇ ਹੀ, ਗੈਰ ਕਿਰਾਇਆ ਮਾਲ ਵਿੱਚ 108 ਫੀਸਦੀ ਦਾ ਵਰਨਣਯੋਗ ਵਾਧਾ ਦਰਜ ਕੀਤਾ ਗਿਆ ਹੈ। ਇਹ ਵਾਧਾ ਸਟੇਸ਼ਨ ਪਰਿਸਰਾਂ ਦੇ ਬਿਹਤਰ ਵਰਤੋਂ, ਇਸ਼ਤਿਹਾਰ ਅਤੇ ਵਪਾਰਕ ਗਤੀਵਿਧੀਆਂ ਤੋਂ ਪ੍ਰੇਰਿਤ ਆਮਦਨ ਦੇ ਕਾਰਨ ਸੰਭਵ ਹੋਇਆ ਹੈ। ਸਟੇਸ਼ਨਾਂ ਦੇ ਨਾਮਕਰਨ ਅਧਿਕਾਰਾਂ ਦੀ ਨੀਲਾਮੀ ਅਤੇ ਵੱਧ ਇਸ਼ਤਿਹਾਰ ਥਾਵਾਂ ਦੇ ਵਿਕਾਸ ਵਰਗੀ ਪਹਿਲਾਂ ਨਾਲ ਐਚਐਮਆਰਟੀਸੀ ਦੀ ਮਾਲੀ ਸਥਿਤੀ ਨੂੰ ਹੋਰ ਮਜਬੂਤੀ ਮਿਲਣ ਦੀ ਉਮੀਦ ਹੈ।

ਮੀਟਿੰਗ ਦੀ ਅਗਵਾਈ ਕਰਦੇ ਹੋਏ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਕਿਹਾ ਕਿ ਯਾਤਰੀਆਂ ਦੀ ਗਿਣਤੀ ਅਤੇ ਮਾਲ ਵਿੱਚ ਲਗਾਤਾਰ ਵਾਧਾ ਹਰਿਆਣਾ ਦੀ ਸਮੇਕਿਤ ਟ ?ਾਂਸਪੋਰਟ ਰਣਨੀਤੀ ਦੀ ਸਫਲਤਾ ਨੂੰ ਦਰਸ਼ਾਉਂਦਾ ਹੈ। ਉਨ੍ਹਾਂ ਨੇ ਪਰਿਯੋਜਨਾਵਾਂ ਦੇ ਸਮੇਂਬੱਧ ਲਾਗੂ ਕਰਨ, ਵੱਖ-ਵੱਖ ਏਜੰਸੀਆਂ ਦੇ ਵਿੱਚ ਤਾਲਮੇਲ ਅਤੇ ਯਾਤਰੀਆਂ ਨੂੰ ਕੇਂਦਰ ਵਿੱਚ ਰੱਖ ਕੇ ਸੇਵਾਵਾਂ ਪ੍ਰਦਾਨ ਕਰਨ 'ਤੇ ਲਗਾਤਾਰ ਧਿਆਨ ਦੇਣ ਦੇ ਨਿਰਦੇਸ਼ ਦਿੱਤੇ।

ਐਚਐਮਆਰਟੀਸੀ ਦੇ ਪ੍ਰਬੰਧ ਨਿਦੇਸ਼ਕ ਸ੍ਰੀ ਚੰਦਰ ਸ਼ੇਖਰ ਖਰੇ ਨੇ ਦਸਿਆ ਕਿ ਪਰਿਚਾਲਨ ਉਪਲਬਧੀਆਂ ਦੇ ਨਾਲ-ਨਾਲ ਰਾਜ ਵਿੱਚ ਮੈਟਰੋ ਅਤੇ ਖੇਤਰੀ ਟ ?ਾਂਸਪੋਰਟ ਪਰਿਯੋਜਨਾਵਾਂ 'ਤੇ ਵੀ ਲਗਾਤਾਰ ਪ੍ਰਗਤੀ ਹੋ ਰਹੀ ਹੈ।

ਗੁਰੂਗ੍ਰਾਮ ਦੇ ਸੈਕਟਰ-56 ਤੋਂ ਪੰਜਗਾਓਂ ਤੱਕ ਮੈਟਰੋ ਕਨੈਕਟੀਵਿਟੀ 'ਤੇ ਤੇਜੀ ਨਾਲ ਵਿਚਾਰ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਐਚਐਸਆਈਆਈਡੀਸੀ ਵੱਲੋਂ ਵਿਸਤਾਰ ਪਰਿਯੋਜਨਾ ਰਿਪੋਰਟ (ਡੀਪੀਆਰ) ਅਤੇ ਲੇਆਉਟ ਪਲਾਨ ਦਾ ਅਧਿਐਨ ਕੀਤਾ ਜਾ ਰਿਹਾ ਹੈ ਅਤੇ ਸਿਹੀ ਪਿੰਡ ਦੇ ਨੇੜੇ ਸੈਕਟਰ -36ਏ ਵਿੱਚ ਡਿਪੋ ਲਈ ਥਾਂ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ। ਉੱਥੇ ਹੀ ਬਲੱਭਗੜ੍ਹ-ਪਲਵਲ ਮੈਟਰੋ ਵਿਸਤਾਰ ਪਰਿਯੋਜਨਾ ਦੀ ਟੇਕਨੋ-ਫਿਜੀਬਿਲਿਟੀ ਦਾ ਮੁਲਾਂਕਣ ਰਾਇਟਸ ਵੱਲੋਂ ਕੀਤਾ ਜਾ ਰਿਹਾ ਹੈ। ਬਹਾਦੁਰਗੜ੍ਹ- ਆਸੌਧਾ ਕਨੈਕਟੀਵਿਟੀ ਲਈ ਵੀ ਇੱਕ ਨਵਾਂ ਅਧਿਐਨ ਕੀਤਾ ਜਾ ਰਿਹਾ ਹੈ, ਕਿਉਂਕਿ ਐਚਆਰਆਈਡੀਸੀ ਵੱਲੋਂ ਔਧਾ ਵਿੱਚ ਨਵਾਂ ਇੰਟਰਚੇਂਜ ਸਟੇਸ਼ਨ ਵਿਕਸਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ, ਤਾਂ ਜੋ ਯਾਤਰੀਆਂ ਦੀ ਗਿਣਤੀ ਵਿੱਚ ਵਾਧਾ ਹੋ ਸਕੇ।

ਗੁਰੂਗ੍ਰਾਮ-ਫਰੀਦਾਬਾਦ ਨਮੋ ਭਾਰਤ ਕੋਰੀਡੋਰ ਨੇ ਇੱਕ ਮਹਤੱਵਪੂਰਣ ਉਪਲਬਧੀ ਹਾਸਲ ਕੀਤੀ ਹੈ। ਸੂਬਾ ਸਰਕਾਰ ਵੱਲੋਂ ਇਸ ਦੀ ਅਲਾਇਨਮੇਂਟ ਅਤੇ ਸਟੇਸ਼ਨਾਂ ਦੇ ਥਾਂਵਾਂ ਨੂੰ ਅੰਤਮ ਰੂਪ ਦੇ ਕੇ ਅਨੁਮੋਦਿਤ ਕੀਤਾ ਜਾ ਚੁੱਕਾ ਹੈ ਅਤੇ ਐਨਸੀਆਰਟੀਸੀ ਵੱਲੋਂ ਡੀਪੀਆਰ ਤਿਆਰ ਕੀਤੀ ਜਾ ਰਹੀ ਹੈ।

ਦਿੱਲੀ-ਕੁੰਡਨੀ ਮੈਟਰੋ ਵਿਸਤਾਰ ਪਰਿਯੋਜਲਾ ਨੂੰ ਮੰਜੂਰੀ ਲਈ ਹਰਿਆਣਾ ਕੈਬਨਿਯ ਦੀ ਅਗਾਮੀ ਮੀਟਿੰਗ ਵਿੱਚ ਪੇਸ਼ ਕੀਤਾ ਜਾਣਾ ਪ੍ਰਸਤਾਵਿਤ ਹੈ।

ਦਿੱਲੀ-ਸੋਨੀਪਤ-ਕਰਨਾਲ ਆਰਆਰਟੀਐਸ ਕੋਰੀਡੋਰ (136.3 ਕਿਲੋਮੀਟਰ) 'ਤੇ ਵੀ ਪ੍ਰਗਤੀ ਹੋਈ ਹੈ। ਇਸੀ ਸੋਧ ਡੀਪੀਆਰ ਦੀ ਵਿੱਤੀ ਮੰਜੂਰੀ ਦੇ ਲਈ ਪੇਸ਼ ਕੀਤਾ ਗਿਆ ਹੈ, ਜਿਸ ਦੇ ਬਾਅਦ ਇਸ ਹਰਿਆਣਾ ਕੈਬਨਿਟ ਦੇ ਸਾਹਮਣੇ ਰੱਖਿਆ ਜਾਵੇਗਾ।ਇਸ ਤੋਂ ਇਲਾਵਾ, ਦਿੱਲੀ-ਬਾਵਲ ਆਰਆਰਟੀਐਸ ਕੋਰੀਡੋਰ ਨੂੰ ਪੀਆਈਬੀ ਪੱਧਰ 'ਤੇ ਮੰਜੂਰੀ ਪ੍ਰਾਪਤ ਹੋ ਚੁੱਕੀ ਹੈ ਅਤੇ ਇਹ ਕੇਂਦਰ ਸਰਕਾਰ ਦੇ ਵਿਚਾਰਧੀਨ ਹੈ।

ਗੁਰੂਗ੍ਰਾਮ ਸ਼ਹਿਰ ਦੇ ਅੰਦਰ ਵੀ ਪ੍ਰਮੁੱਖ ਅੰਦੁਰਣੀ ਮੇਟਰੋ ਕੋਰੀਡੋਰ ਦੇ ਲਈ ਡੀਪੀਆਰ ਤਿਆਰ ਕਰਨ ਨੂੰ ਮੰਜੂਰੀ ਦਿੱਤੀ ਗਈ ਹੈ।ਇਨ੍ਹਾਂ ਵਿੱਚ 17.09 ਕਿਲੋਮੀਟਰ ਲੰਬਾ ਭੋਂਡਸੀ-ਸੁਭਾਸ਼ ਚੌਕ-ਰਾਜੀਵ ਚੌਕ-ਸੋਹਨਾ ਚੌਕ-ਰੇਲਵੇ ਸਟੇਸ਼ਨ ਕੋਰੀਡੋਰ ਸ਼ਾਮਿਲ ਹੈ, ਜਿਸ ਨਾਲ ਸੋਹਨਾ ਰੋਡ ਖੇਤਰ ਵਿੱਚ ਕਨੈਕਟੀਵਿਟੀ ਹੋਰ ਮਜਬੂਤ ਹੋਵੇਗੀ।

## ਪੀਐਮ-ਆਰਕੇਵੀਵਾਈ: ਹਰਿਆਣਾ ਲਈ 1122 ਕਰੋੜ ਦੀ ਖੇਤੀਬਾੜੀ ਕਾਰਜਯੋਜਨਾ ਮੰਜ਼ੂਰ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਰਾਸ਼ਟਰੀ ਖੇਤੀਬਾੜੀ ਵਿਕਾਸ ਯੋਜਨਾ (ਪੀਐਮ-ਆਰਕੇਵੀਵਾਈ) ਤਹਿਤ ਹਰਿਆਣਾ ਰਾਜ ਪੱਧਰੀ ਮੰਜੂਰੀ ਕਮੇਟੀ (ਐਸਐਲਐਸਸੀ) ਨੇ ਵਿੱਤ ਸਾਲ 2026-27 ਲਈ ਲਗਭਗ 1122 ਕਰੋੜ ਰੁਪਏ ਦੀ ਵਿਆਪਕ ਸਾਲਾਨਾ ਪਰਿਯੋਜਨਾ ਨੂੰ ਮੰਜੂਰੀ ਦਿੱਤੀ ਹੈ।

ਇਹ ਫੈਸਲਾ ਅੱਜ ਇੱਥੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਦੌਰਾਨ ਮੌਜੂਦਾ ਵਿੱਚ ਚੱਲ ਰਹੀ ਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ ਅਤੇ ਅਗਾਮੀ ਸਾਲ 2026-27 ਲਈ ਕਾਰਜਯੋਜਨਾ ਨੂੰ ਅੰਤਮ ਰੂਪ ਦਿੱਤਾ ਗਿਆ। ਇਸ ਕਾਰਜਯੋਜਨਾ ਦਾ ਉਦੇਸ਼ ਖੇਤੀਬਾੜੀ ਉਤਪਾਦਕਤਾ ਵਧਾਉਣਾ, ਲਗਾਤਾਰ ਖੇਤੀਬਾੜੀ ਪੱਧਤੀਆਂ ਨੂੰ ਪ੍ਰੋਤਸਾਹਨ ਦੇਣਾ, ਸਿੰਚਾਈ ਕੁਸ਼ਲਤਾ ਵਿੱਚ ਸੁਧਾਰ ਕਰਨਾ ਅਤੇ ਰਾਜ ਵਿੱਚ ਖੇਤੀਬਾੜੀ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨਾਂ ਹੈ।

ਸ੍ਰੀ ਅਨੁਰਾਗ ਰਸਤੋਗੀ ਨੇ ਯੋਜਨਾਵਾਂ ਦੇ ਪ੍ਰਭਾਵੀ ਲਾਗੂ ਕਰਨ, ਨਿਧੀਆਂ ਦੇ ਸਮੇਂਬੱਧ ਵਰਤੋ ਅਤੇ ਵੱਖ-ਵੱਖ ਵਿਭਾਗਾਂ ਦੇ ਵਿੱਚ ਤਾਲਮੇਲ ਵਧਾਉਣ 'ਤੇ ਜੋਰ ਦਿੱਤਾ ਤਾਂ ਜੋ ਇੰਨ੍ਹਾਂ ਯੋਜਨਾਂਵਾਂ ਦਾ ਲਾਭ ਕਿਸਾਨਾਂ ਤੱਕ ਜਮੀਨੀ ਪੱਧਰ 'ਤੇ ਪਹੁੰਚ ਸਕੇ।



ਮੀਟਿੰਗ ਵਿੱਚ ਪ੍ਰਧਾਨ ਮੰਤਰੀ ਰਾਸ਼ਟਰੀ ਖੇਤੀਬਾੜੀ ਵਿਕਾਸ ਯੋਜਨਾ, ਕ੍ਰਿਸ਼ੋਨੱਤੀ ਯੋਜਨਾ ਅਤੇ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਦੇ ਲਾਗੂ ਕਰਨ ਦੀ ਸਥਿਤੀ ਦੀ ਵੀ ਸਮੀਖਿਆ ਕੀਤੀ ਗਈ।ਅਧਿਕਾਰੀਆਂ ਨੇ ਦਸਿਆ ਕਿ ਸਾਲ 2025-26 ਦੌਰਾਨ ਕੇਂਦਰ ਸਰਕਾਰ ਨੇ ਪੀਐਮ -ਆਰਕੇਵੀਵਾਈ ਦੇ ਵੱਖ-ਵੱਖ ਘਟਕਾਂ ਤਹਿਤ ਹਰਿਆਣਾ ਲਈ 318.17 ਕਰੋੜ ਰੁਪਏ ਦੀ ਪਹਿਲੀ ਕਿਸਤ ਜਾਰੀ ਕੀਤੀ ਸੀ, ਜਿਸ ਵਿੱਚੋਂ 240.46 ਕਰੋੜ ਰੁਪਏ ਦੀ ਰਕਮ ਦੀ ਵਰਤੋ ਕੀਤੀ ਜਾ ਚੁੱਕੀ ਹੈ। ਇਹ ਵਰਤੋ ਦਰ 75 ਫੀਸਦੀ ਤੋਂ ਵੱਧ ਹੈ।

ਮੀਟਿੰਗ ਵਿੱਚ ਇਹ ਵੀ ਦਸਿਆ ਗਿਆ ਕਿ ਸਾਲ 2026-27 ਲਈ ਕੇਂਦਰ ਸਰਕਾਰ ਨੇ ਹਰਿਆਣਾ ਲਈ ਪੀਐਮ-ਆਰਕੇਵੀਵਾਈ ਤਹਿਤ 545.53 ਕਰੋੜ ਰੁਪਏ ਦੀ ਕੇਂਦਰੀ ਹਿੱਸੇਦਾਰੀ ਨਿਰਧਾਰਿਤ ਕੀਤੀ ਹੈ, ਜਦੋਂ ਕਿ ਰਾਜ ਸਰਕਾਰ 363.69 ਕਰੋੜ ਰੁਪਏ ਦਾ ਯੋਗਦਾਨ ਦਵੇਗੀ। ਇਸ ਤਰ੍ਹਾ ਕੁੱਲ ਅਲਾਟਮੈਂਟ 909.22 ਕਰੋੜ ਰੁਪਏ ਹੋਵੇਗਾ।

ਰਾਜ ਵਿੱਚ ਖੇਤੀਬਾੜੀ ਮਸ਼ੀਨੀਕਰਣ ਅਤੇ ਫਸਲ ਅਵਸ਼ੇਸ਼ ਪ੍ਰਬੰਧਨ ਨੂੰ ਪ੍ਰਾਥਮਿਕਤਾ ਦਿੰਦੇ ਹੋਏ ਬਜਟ ਦਾ ਵੱਡਾ ਹਿੱਸਾ ਇੰਨ੍ਹਾਂ ਖੇਤਰਾਂ ਲਈ ਨਿਰਧਾਰਤ ਕੀਤਾ ਗਿਆ ਹੈ। ਖੇਤੀਬਾੜੀ ਮਸ਼ੀਨੀਕਰਣ ਉੱਪ-ਮਿਸ਼ਨ ਤਹਿਤ ਕਿਸਾਨਾਂ ਨੂੰ ਆਧੁਨਿਕ ਖੇਤੀਬਾੜੀ ਸਮੱਗਰੀ ਉਪਲਬਧ ਕਰਾਉਣ ਲਈ 200 ਕਰੋੜ ਰੁਪਏ ਦਾ ਖਰਚ ਅਨੁਮੋਦਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਫਸਲ ਅਵਸ਼ੇਸ਼ ਪ੍ਰਬੰਧਨ ਲਈ 250 ਕਰੋੜ ਰੁਪਏ ਅਲਾਟ ਕੀਤੇ ਗਏ ਹਨ, ਜਿਨ੍ਹਾਂ ਦੀ ਵਰਤੋ ਮਸ਼ੀਨਾਂ ਦੀ ਖਰੀਦ ਅਤੇ ਜਾਗਰੁਕਤਾ ਪ੍ਰੋਗਰਾਮਾਂ ਰਾਹੀਂ ਖੇਤ ਵਿੱਚ ਹੀ ਅਵਸ਼ੇਸ਼ ਪ੍ਰਬੰਧਨ ਨੂੰ ਪ੍ਰੋਤਸਾਹਨ ਦੇਣ ਅਤੇ ਪਰਾਲੀ ਜਲਾਉਣ ਦੀ ਸਮਸਿਆ ਨੂੰ ਘੱਟ ਕਰਨ ਲਈ ਕੀਤਾ ਜਾਵੇਗਾ।

ਫਸਲ ਵਿਵਿਧੀਕਰਣ ਅਤੇ ਕੁਦਰਤੀ ਖੇਤੀ ਨੂੰ ਪ੍ਰੋਤਸਾਹਨ ਦੇਣ ਦੇ ਮਕਸਦ ਨਾਲ ਵੀ ਕਮੇਟੀ ਵੱਲੋਂ ਕਈ ਪਹਿਲਾਂ ਨੂੰ ਮੰਜੂਰੀ ਦਿੱਤੀ ਗਈ। ਏਕੀਕ੍ਰਿਤ ਬਾਗਬਾਨੀ ਵਿਕਾਸ ਮਿਸ਼ਨ ਤਹਿਤ 110 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਸ ਨਾਲ ਬਾਗਬਾਨੀ ਗਤੀਵਿਧੀਆਂ ਦਾ ਵਿਸਤਾਰ, ਫਸਲ ਕਟਾਈ ਦੇ ਬਾਅਦ ਦੇ ਢਾਂਚੇ ਦਾ ਵਿਕਾਸ ਅਤੇ ਮਾਰਕਟਿੰਗ ਸਹੂਲਤਾਂ ਨੂੰ ਮਜਬੂਤ ਕੀਤਾ ਜਾਵੇਗਾ। ਖੇਤੀਬਾੜੀ ਵਿੱਚ ਪਾਨੀ ਦੇ ਕੁਸ਼ਲ ਵਰਤੋ ਨੂੰ ਪ੍ਰੋਤਸਾਹਨ ਦੇਣ ਲਈ ਪਰ ਡਰਾਪ ਮੋਰ ਕਰੋਪ ਪ੍ਰੋਗਰਾਮ ਤਹਿਤ 160 ਕਰੋੜ ਰੁਪਏ ਨਿਰਧਾਰਿਤ ਕੀਤੇ ਗਏ ਹਨ। ਉੱਥੇ ਰਾਜ ਵਿੱਚ ਕੁਦਰਤੀ ਖੇਤੀ ਨੂੰ ਪ੍ਰੋਤਸਾਹਨ ਦੇਣ ਲਈ 15 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਗਿਆ ਹੈ।

ਖੁਰਾਕ ਸੁਰੱਖਿਆ ਨਾਲ ਜੁੜੀ ਪਹਿਲਾਂ ਤਹਿਤ ਰਾਸ਼ਟਰੀ ਤਿਲਹਣ ਮਿਸ਼ਨ, ਦਲਹਨ ਵਿੱਚ ਆਤਮਨਿਰਭਰਤਾ ਮਿਸ਼ਨ ਅਤੇ ਰਾਸ਼ਟਰੀ ਖੁਰਾਕ ਸੁਰੱਖਿਆ ਅਤੇ ਪੋਸ਼ਣ ਮਿਸ਼ਨ ਵਰਗੇ ਪ੍ਰੋਗਰਾਮਾਂ ਲਈ ਵੀ ਅਲਾਟਮੈਂਟ ਨੂੰ ਮੰਜੂਰੀ ਦਿੱਤੀ ਗਈ ਹੈ। ਇੰਨ੍ਹਾਂ ਯੋਜਨਾਵਾਂ ਦਾ ਮਕਸਦ ਸੂਬੇ ਵਿੱਚ ਤਿਲਹਨ, ਦਲਹਨ ਅਤੇ ਅਨਾਜ ਦੇ ਉਤਪਾਦਨ ਨੂੰ ਪ੍ਰੋਤਸਾਹਨ ਅਤੇ ਆਯਾਤ 'ਤੇ ਨਿਰਭਰਤਾ ਨੂੰ ਘੱਟ ਕਰਨਾ ਹੈ। ਇਸ ਤੋਂ ਇਲਾਵਾ ਮੀਟਿੰਗ ਵਿੱਚ ਕੌਮੀ ਮਧੂਮੱਖੀ ਪਾਲਣ ਅਤੇ ਸ਼ਹਿਦ ਮਿਸ਼ਨ ਤਹਿਤ 6 ਕਰੋੜ ਰੁਪਏ ਦੀ ਮੰਜੂਰੀ ਦਿੱਤੀ ਗਈ, ਜਿਸ ਨਾਲ ਮਧੂਮੱਖੀ ਪਾਲਣ ਨਾਲ ਜੁੜੀ ਗਤੀਵਿਧੀਆਂ ਨੂੰ ਪ੍ਰੋਤਸਾਹਨ ਮਿਲੇਗਾ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ।

ਕਮੇਟੀ ਨੇ ਖੇਤੀਬਾੜੀ ਬੁਨਿਆਦੀ ਢਾਂਚਾ ਵਿਕਾਸ ਨਾਲ ਸਬੰਧਿਤ ਕਈ ਪਰਿਯੋਜਨਾਵਾਂ ਨੂੰ ਵੀ ਮੰਜੂਰੀ ਦਿੱਤੀ ਹੈ। ਇੰਨ੍ਹਾਂ ਵਿੱਚ ਖੋਜ ਸਹੂਲਤਾਂ ਨੂੰ ਮਜਬੂਤ ਕਰਨਾ, ਸਿੰਚਾਈ ਸਰੋਤਾਂ ਵਿੱਚ ਸੁਧਾਰ ਕਰਨਾ ਅਤੇ ਏਕੀਕ੍ਰਿਤ ਖੇਤੀਬਾੜੀ ਪ੍ਰਣਾਲੀ ਨੂੰ ਪ੍ਰੋਤਸਾਹਿਤ ਕਰਨਾ ਸ਼ਾਮਿਲ ਹੈ।

ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਪੰਕਜ ਅਗਰਵਾਲ, ਵਿੱਤ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਮੋਹਮਦ ਸ਼ਾਇਨ, ਵਿਭਾਗ ਦੇ ਮਹਾਨਿਦੇਸ਼ਕ ਸ੍ਰੀ ਰਾਜਨਰਾਇਣ ਕੌਸ਼ਿਕ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਰਹੇ।

## ਬੇਟੀ ਬਚਾਓ-ਬੇਟੀ ਪਢਾਓ ਪ੍ਰੋਗਰਾਮ ਸਮਾਜ ਵਿੱਚ ਸਕਾਰਾਤਮਕ ਬਦਲਾਵ ਲਿਆਉਣ ਦਾ ਬਣ ਚੁੱਕਾ ਹੈ ਜਨ ਆਂਦੋਲ: ਸ਼ਰੁਤੀ ਚੌਧਰੀ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ੍ਰੀਮਤੀ ਸ਼ਰੁਤੀ ਚੌਧਰੀ ਨੇ ਕਿਹਾ ਕਿ ਰਾਜ ਵਿੱਚ ਬੇਟੀ ਬਚਾਓ-ਬੇਟੀ ਪਢਾਓ ਪ੍ਰੋਗਰਾਮ ਸਿਰਫ ਇੱਕ ਯੋਜਨਾ ਨਹੀਂ, ਸਗੋਂ ਸਾਮਾਜਿਕ ਸੋਚ ਵਿੱਚ ਸਕਾਰਾਤਕਮ ਬਦਲਾਵ ਲਿਆਉਣ ਦਾ ਇੱਕ ਵਿਆਪਕ ਜਨਆਂਦੋਲਨ ਬਣ ਚੁੱਕਾ ਹੈ। ਇਸ ਦੇ ਰਾਹੀਂ ਬੇਟੀਆਂ ਦੇ ਜਨਮ ਨੂੰ ਪ੍ਰੋਤਸਾਹਿਤ ਕਰਨ, ਉਨ੍ਹਾਂ ਪ੍ਰਤੀ ਸਨਮਾਨ ਵਧਾਉਣ ਅਤੇ ਸਮਾਜ ਵਿੱਚ ਲੈਂਗਿਕ ਸਮਾਨਤਾ ਸਥਾਪਿਤ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਸਾਰਥਕ ਅਤੇ ਨਤੀਜੇ ਵੱਜੋਂ ਯਤਨ ਕੀਤੇ ਜਾ ਰਹੇ ਹਨ।

ਮੰਤਰੀ ਸ੍ਰੀਮਤੀ ਸ਼ਰੁਤੀ ਚੌਧਰੀ ਨੇ ਇਹ ਗੱਲ ਅੱਜ ਚੰਡੀਗੜ੍ਹ ਸਥਿਤ ਆਪਣੇ ਨਿਵਾਸ ਸਥਾਨ @ਤੇ ਆਯੋਜਿਤ ਸਨਮਾਨ ਸਮਾਰੋਹ ਦੌਰਾਨ ਕਹੀ, ਜੋ ਜਨਮ ਦੇ ਸਮੇ ਲਿੰਗਾਨੁਪਾਤ ਵਿੱਚ ਸ਼ਾਨਦਾਰ ਸੁਧਾਰ ਕਰਨ ਵਾਲੇ ਜ਼ਿਲ੍ਹਿਆਂ ਦੇ ਸਨਮਾਨ ਵਿੱਚ ਆਯੋਜਿਤ ਕੀਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਨੇ ਇਸ ਦਿਸ਼ਾ ਵਿੱਚ ਵਰਣਯੋਗ ਤਰੱਕੀ ਕੀਤੀ ਹੈ। ਸਾਲ 2014 ਵਿੱਚ ਜਿੱਥੇ ਜਨਮ ਦੇ ਸਮੇ ਲਿੰਗਾਨੁਪਾਤ 871 ਸੀ, ਉੱਥੇ ਹੀ ਸਾਲ 2025 ਵਿੱਚ ਇਹ ਵੱਧ ਕੇ 923 ਤੱਕ ਪਹੁੰਚ ਗਿਆ ਹੈ। ਇਹ ਬਦਲਾਵ ਸਮਾਜ ਦੀ ਸੋਚ ਵਿੱਚ ਆਏ ਸਕਾਰਾਤਮਕ ਬਦਲਾਵ ਅਤੇ ਸਰਕਾਰ ਦੀ ਪ੍ਰਭਾਵੀ ਨੀਤੀਆਂ ਦਾ ਨਤੀਜਾ ਹੈ।

ਮਹਿਲਾ ਅਤੇ ਬਾਲ ਵਿਕਾਸ ਮੰਤਰੀ ਨੇ ਕਿਹਾ ਕਿ ਇਸ ਸੁਧਾਰ ਦੇ ਪੀਛੇ ਕਈ ਮਹਤੱਵਪੂਰਨ ਕਦਮ ਹਨ ਜਿਨ੍ਹਾਂ ਵਿੱਚ ਪੀਸੀਪੀਐਨਡੀਟੀ ਐਕਟ ਦਾ ਸਖਤੀ ਨਾਲ ਪਾਲਨ, ਅਵੈਧ ਲਿੰਗ ਚੌਣ @ਤੇ ਰੋਕ ਅਤੇ ਐਮਟੀਪੀ ਦੇ ਦੁਰੁਪਯੋਗ ਵਿਰੁਧ ਕਾਰਵਾਈ, ਗਰਭਾਵਸਥਾ ਦੀ ਰਿਵਰਸ ਟ੍ਰੈਕਿੰਗ ਜਿਹੀ ਨਵਾਚਾਰ ਪਹਿਲ ਅਤੇ ਵੱਖ ਵੱਖ ਵਿਭਾਗਾਂ ਵਿੱਚਕਾਰ ਸ਼ਾਨਦਾਰ ਤਾਲਮੇਲ ਸ਼ਾਮਲ ਹੈ। ਉਨ੍ਹਾਂ ਨੇ ਦੱਸਿਆ ਕਿ ਫਤੇਹਾਬਾਦ ਵਿੱਚ 43, ਪਾਣੀਪਤ ਵਿੱਚ 83 ਅਤੇ ਪੰਚਕੂਲਾ ਵਿੱਚ 24 ਛਾਪੇ ਮਾਰ ਕੇ ਅਵੈਧ ਗਤੀਵਿਧੀਆਂ @ਤੇ ਸਖਤ ਕਾਰਵਾਈ ਕੀਤੀ ਗਈ ਹੈ।



ਉਨ੍ਹਾਂ ਨੇ ਕਿਹਾ ਕਿ ਇਹ ਸਨਮਾਨ ਸਿਰਫ ਉਪਲਬਧਿਆਂ ਦੀ ਸਲਾਂਘਾ ਨਹੀਂ, ਸਗੋਂ ਸਮਾਜ ਵਿੱਚ ਬੇਟੀਆਂ ਪ੍ਰਤੀ ਸਨਮਾਨ ਅਤੇ ਸਮਾਨਤਾ ਦੀ ਭਾਵਨਾ ਨੂੰ ਹੋਰ ਮਜਬੂਤ ਕਰਨ ਦਾ ਸੰਦੇਸ਼ ਵੀ ਹੈ। ਰਾਜ ਸਰਕਾਰ ਬੇਟੀਆਂ ਦੇ ਉੱਜਵਲ ਭਵਿੱਖ ਅਤੇ ਉਨ੍ਹਾਂ ਦੇ ਸਸ਼ਕਤੀਕਰਨ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹੈ। ਉਨ੍ਹਾਂ ਨੇ ਕਿਹਾ ਕਿ 871 ਤੋਂ 923 ਤੱਕ ਦਾ ਇਹ ਸੁਧਾਰ ਬੇਟੀ ਬਚਾਓ-ਬੇਟੀ ਪਢਾਓ ਪ੍ਰੋਗਰਾਮ ਦੇ ਸਫਲ ਲਾਗੂਕਰਨ ਦਾ ਪ੍ਰਤੀਕ ਹੈ।

ਉਨ੍ਹਾਂ ਨੇ ਦੱਸਿਆ ਕਿ ਬੇਟੀ ਬਚਾਓ-ਬੇਟੀ ਪਢਾਓ ਯੋਜਨਾ ਦੀ ਸ਼ੁਰੂਆਤ 22 ਜਨਵਰੀ 2015 ਨੂੰ ਦੇਸ਼ ਵਿੱਚ ਗਿਰਦੇ ਬਾਲ ਲਿੰਗ ਅਨੁਪਾਤ ਨੂੰ ਸੁਧਾਰਨ ਅਤੇ ਮਹਿਲਾਵਾਂ ਅਤੇ ਬਾਲਿਕਾਵਾਂ ਦੇ ਸਸ਼ਕਤੀਕਰਨ ਨੂੰ ਵਧਾਵਾ ਦੇਣ ਦੇ ਉਦੇਸ਼ ਨਾਲ ਕੀਤੀ ਗਈ ਸੀ।

ਇਹ ਯੋਜਨਾ ਮਿਸ਼ਨ ਸ਼ਕਤੀ ਦੇ ਤਹਿਤ ਸੰਬਲ ਉਪ-ਯੋਜਨਾ ਦਾ ਇੱਕ ਮਹਤੱਵਪੂਰਨ ਹਿੱਸਾ ਹੈ, ਜੋ ਬਾਲਿਕਾ ਦੇ ਜੀਵਨ ਦੇ ਹਰ ਪੜਾਅ ਵਿੱਚ ਸੁਰੱਖਿਆ, ਸਿੱਖਿਆ ਅਤੇ ਸਮਾਨ ਮੌਕੇ ਯਕੀਨੀ ਕਰਨ ਦਾ ਕੰਮ ਕਰਦੀ ਹੈ। ਸ਼ਰੁਤੀ ਚੌਧਰੀ ਨੇ ਕਿਹਾ ਕਿ ਇਸ ਯੋਜਨਾ ਰਾਹੀਂ ਬਾਲ ਲਿੰਗ ਅਨੁਪਾਤ ਵਿੱਚ ਸੁਧਾਰ, ਲੈਂਗਿਕ ਸਮਾਨਤਾ ਨੂੰ ਵਧਾਵਾ, ਲਿੰਗ ਅਧਾਰਿਤ ਭੇਦਭਾਵ ਨੂੰ ਸਮਾਪਤ ਕਰਨਾ, ਬਾਲਿਕਾਵਾਂ ਦੀ ਸੁਰੱਖਿਆ ਯਕੀਨੀ ਕਰਨਾ ਅਤੇ ਉਨ੍ਹਾਂ ਸਿੱਖਿਆ ਅਤੇ ਭਾਗੀਦਾਰੀ ਨੂੰ ਪ੍ਰੋਤਸਾਹਿਤ ਕਰਨਾ ਮੁੱਖ ਟੀਚਾ ਹੈ।

ਇਸ ਮੌਕੇ @ਤੇ ਮਹਿਲਾ ਅਤੇ ਬਾਲ ਵਿਭਾਗ ਦੇ ਕਮੀਸ਼ਨਰ ਅਤੇ ਸਕੱਤਰ ਸ੍ਰੀ ਸ਼ੇਖਰ ਵਿਦਿਆਰਥੀ, ਡਾਇਰੈਕਟਰ ਡਾ. ਪ੍ਰਿਯੰਕਾ ਸੋਨੀ ਸਮੇਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਰਹੇ।

## ਹਰਿਆਣਾ ਵਿੱਚ ਵੱਡਾ ਪ੍ਰਸ਼ਾਸ਼ਨਿਕ ਫੇਰਬਦਲ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਤੁਰੰਤ ਪ੍ਰਭਾਵ ਨਾਲ 23 ਆਈਏਐਸ ਅਧਿਕਾਰੀਆਂ ਦੇ ਤਬਾਦਲੇ ਅਤੇ ਨਿਯੁਕਤੀ ਆਦੇਸ਼ ਜਾਰੀ ਕੀਤੇ ਹਨ।

ਮੁੱਖ ਸਕੱਤਰ ਅਨੁਰਾਗ ਰਸਤੋਗੀ ਵੱਲੋਂ ਆਦੇਸ਼ਾਂ ਅਨੁਸਾਰ ਡਾ. ਰਾਜਾ ਸ਼ੇਖਰ ਵੁੰਡਰੂ ਨੂੰ ਟ੍ਰਾਂਸਪੋਰਟ ਵਿਭਾਗ ਅਤੇ ਪ੍ਰਿੰਟਿੰਗ ਐਂਡ ਸਟੇਸ਼ਨਰੀ ਵਿਭਾਗ ਦਾ ਵਧੀਕ ਮੁੱਖ ਸਕੱਤਰ ਲਗਾਇਆ ਗਿਆ ਹੈ।

ਜੀਂ ਅਨੁਪਮਾ ਨੂੰ ਸਮਾਜਿਕ ਨਿਆਂ, ਅਧਿਕਾਰਤਾ, ਅਨੁਸੂਚਿਤ ਜਾਤੀ ਅਤੇ ਪਿਛੜਾ ਵਰਗ ਅਤੇ ਅੰਤੋਂਦੇਯ (ਸੇਵਾ) ਵਿਭਾਗ ਦੇ ਨਾਲ-ਨਾਲ ਸਿਵਲ ਏਵੀਏਸ਼ਨ ਵਿਭਾਗ ਦਾ ਵਧੀਕ ਮੁੱਖ ਸਕੱਤਰ ਲਗਾਇਆ ਹੈ।

ਅਪੂਰਵ ਕੁਮਾਰ ਸਿੰਘ ਨੂੰ ਉੱਚੇਰੀ ਸਿਖਿਆ ਵਿਭਾਗ ਅਤੇ ਲੋਕ ਨਿਰਮਾਣ (ਭਵਨ ਅਤੇ ਸੜਕ) ਅਤੇ ਵਾਸਤੂਕਲਾ ਵਿਭਾਗ ਦਾ ਮੁੱਖ ਸਕੱਤਰ ਨਿਯੁਕਤ ਕੀਤਾ ਹੈ।

ਅਨੁਰਾਗ ਅਗਰਵਾਲ ਨੂੰ ਨਗਰ ਅਤੇ ਗ੍ਰਾਮ ਆਯੋਜਨਾ ਅਤੇ ਸ਼ਹਿਰੀ ਸੰਪਦਾ ਵਿਭਾਗ ਦਾ ਵਧੀਕ ਮੁੱਖ ਸਕੱਤਰ ਲਗਾਇਆ ਹੈ।

ਵਿਜਯੇਂਦਰ ਕੁਮਾਰ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਨਿਯੁਕਤੀਆਂ, ਪਰਸੋਨਲ ਵਿਭਾਗ ਅਤੇ ਫੌਜੀ ਅਤੇ ਨੀਮ-ਫੌਜੀ ਭਲਾਈ ਵਿਭਾਗ ਦਾ ਵਧੀਕ ਮੁੱਖ ਸਕੱਤਰ ਅਤੇ ਪ੍ਰਸਤਾਵਿਤ ਹਰਿਆਣਾ ਆਮਦਨ ਸੰਵਰਧਨ ਬੋਰਡ ਅਧਿਕਾਰੀ ਦਾ ਓਐਸਡੀ ਲਗਾਇਆ ਹੈ।

ਪੰਕਜ ਅਗਰਵਾਲ ਨੂੰ ਸਿੰਚਾਈ ਅਤੇ ਜਲ੍ਹ ਸਰੋਤ ਵਿਭਾਗ ਅਤੇ ਖਾਨ ਅਤੇ ਭੂਵਿਗਿਆਨ ਵਿਭਾਗ ਵਿੱਚ ਪ੍ਰਧਾਨ ਵਿੱਚ ਪ੍ਰਧਾਨ ਸਕੱਤਰ ਅਤੇ ਹਰਿਆਣਾ ਸਰਸਵਤੀ ਹੈਰੀਟੇਜ ਬੋਰਡ ਵਿੱਚ ਸਲਾਹਕਾਰ ਨਿਯੁਕਤ ਕੀਤਾ ਹੈ।

ਵਿਜੈ ਸਿੰਘ ਦਹੀਆ ਨੂੰ ਸਕੂਲ ਸਿਖਿਆ ਵਿਭਾਗ ਦੇ ਨਾਲ-ਨਾਲ ਪਸ਼ੂਪਾਲਣ ਅਤੇ ਖੇਡ ਵਿਭਾਗ ਦਾ ਪ੍ਰਧਾਨ ਸਕੱਤਰ ਲਗਾਇਆ ਹੈ।

ਆਸ਼ਿਮਾ ਬਰਾੜ ਨੂੰ ਆਬਕਾਰੀ ਅਤੇ ਕਰਾਧਾਨ ਅਤੇ ਵਿੱਤ ਵਿਭਾਗ ਦੇ ਨਾਲ-ਨਾਲ ਊਰਜਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਦੀ ਜਿਮੇਵਾਰੀ ਵੀ ਦਿੱਤੀ ਗਈ ਹੈ।

ਫੂਲਚੰਦ ਮੀਨਾ ਨੂੰ ਮਨੁੱਖ ਸਰੋਤ ਵਿਭਾਗ, ਤਾਲਮੇਲ ਪ੍ਰਸ਼ਾਸ਼ਨ ਦੇ ਕਮਿਸ਼ਨਰ ਅਤੇ ਸਕੱਤਰ ਅਤੇ ਗੁਰੂਗ੍ਰਾਮ ਮਹਾਨਗਰ ਵਿਕਾਸ ਅਥਾਰਿਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਦੇ ਨਾਲ-ਨਾਲ ਫਰੀਦਾਬਾਦ ਮਹਾਨਗਰ ਵਿਕਾਸ ਅਥਾਰਿਟੀ ਦਾ ਮੁੱਖ ਕਾਰਜਕਾਰੀ ਅਧਿਕਾਰੀ ਵੀ ਨਿਯੁਕਤ ਕੀਤਾ ਹੈ।

ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਸਾਕੇਤ ਕੁਮਾਰ ਨੂੰ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਸਹਿਕਾਰਤਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਦੇ ਨਾਲ-ਨਾਲ ਹਰਿਆਣਾ ਪਾਵਰ ਜਨਰੇਸ਼ਨ ਕਾਰਪੋਰੇਸ਼ਨ ਦੇ ਪ੍ਰਬੰਧ ਨਿਦੇਸ਼ਕ ਦਾ ਕਾਰਜਭਾਰ ਵੀ ਸੌਂਪਿਆ ਹੈ।

ਏ. ਮੋਨਾ ਸ਼੍ਰੀਨਿਵਾਸ ਨੂੰ ਰੇਜ਼ੀਡੇਂਟ ਕਮਿਸ਼ਨਰ, ਹਰਿਆਣਾ ਭਵਨ, ਨਵੀਂ ਦਿੱਲੀ ਅਤੇ ਸੋਨੀਪਤ ਮਹਾਨਗਰ ਵਿਕਾਸ ਅਥਾਰਿਟੀ ਦਾ ਮੁੱਖ ਕਾਰਜਕਾਰੀ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ।

ਜੇ. ਗਣੇਸ਼ਨ ਨੂੰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ, ਨਾਗਰਿਕ ਸੰਸਾਧਨ ਸੂਚਨਾ ਵਿਭਾਗ ਦਾ ਕਮਿਸ਼ਨਰ ਅਤੇ ਸਕੱਤਰ, ਸਾਰਿਆਂ ਲਈ ਆਵਾਸ ਵਿਭਾਗ ਦਾ ਡਾਇਰੈਕਟਰ ਜਨਰਲ ਅਤੇ ਸਕੱਤਰ ਲਗਾਇਆ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਹਰਿਆਣਾ ਏਆਈ ਵਿਕਾਸ ਪਰਿਯੋਜਨਾ ਅਤੇ ਹਰਿਆਣਾ ਕਲੀਨ ਏਅਰ ਪ੍ਰੋਜੈਕਟ ਫੋਰ ਸਸਟੇਨੇਬਲ ਡਿਵੇਲਪਮੇਂਟ ਪ੍ਰੋਜੈਕਟ ਅਤੇ ਹੋਰ ਬਾਹਰੀ ਸਹਾਇਤਾ ਪ੍ਰਾਪਤ ਪਰਿਯੋਜਨਾਵਾਂ ਦਾ ਸੀਈਓ ਅਤੇ ਹਾਰਟ੍ਰੋਨ ਦਾ ਪ੍ਰਬੰਧਨ ਨਿਦੇਸ਼ਕ ਲਗਾਇਆ ਹੈ।

ਅਸ਼ੋਗ ਕੁਮਾਰ ਮੀਨਾ ਨੂੰ ਸ਼ਹਿਰੀ ਸਥਾਨਕ ਵਿਭਾਗ ਦਾ ਕਮਿਸ਼ਨਰ ਅਤੇ ਸਕੱਤਰ ਅਤੇ ਵਿਦੇਸ਼ੀ ਸਹਿਯੋਗ ਵਿਭਾਗ ਦੇ ਡਾਇਰੈਕਟਰ ਜਨਰਲ ਦਾ ਕਾਰਜਭਾਰ ਦਿੱਤਾ ਹੈ।

ਮਨੀ ਰਾਮ ਸ਼ਰਮਾ ਨੂੰ ਰਜਿਸਟਰਾਰ, ਸਹਿਕਾਰੀ ਕਮੇਟੀਆਂ ਨਿਯੁਕਤ ਕੀਤਾ ਹੈ।

ਮੁਕੁਲ ਕੁਮਾਰ ਨੂੰ ਨਿਦੇਸ਼ਕ, ਸ਼ਹਿਰੀ ਸਥਾਨਕ ਨਿਗਮ, ਮਿਸ਼ਨ ਨਿਦੇਸ਼ਕ, ਰਾਜ ਸ਼ਹਿਰੀ ਆਜੀਵਿਕਾ ਮਿਸ਼ਨ ਅਤੇ ਰਾਜ ਸ਼ਹਿਰੀ ਵਿਕਾਸ ਅਥਾਰਿਟੀ ਅਤੇ ਨਿਦੇਸ਼ਕ, ਹੋਸਪਟੈਲਿਟੀ ਦਾ ਕਾਰਜਭਾਰ ਸੌਂਪਿਆ ਹੈ।

ਡਾ. ਆਦਿਤਅ ਦਹੀਆ ਨੂੰ ਪ੍ਰਬੰਧ ਨਿਦੇਸ਼ਕ, ਹਰਿਆਣਾਂ ਬਿਜਲੀ ਪ੍ਰਸਾਰਣ ਨਿਗਮ ਲਿਮੀਟੇਡ ਅਤੇ ਨਿਦੇਸ਼ਕ, ਡਿਪਾਰਟਮੈਂਟ ਆਫ ਫਿਯੂਚਰ ਨਿਯੁਕਤ ਕੀਤਾ ਹੈ।

ਵਿਜੈ ਕੁਮਾਰ ਸਿਦੱਪਾ ਭਾਵਿਕਟੀ ਨੂੰ ਪ੍ਰਬੰਧ ਨਿਦੇਸ਼ਕ, ਹੈਫੇਡ ਅਤੇ ਹਰਿਆਣਾ ਇੰਟਰਨੈਸ਼ਨਲ ਹੋਰਟੀਕਲਚਰ ਮਾਰਕਟਿੰਗ ਕਾਰਪੋਰੇਸ਼ਨ, ਗਨੌਰ ਦੀ ਜਿਮੇਵਾਰੀ ਦਿੱਤੀ ਗਈ ਹੈ।

ਸੁਨੀਲ ਸਾਰਵਨ ਨੂੰ ਪ੍ਰਬੰਧਨ ਨਿਦੇਸ਼ਕ, ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਅਤੇ ਹਰਿਆਣਾ ਵਿੱਤ ਨਿਗਮ ਦਾ ਕਾਰਜਭਾਰ ਸੌਂਪਿਆ ਗਿਆ ਹੈ।

ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਦੇ ਪ੍ਰਬੰਧ ਨਿਦੇਸ਼ਕ ਵਿਕਰਮ ਨੂੰ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਲਿਮੀਟੇਡ ਦਾ ਪ੍ਰਬੰਧ ਨਿਦੇਸ਼ਕ ਵੀ ਲਗਾਇਆ ਗਿਆ ਹੈ।

ਨੇਹਾ ਸਿੰਘ ਨੂੰ ਡਿਪਟੀ ਕਮਿਸ਼ਨਰ, ਸੋਨੀਪਤ ਨਿਯੁਕਤ ਕੀਤਾ ਹੈ।

ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਦੀ ਵਧੀਕ ਨਿਦੇਸ਼ਕ ਅਤੇ ਵਿਜੀਲੈਂਸ ਵਿਭਾਗ ਦੀ ਵਧੀਕ ਸਕੱਤਰ ਵਰਸ਼ਾ ਖਾਂਗਵਾਲ ਨੂੰ ਰਾਜ ਪਰਿਯੋਜਨਾ ਨਿਦੇਸ਼ਕ , ਹਰਿਆਣਾ ਸਕੂਲ ਸਿਖਿਆ ਪਰਿਯੋਜਨਾ ਪਰਿਸ਼ਦ ਦਾ ਵੱਧ ਕਾਰਜਭਾਰ ਦਿੱਤਾ ਹੈ।

ਮਨੀਤਾ ਮਲਿਕ ਨੂੰ ਨਿਦੇਸ਼ਕ, ਮੁੱਢਲੀ ਸਿਖਿਆ ਹਰਿਆਣਾਂ ਅਤੇ ਵਧੀਕ ਸਕੱਤਰ, ਸਕੂਲਾ ਸਿਖਿਆ ਵਿਭਾਗ ਨਿਯੁਕਤ ਕੀਤਾ ਹੈ।

ਵੰਦਨਾ ਦਿਸੋਦਿਆ ਨੂੰ ਸਕਿਲ ਵਿਕਾਸ ਅਤੇ ਉਦਯੋਗਿਕ ਸਿਖਲਾਈ ਹਰਿਆਣਾ ਦਾ ਨਿਦੇਸ਼ਕ ਅਤੇ ਵਧੀਕ ਸਕੱਤਰ ਲਗਾਇਆ ਹੈ।

## ਦੋ ਇਸਪੈਕਟਰ ਨੂੰ ਮੁੜ ਮੁਅਤੱਲੀ ਕਰਨ ਦਾ ਮਾਮਲਾ ਮੁੱਖ ਦਫਤਰ ਭੇਜਣ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੁਰਾਕ, ਵਿਸਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਮੰਤਰੀ ਸ੍ਰੀ ਰਾਜੇਸ਼ ਨਾਗਰ ਨੇ ਅੱਜ ਕੁਰੂਕਸ਼ੇਤਰ ਵਿੱਚ ਜਿਲ੍ਹਾ ਸ਼ਿਕਾਇਤ ਹੱਲ ਕਮੇਟੀ ਦੀ ਮੀਟਿੰਗ ਦੀ ਅਗਵਾਈ ਰਕਦੇ ਹੋਏ ਮਹਾਵੀਰ ਕਲੋਨੀ ਲਾਡਵਾ ਨਿਵਾਸੀ ਸੋਨੂ ਨਾਰੰਗ ਦੀ ਸ਼ਿਕਾਇਤ ਦੀ ਸੁਣਵਾਈ ਕਰਦੇ ਹੋਏ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਖੁਰਾਕ ਸਪਲਾਈ ਵਿਭਾਗ ਦੇ ਸਸਪੈਂਡ ਦੋਨੋਂ ਇੰਸਪੈਕਟਰਾਂ ਦੇ ਖਿਲਾਫ ਐਫਆਈਆਰ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਈ ਜਾਵੇਗੀ। ਇਸ ਦੇ ਨਾਲ ਹੀ ਦੋਨੋਂ ਇੰਸਪੈਕਟਰਾਂ ਨੂੰ ਮੁੜ ਮਹਤੱਲ ਕਰਨ ਦੀ ਸਿਫਾਰਿਸ਼ ਮੁੱਖ ਦਫਤਰ ਨੂੰ ਭੇਜੀ ਜਾਵੇ।

ਮੀਟਿੰਗ ਵਿੱਚ ਏਜੰਡੇ ਵਿੱਚ 15 ਮਾਮਲਿਆਂ ਵਿੱਚੋਂ 9 ਮਾਮਲਿਆਂ ਦਾ ਸੁਣਵਾਈ ਦੇ ਬਾਅਦ ਮੌਕੇ @ਤੇ ਹੀ ਹੱਲ ਕੀਤਾ ਗਿਆ, ਜਦੋਂ ਕਿ ਬਚੇ ਹੋਏ 6 ਮਾਮਲਿਆਂ ਨੂੰ ਅਗਾਮੀ ਮੀਟਿੰਗ ਲਈ ਪੇਂਡਿੰਗ ਰੱਖਿਆ ਗਿਆ।

ਰਾਜਮੰਤਰੀ ਰਾਜੇਸ਼ ਨਾਗਰ ਨੇ ਵਿਸ਼ਨੂ ਕਲੋਨੀ ਨਿਵਾਸੀ ਸੋਮ ਪ੍ਰਕਾਸ਼ ਦੀ ਸ਼ਿਕਾਇਤ @ਤੇ ਕਾਰਵਾਈ ਕਰਦੇ ਹੋਏ ਪੁਲਿਸ ਨੂੰ ਨਿਰਦੇਸ਼ ਦਿੱਤੇ ਕਿ ਖਾਤੇ ਵਿੱਚ ਪੇਮੈਂਟ ਦੇਣ ਦੇ ਬਾਵਜੂਦ ਮਕਾਨ @ਤੇ ਕਬਜਾ ਕਰਨ ਵਾਲਿਆਂ ਦੇ ਖਿਲਾਫ ਕਾਰਵਾਈ ਅਮਲ ਵਿੱਚ ਲਿਆਈ ਜਾਵੇ ਅਤੇ ਸ਼ਿਕਾਇਤਕਰਤਾ ਨੂੰ ਮਕਾਨ ਦੀ ਪੋਜੇਸ਼ਨ ਦਿਲਵਾਈ ਜਾਵੇ। ਸ਼ਿਕਾਇਤਕਰਤਾ ਸੋਮ ਪ੍ਰਕਾਸ਼ ਨੇ ਸ਼ਿਕਾਇਤ ਵਿੱਚ ਦਸਿਆ ਕਿ ਉਸ ਨਾਲ ਪੂਰੀ ਪੇਮੈਂਟ ਲੈ ਕੇ ਰਜਿਸਟਰੀ ਇੰਤਕਾਲ ਕਰਵਾਉਣ ਦੇ ਬਾਅਦ ਪੋਜੇਸ਼ਨ ਦੇਣ ਦੇ ਬਾਅਦ ਮੁੜ ਤੋਂ ਉਸ ਦੇ ਮਕਾਨ @ਤੇ ਕਬਜਾ ਕਰ ਲਿਆ।

ਸ੍ਰੀ ਰਾਜੇਸ਼ ਨਾਗਰ ਨੇ ਪਿੰਡ ਝਿਵੰਰਹੇੜੀ ਨਿਵਾਸੀ ਸੋਮੀ, ਨੀਲਮ ਤੇ ਮਨਜੀਤ ਦੀ ਸ਼ਿਕਾਇਤ @ਤੇ ਕੇਨਰਾ ਬੈਂਕ ਦੇ ਅਧਿਕਾਰੀਆਂ ਨੂੰ ਕਿਹਾ ਕਿ ਗਰੁੱਪ ਲੋਨ ਲੈਣ ਵਾਲੀ ਮਹਿਲਾਵਾਂ ਦੇ ਲੋਨ ਰਕਮ ਨੂੰ ਸੇਟਲ ਕੀਤਾ ਜਾਵੇ। ਇਸੀ ਤਰ੍ਹਾਂ ਸੈਕਟਰ-4 ਨਿਵਾਸੀ ਉਰਮਿਲਾ ਸੋਢੀ ਦੀ ਸ਼ਿਕਾਇਤ @ਤੇ ਕਿਹਾ ਕਿ ਤਿੰਨੋਂ ਪੱਖਾਂ ਦੀ ਸੁਣਵਾਈ ਕਰਦੇ ਹੋਏ ਪਰਿਵਾਰਕ ਸਮਝੌਤਾ ਕਰਵਾਇਆ ਜਾਵੇ।

ਉਨ੍ਹਾਂ ਨੇ ਹੋਰ ਮਾਮਲਿਆਂ ਦੀ ਵੀ ਸੁਣਵਾਈ ਕੀਤੀ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਦਾ ਹੱਲ ਕਰਨ ਦੇ ਨਿਰਦੇਸ਼ ਦਿੱਤੇ।

## ਸੂਬੇ ਵਿੱਚ ਰਸੋਈ ਗੈਸ ਨੂੰ ਲੈ ਕੇ ਸਰਕਾਰ ਅਤੇ ਪ੍ਰਸ਼ਾਸ਼ਨ ਪੂਰੀ ਤਰ੍ਹਾ ਨਾਲ ਚੌਕਸ : ਰਾਜੇਸ਼ ਨਾਗਰ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਮੰਤਰੀ ਸ੍ਰੀ ਰਾਜੇਸ਼ ਨਾਗਰ ਨੇ ਕਿਹਾ ਕਿ ਸੂਬੇ ਵਿੱਚ ਰਸੋਈ ਗੈਸ ਨੂੰ ਲੈ ਕੇ ਸਰਕਾਰ ਅਤੇ ਪ੍ਰਸ਼ਾਸ਼ਨ ਪੂਰੀ ਤਰ੍ਹਾ ਨਾਲ ਚੌਕਸ ਹੈ। ਨਾਗਰਿਕਾਂ ਨੂੰ ਘਰਾਂ ਵਿੱਚ ਰਸੋਈ ਗੈਸ ਦੀ ਦਿਕੱਤ ਨਹੀਂ ਹੋਣ ਦਿੱਤੀ ਜਾ ਰਹੀ ਹੈ। ਉੱਥੇ ਹੀ ਗੈਸ ਨੂੰ ਲੈ ਕੇ ਕਾਲਾਬਾਜਾਰੀ ਕਰਨ ਤੇ ਅਵੈਧ ਵਰਤ ਕਰਨ ਦੇ ਪੂਰੇ ਸੂਬੇ ਵਿੱਚ ਹੁਣ ਤੱਕ 12 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ ਕਰੀਬ 169 ਸਿਲੇਂਡਰਾਂ ਨੂੰ ਜਬਤ ਕੀਤਾ ਗਿਆ ਹੈ। ਇੰਨ੍ਹਾਂ ਵਿੱਚ ਕੁਰੂਕਸ਼ੇਤਰ ਵਿੱਚ 18, ਨਾਰਨੌਲ 60, ਕਰਨਾਲ 5, ਅੰਬਾਲਾ ਵਿੱਚ 21, ਖਰਖੌਦਾ ਵਿੱਚ 28, ਫਰੀਦਾਬਾਦ ਵਿੱਚ 18 ਅਤੇ ਜੀਂਦ ਵਿੱਚ 19 ਸਿਲੇਂਡਰ ਸ਼ਾਮਿਲ ਹਨ।ਸ੍ਰੀ ਰਾਜੇਸ਼ ਨਾਗਰ ਵੀਰਵਾਰ ਨੂੰ ਕੁਰੂਕਸ਼ੇਤਰ ਵਿੱਚ ਆਯੋਜਿਤ ਜਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਹੱਲ ਕਮੇਟੀ ਦੀ ਮੀਟਿੰਗ ਦੇ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਸਾਰੇ ਜਿਲ੍ਹਿਆਂ ਵਿੱਚ ਜਿਲ੍ਹਾ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇੰਨ੍ਹਾਂ ਵਿੱਚ ਡਿਪਟੀ ਕਮਿਸ਼ਨਰ, ਪੁਲਿਸ ਸੁਪਰਡੈਂਟ , ਡੀਐਫਅਯਸੀ ਨੂੰ ਮੁੱਖ ਰੂਪ ਨਾਲ ਸ਼ਾਮਿਲ ਕੀਤਾ ਗਿਆ ਹੈ। ਰਸੋਈ ਗੈਸ ਸਬੰਧੀ ਸ਼ਿਕਾਇਤ ਮਿਲਣ @ਤੇ ਇਹ ਟੀਮ ਸਖਤ ਐਕਸ਼ਨੈ ਰਿਹਾ ਹੈ।

ਰਾਜਮੰਤਰੀ ਨੇ ਕਿਹਾ ਕਿ ਸੂਬੇ ਦੇ ਨਾਗਰਿਕਾਂ ਦੀ ਸੂਬਾ ਸਰਕਾਰ ਨੂੰ ਪੂਰੀ ਚਿੰਤਾ ਹੈ। ਕਿਸੇ ਵੀ ਨਾਗਰਿਕ ਨੂੰ ਪੈਨਿਕ ਹੋਣ ਦੀ ਜਰੂਰਤ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਪਿੱਛੋਂ ਸਾਡੀ ਸਪਲਾਈ ਪੂਰੀ ਆ ਰਹੀ ਹੈ ਅਤੇ ਅੱਗੇ ਵੀ ਸਪਲਾਈ ਪੂਰੀ ਦਿੱਤੀ ਜਾ ਰਹੀ ਹੈ। ਸੂਬੇ ਦੇ ਹਾਲਾਤ ਪੂਰੀ ਤਰ੍ਹਾ ਨਾਲ ਕੰਟਰੋਲ ਵਿੱਚ ਹਨ। ਨਾਗਰਿਕਾਂ ਨੂੰ ਕਿਸੇ ਵੀ ਤਰ੍ਹਾ ਨਾਲ ਘਬਰਾਉਣ ਦੀ ਜਰੂਰਤ ਨਹੀਂ ਹੈ।

ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਦੇਖਣ ਵਿੱਚ ਆਇਆ ਹੈ ਕਿ ਘਰ ਵਿੱਚ ਮੌਜੂਦ ਸਾਰੇ ਸਿਲੇਂਡਰਾਂ ਨੂੰ ਪਹਿਲਾਂ ਹੀ ਭਰਵਾਉਣ ਲਈ ਨਾਗਰਿਕ ਏਜੰਸੀਆਂ ਵਿੱਚ ਪਹੁੰਚ ਰਹੇ ਹਨ। ਤਿੰਨ ਤੋਂ ਚਾਰ ਮਹੀਨੇ ਵਿੱਚ ਸਿਲੇਂਡਰ ਹੋਣ ਵਾਲੇ ਵੀ ਤੁਰੰਤ ਬੁਕਿੰਗ ਕਰਵਾਉਣ ਪਹੁੰਚ ਰਹੇ ਹਨ। ਉਨ੍ਹਾਂ ਨੇ ਨਾਗਰਿਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਦੇਸ਼ ਤੇ ਸੂਬੇ ਵਿੱਚ ਹਾਲਾਤ ਪੂਰੀ ਤਰ੍ਹਾ ਆਮ ਹਨ। ਅਜਿਹੇ ਵਿੱਚ ਸਰਕਾਰ ਦਾ ਸਹਿਯੋਗ ਕਰਨ ਅਤੇ ਪਹਿਲਾਂ ਦੀ ਤਰ੍ਹਾ ਹੀ ਜਰੂਰੀ ਹੋਣ @ਤੇ ਸਿਲੇਂਡਰ ਲੈਣ ਜਾਣ।

## ਮਿਯੂਨਿਸਿਪਲ ਏਰਿਆ ਵਿੱਚ ਮੀਟ ਦੀ ਦੁਕਾਨਾਂ ਖੋਲਣ 'ਤੇ ਲਗਾਈ ਪਾਬੰਦੀ : ਸ਼ਹਿਰੀ ਸਥਾਨਕ ਸਰਕਾਰ ਮੰਤਰੀ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਨਰਾਤਿਆਂ ਦੇ ਪਵਿੱਤਰ ਮੌਕੇ ਦੌਰਾਨ ਰਾਜ ਦੀ ਸਾਰੇ ਮਿਯੂਨਿਸਿਪਲ ਏਰਿਆ ਦੇ ਸੰਵੇਦਨਸ਼ੀਲ ਥਾਂਵਾ ਦੇ ਨੇੜੇ ਮੀਟ ਦੀ ਦੁਕਾਨਾਂ ਖੋਲਣ @ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ।

ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਨੇ ਕਿਹਾ ਕਿ ਹਰਿਆਣਾ ਮਿਯੂਨਿਸਿਪਲ ਐਕਟ 1976 ਦੇ ਰੈਗੂਲੇਸ਼ਨ ਆਫ ਸੇਲ ਆਫ ਮੀਟ ਐਕਟ ਤਹਿਤ ਧਾਰਮਿਕ, ਉਪਾਸਨਾ ਕੇਂਦਰਾਂ ਅਤੇ ਵਿਦਿਅਕ ਅਦਾਰਿਆਂ ਦੇ ਨੇੜੇ ਮੀਟ ਦੀਆਂ ਦੁਕਾਨਾਂ ਨੂੰ ਖੋਲਣ @ਤੇ ਪੂਰੀ ਤਰ੍ਹਾ ਪਾਬੰਦੀ ਲਗਾਈ ਗਈ ਹੈ।

ਇਸ ਤੋਂ ਇਲਾਵਾ, ਸਥਾਨਕ ਨਿਗਮਾਂ ਦੇ ਲਾਇਸੈਂਸ ਅਧਿਕਾਰੀ ਦੀ ਮੰਜੂਰੀ ਲਏ ਬਿਨ੍ਹਾ ਕੋਈ ਵੀ ਮੀਟ ਦੀ ਦੁਕਾਨ ਨਹੀਂ ਖੋਲੀ ਜਾ ਸਕਦੀ।

ਸ਼ਹਿਰੀ ਸਰਕਾਰ ਮੰਤਰੀ ਨੇ ਕਿਹਾ ਕਿ ਨਰਾਤਿਆਂ ਦੌਰਾਨ ਸ਼ਹਿਰੀ ਖੇਤਰਾਂ ਵਿੱਚ ਪੂਰੀ ਤਰ੍ਹਾ ਨਾਲ ਸ਼ਾਂਤੀ ਅਤੇ ਕਾਨੂੰਨ ਵਿਵਸਥਾ ਬਣਾਏ ਰੱਖਣ ਲਈ ਇਹ ਆਦੇਸ਼ ਜਾਰੀ ਕੀਤੇ ਗਏ ਹਨ।



ਜਾਰੀ ਆਦੇਸ਼ਾਂ ਅਨੁਸਾਰ, ਨਰਾਤਿਆਂ ਦੌਰਾਨ ਮਿਯੂਨਿਸਿਪਲ ਏਰਿਆ ਵਿੱਚ ਮੀਟ ਦੀ ਦੁਕਾਨ ਖੋਲਣ ਲਈ ਲਾਇਸੈਂਸਿੰਗ ਅਥਾਰਿਟੀ ਤੋਂ ਮੰਜੂਰੀ ਲੈਣਾ ਜਰੂਰੀ ਹੋਵੇਗਾ।

ਲਾਇਸੈਂਸਿੰਗ ਅਥਾਰਿਟੀਦੀ ਮੰਜੂਰੀ ਦੇ ਬਿਨ੍ਹਾ ਦੁਕਾਨ ਖੋਲਣ ਵਾਲਿਆਂ @ਤੇ ਸਖਤ ਕਾਰਵਾਈ ਕੀਤੀ ਜਾਵੇਗੀ।

ਸ਼ਹਿਰੀ ਸਥਾਨਕ ਸਰਕਾਰ ਮੰਤਰੀ ਵਿਪੁਲ ਗੋਇਲ ਨੇ ਆਦੇਸ਼ਾਂ ਵਿੱਚ ਕਿਹਾ ਕਿ ਸਾਰੇ ਮਿਯੂਨਿਸਿਪਲ ਅਧਿਕਾਰੀ ਨਿਯਮਤ ਰੂਪ ਨਾਲ ਸਬੰਧਿਤ ਮਿਯੂਨਿਸਿਪਲ ਏਰਿਆ ਦੀ ਮੀਟ ਦੀਆਂ ਦੁਕਾਨਾਂ ਦੀ ਮਾਨੀਟਰਿੰਗ ਕਰਨ ਲਈ ਪੁਖਤਾ ਪ੍ਰਬੰਧ ਕਰਨ ਅਤੇ ਇੰਨ੍ਹਾਂ ਆਦੇਸ਼ ਦੀ ਸਖਤੀ ਨਾਲ ਪਾਲਣਾ ਕਰਨਾ ਸਕੀਨੀ ਕਰਨ।

ਜਾਰੀ ਆਦੇਸ਼ਾਂ ਦਾ ਉਲੰਘਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਕਿਸੇ ਤਰ੍ਹਾ ਦੀ ਲਾਪ੍ਰਵਾਹੀ ਅਤੇ ਉਲੰਘਣਾ ਕਰਨ ਵਾਲਿਆਂ ਦੇ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਈ ਜਾਵੇਗੀ।

ਮਿੰਨੀ ਕਹਾਣੀ

## ਅਕਲ ਦੀ ਦਵਾਈ

ਕੁਲਵੀਰ ਦੇ ਘਰ ਦਾ ਗੇਟ, ਮੇਰੇ ਘਰ ਦੇ ਗੇਟ ਦੇ ਬਿਲਕੁਲ ਨਾਲ ਹੀ ਹੈ। ਉਸ ਦਾ ਵੱਡਾ ਮੁੰਡਾ ਮਾੜੇ ਮੁੰਡਿਆਂ ਦੀ ਸੰਗਤ ਵਿਚ ਪੈ ਕੇ ਨਸ਼ੇ ਕਰਨ ਲੱਗ ਪਿਆ। ਘਰ ਦੀ ਜੋ ਚੀਜ਼ ਉਸ ਨੂੰ ਦਿੱਸਦੀ ਉਸ ਨੂੰ ਵੇਚਣ ਤੁਰ ਪੈਂਦਾ ਹੈ। ਉਹ ਨਸ਼ਾ ਕਰਨ ਲਈ ਉਸ ਤੋਂ ਕਿਸੇ ਨਾ ਕਿਸੇ ਬਹਾਨੇ ਪੈਸੇ ਮੰਗਦਾ ਰਹਿੰਦਾ ਹੈ। ਉਸ ਦੇ ਕਰਕੇ ਉਸ ਨੂੰ ਫ਼ੌਜ ਦੀ ਨੌਕਰੀ ਛੱਡਣੀ ਪਈ ਹੈ।

ਕੁਲਵੀਰ ਦਾ ਛੋਟਾ ਭਰਾ ਬਲਵੀਰ, ਜਿਸ ਦੀ ਉਮਰ 40 ਸਾਲ ਤੋਂ ਉੱਪਰ ਹੈ ਤੇ ਵਿਹਲਾ ਹੋਣ ਕਰਕੇ ਉਸ ਵਿਆਹ ਨਾ ਹੋਇਆ। ਉਸ ਦੀ ਮਾਂ ਦਾ ਕੁਲਵੀਰ ਤੇ ਉਸ ਦੀ ਪਤਨੀ ਨਾਲ ਮੁੰਡੇ ਕਰਕੇ ਝਗੜਾ ਹੁੰਦਾ ਰਹਿੰਦਾ । ਉਹ ਹਰ ਵੇਲੇ ਉੱਚੀ-ਉੱਚੀ ਬੋਲਦਾ ਰਹਿੰਦਾ। ਉਸ ਦਾ ਇਸ ਤਰ੍ਹਾਂ ਬੋਲਣਾ ਮੈਨੂੰ ਵੀ ਚੰਗਾ ਨਾ ਲੱਗਦਾ। ਕੁਲਵੀਰ ਦੇ ਵੱਡੇ ਮੁੰਡੇ ਤੇ ਬਲਵੀਰ ਨੇ ਉਸ ਦੇ ਘਰ ਨੂੰ ਨਰਕ ਬਣਾਇਆ ਹੋਇਆ ਹੈ। ਕੁਲਵੀਰ ਆਪਣੇ ਮੁੰਡੇ ਨੂੰ ਤਾਂ ਸਮਝਾਉਂਦਾ ਰਹਿੰਦਾ ਹੈ ਪਰ ਬਲਵੀਰ ਉਸ ਦੀ ਗੱਲ ਸੁਣਨ ਨੂੰ ਤਿਆਰ ਨਹੀਂ।

ਇਕ ਦਿਨ ਮੈਨੂੰ ਬਲਵੀਰ ਗੇਟ ਤੋਂ ਬਾਹਰ ਉੱਚੀ-ਉੱਚੀ ਬੋਲਦਾ ਮਿਲ ਪਿਆ। ਮੈਂ ਉਸ ਨੂੰ ਆਖਿਆ, 'ਦੇਖ ਬਲਵੀਰ, ਤੇਰਾ ਹਾਲੇ ਵਿਆਹ ਨ੍ਹੀਂ ਹੋਇਆ। ਨਾ ਤੇਰਾ ਕੋਈ ਪੁੱਤ ਆ, ਨਾ ਧੀ। ਹਾਲੇ ਤੇਰੀਆਂ ਚੱਲਦੀਆਂ। ਜਿਸ ਦਿਨ ਤੂੰ ਮੰਜੇ 'ਤੇ ਪੈ ਗਿਆ, ਤੈਨੂੰ ਕੁਲਵੀਰ ਤੇ ਉਸ ਦੇ ਮੁੰਡਿਆਂ ਨੇ ਪਾਣੀ ਦਾ ਘੁੱਟ ਨ੍ਹੀਂ ਦੇਣਾ। ਇਸ ਲਈ ਤੂੰ ਉਨ੍ਹਾਂ ਨਾਲ ਚੱਜ ਨਾਲ ਪੇਸ਼ ਆਇਆ ਕਰ।'

ਬਲਵੀਰ ਨੇ ਮੇਰੀਆਂ ਗੱਲਾਂ ਧਿਆਨ ਨਾਲ ਸੁਣੀਆਂ ਤੇ ਚਲਾ ਗਿਆ। ਮੇਰੇ ਵੱਲੋਂ ਦਿੱਤੀ ਅਕਲ ਦੀ ਦਵਾਈ ਦਾ ਉਸ ਤੇ ਸ਼ਾਇਦ ਅਸਰ ਹੋ ਗਿਆ। ਹੁਣ ਉਨ੍ਹਾਂ ਦੇ ਘਰੋਂ ਝਗੜੇ ਦੀ ਆਵਾਜ਼ ਨਹੀਂ ਆਉਂਦੀ।

• ਮਹਿੰਦਰ ਸਿੰਘ ਮਾਨ, 99158-03554

## ਪ੍ਰਾਪਤ ਪੁਸਤਕ




ਪੁਸਤਕ : **ਪੋਟੇ ਬੋਲ ਪਏ**
ਲੇਖਕ : **ਬਲਦੇਵ ਸਿੰਘ**
ਪੰਨੇ : **82**
ਮੁੱਲ : **400/-**
ਪ੍ਰਕਾਸ਼ਨ : **ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।**

## ਅਮਰ 'ਸੂਫ਼ੀ' ਦੀਆਂ ਗ਼ਜ਼ਲਾਂ


98555-43660

*ਮਾਂ ਬੋਲੀ ਪੰਜਾਬੀ ਨੂੰ ਅੰਤਾਂ ਦਾ ਪਿਆਰ ਕਰਨ ਵਾਲਾ ਅਮਰ 'ਸੂਫ਼ੀ' ਕਈ ਹੋਰ ਭਾਸ਼ਾਵਾਂ ਵੀ ਜਾਣਦਾ ਹੈ। ਦੀਪਕ ਜੈਤੋਈ ਦਾ ਸ਼ਾਗਿਰਦ, ਸ਼ਾਂਤ ਸੁਭਾਅ, ਮਾਂ-ਬੋਲੀ ਦਾ ਅਧਿਆਪਕ, ਪਿਛਲੇ ਚਾਰ ਦਹਾਕਿਆਂ ਤੋਂ ਸਾਹਿਤ ਸਿਰਜਣਾ ਕਰ ਰਿਹੈ। ਦੇਸ਼-ਵਿਦੇਸ਼ ਵਿਚ ਘੁੰਮਣ ਤੇ ਪੁਖ਼ਤਾ ਗ਼ਜ਼ਲ ਕਹਿਣ ਵਾਲੇ ਇਸ ਸ਼ਾਇਰ ਨੇ ਦੋਹੇ, ਦੋਹਿੜੇ, ਬੈਂਤ, ਨਜ਼ਮਾਂ, ਚੁਮਿਸਰੇ, ਗੀਤ ਆਦਿ ਦੀ ਰਚਨਾ ਕੀਤੀ ਹੈ। ਵਾਰਤਕ ਪੁਸਤਕ 'ਨਿੱਕੀ ਜਿਹੀ ਗੱਲ' ਅਤੇ ਬੱਚਿਆਂ ਵਾਸਤੇ 'ਬੀਬਾ ਰਾਣਾ' ਪੁਸਤਕਾਂ ਆ ਚੁੱਕੀਆਂ ਹਨ...*

-----(1)-----

ਰੂਹ ਜਦ ਕੂੰਜ ਤਰ੍ਹਾਂ ਕੁਰਲਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।
ਰੀਝਾਂ ਪਾਈ ਹਾਲ ਦੁਹਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਦਿਲ ਦੇ ਜਜ਼ਬੇ ਨੂੰ ਤਾਂ ਦਿਲਬਰ !
ਹੰਝੂ-ਹੰਝੂ ਲਿਖ ਦਿੰਦਾ ਹਾਂ,
ਖ਼ਾਬਾਂ ਨੇ ਜਦ ਲਈ ਅੰਗੜਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਜਦ ਚਿਤਵਾਂ ਮੈਂ ਤੇਰੀ ਸੂਰਤ,
ਲਿਖ ਹੋ ਜਾਏ ਯਾਰ, ਗ਼ਜ਼ਲ ਕੁਈ,
ਤੇਰੇ ਮੋਹ ਜਦ ਵੀ ਖਿੱਚ ਪਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਮੇਰੇ ਪੋਟੇ ਆਪ-ਮੁਹਾਰੇ,
ਤੇਰਾ ਨਾਂ ਬਸ ਲਿਖ ਦਿੰਦੇ ਨੇ,
ਖ਼ਾਲੀ ਕਾਗ਼ਜ਼ ਪਾਈ ਦੁਹਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਮੋਹਨਾਮਾ ਜਦ ਲਿਖ ਨਾ ਹੋਇਆ,
ਸੁੱਟ ਦਿੱਤਾ ਸੀ ਪਾੜ ਕੇ ਪੰਨਾ,
ਪੁਰਜੇ ਤੱਕ ਜਦ ਅੱਖ ਭਰ ਆਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਜਦ ਵੀ ਤੇਰਾ ਖ਼ਤ ਮਿਲਦਾ ਹੈ,
ਚੋਰੀ-ਚੋਰੀ ਲੁਕ-ਲੁਕ ਪੜ੍ਹਦਾਂ,
ਭਾਵਾਂ ਦਿਲ ਵਿਚ ਅੱਗ ਮਚਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਫੁੱਲਾਂ ਵਾਲਾ ਕਾਗ਼ਜ਼ ਲੈ ਕੇ,
ਛੱਤ ਦੇ ਉੱਤੇ ਜਾਅ ਬਹਿੰਦਾ ਹਾਂ,
ਤੇਰੀ ਯਾਦ ਘਟਾ ਬਣ ਆਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਯਾਦ ਤਿਰੀ ਵਿਚ ਲੁੱਛਦਾ ਰਹਿੰਦਾ,
ਮੈਂ ਹਾਂ ਪੀੜ ਅਵੱਲੀ ਸਹਿੰਦਾ,
ਜਾਂਦੀ ਨਹੀਂ ਜਦ ਪੀੜ ਲੁਕਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

ਹਰ ਵਾਰੀ ਤੇਰਾ ਇਹ ਕਹਿਣਾ,
ਤੂੰ ਵੀ 'ਸੂਫ਼ੀ' ਲਿਖਿਆ ਕਰ ਕੁਝ,
ਤੂੰ ਮੇਰੇ ਹੱਥ ਕਲਮ ਫੜਾਈ,
ਤਦ ਤੈਨੂੰ ਮੈਂ ਖ਼ਤ ਲਿਖਿਆ ਹੈ।

-----(2)-----

ਜਿੱਥੇ ਘੋਰ ਦਰਿੰਦੇ ਵੱਸਣ।
ਉੱਥੇ ਕਿੰਜ ਪਰਿੰਦੇ ਵੱਸਣ।

ਘਰ ਦੇ ਮਾਲਕ, ਦੇਸ਼ ਬਿਗਾਨੇ,
ਇੱਥੇ ਕੁੰਡੇ ਜਿੰਦੇ ਵੱਸਣ।

ਘਰ ਵੀ ਤਾਂ ਹੀ ਘਰ ਹੁੰਦਾ ਹੈ,
ਜੇ ਘਰ ਵਿਚ ਬਾਸ਼ਿੰਦੇ ਵੱਸਣ।

ਚੀਂ-ਚੀਂ ਕਰਦੀ ਰਹਿੰਦੀ ਹੈ ਰੂਹ,
ਅੰਦਰ ਸ਼ਾਂਤ ਪਰਿੰਦੇ ਵੱਸਣ।

'ਸੂਫ਼ੀ' ਦੱਸੀਂ, ਕਿਹੜੀ ਗੱਲੋਂ,
ਹੰਝੂ ਝੱਟੇ ਬਿੰਦੇ ਵੱਸਣ।

-----(3)-----

ਜੇਕਰ ਮੈਨੂੰ ਮੋੜ ਸਕੇਂ ਤੂੰ,
ਮੋੜ ਦਈਂ ਹਰ ਹਾਲ।
ਸੱਜਣਾ ਤੈਨੂੰ ਭਾਲਣ ਖ਼ਾਤਰ,
ਲਾਏ ਜਿਹੜੇ ਸਾਲ।

ਸਾੜ ਦਵੀਂ ਮੇਰੇ ਖ਼ਤ ਸਾਰੇ,
ਚੁੱਲ੍ਹੇ ਦੇ ਵਿਚ ਡਾਹ ਕੇ,
ਇਸ ਰੱਦੀ ਦੀ ਕਿਹੜੀ ਗੱਲੋਂ,
ਕਰਦੈਂ ਹੁਣ ਸੰਭਾਲ।

ਗਲ਼ ਦੀ ਗਾਨੀ, ਚੀਚੀ ਛੱਲਾ
ਤੇ ਪੈਰਾਂ ਦੀ ਝਾਂਜਰ।
ਕਿੱਥੇ ਰੱਖੀਆਂ ਇਹ ਸੌਗਾਤਾਂ,
ਕੀ ਇਨ੍ਹਾਂ ਦਾ ਹਾਲ ?

ਭੀੜ 'ਚ ਜਦ ਮੈਂ ਤੇਰੇ ਵਰਗਾ,
ਚਿਹਰਾ ਤੱਕਦਾਂ ਕੋਈ,
ਅੱਠੇ ਪਹਿਰ ਜ਼ਿਹਨ ਵਿਚ ਘੁੰਮੇ,
ਦਿਲਬਰ ਤੇਰਾ ਖ਼ਿਆਲ।

ਬੜਾ ਵਰਜਿਆ ਸੀ ਨੈਣਾਂ ਨੂੰ,
ਆਖੇ ਮੂਲ ਨਾ ਲੱਗੇ,
ਕਿਹੜਾ ਚੰਦਰਾ ਪਲ ਸੀ,
ਜਦ ਇਹ ਬੈਠੇ ਸੁਪਨੇ ਪਾਲ।



ਤੇਰੀ ਸੁੰਦਰ ਬਾਗ਼ੀਚੀ ਦੀ,
ਖ਼ੈਰ ਸਦਾ ਮੈਂ ਮੰਗਾਂ,
ਜੀਵੇ ਮਾਲੀ ਜਿਹੜਾ ਇਸ ਦੀ,
ਕਰਦੈ ਸਾਂਭ ਸੰਭਾਲ।

ਮੁੱਦਤ ਹੋ ਗਈ ਤੈਨੂੰ ਮਿਲਿਆਂ,
ਥਹੁ ਨਾ, ਵਸਦੈਂ ਕਿੱਥੇ,
ਗੁਜ਼ਰ ਬਸਰ ਬਸ ਕਰਦਾ 'ਸੂਫ਼ੀ',
ਕੀ ਹੈ ਤੇਰਾ ਹਾਲ?

-----(4)-----

ਦੱਸੀਂ, ਕੀ ਤੂੰ ਮੈਨੂੰ ਕਰਦਾ
ਪਿਆਰ ਨਹੀਂ।
ਕੀ ਤੇਰੇ 'ਤੇ ਮੇਰਾ ਕੁਝ
ਅਧਿਕਾਰ ਨਹੀਂ।

ਮੇਰੀ ਆਖੀ ਹੋਈ
ਜਾਂ ਤਾਂ ਮੰਨ ਸਹੀ,
ਜਾਂ ਫਿਰ ਕਹਿ ਦੇ,
ਤੇਰੇ 'ਤੇ ਇਤਬਾਰ ਨਹੀਂ।

ਪਿਆਰ ਮੁਹੱਬਤ ਬਾਝੋਂ,
ਜੇ ਕਰ ਸੁੰਨਾ ਹੈ,
ਕੀ ਫਿਰ ਜੀਵਨ
ਬੰਦੇ ਉੱਤੇ ਭਾਰ ਨਹੀਂ।

ਜਿਸ ਬਾਝੋਂ ਨਾ
ਈਦ ਮਨਾਈ ਜਾਂਦੀ ਸੀ,
ਹੁੰਦਾ ਉਸ ਦਾ ਹੁਣ
ਕਿਧਰੇ ਦੀਦਾਰ ਨਹੀਂ।

ਸੁੰਨ-ਮਸੁੰਨੇ ਰੁੱਖ,
ਬਨੇਰੇ, ਛੱਤਾਂ ਵੀ,
ਚਿਰ ਤੋਂ ਆਈ ਹੁਣ
ਚਿੜੀਆਂ ਦੀ ਡਾਰ ਨਹੀਂ।

ਗਣਿਤ ਕਿਵੇਂ ਦਾ ਹੋਇਆ
ਵੇਖੋ ਜੀਵਨ ਦਾ,
ਦੋ ਤੇ ਦੋ ਵੀ ਹੁੰਦੇ
ਅੱਜ ਕੱਲ੍ਹ ਚਾਰ ਨਹੀਂ।

ਕਿਹੜੇ ਕੰਮ ਹੈ ਸ਼ਾਇਰੀ ਦਾ
ਪਰਪੰਚ ਤਿਰਾ,
ਕਲਮ ਤਿਰੀ ਦੀ ਤਿੱਖੀ
ਜੇ ਕਰ ਧਾਰ ਨਹੀਂ।

ਬੱਲ ਕਿਵੇਂ ਫਿਰ ਆਵੇਗਾ
ਡਿੰਘ ਪੁੱਟਣ ਦਾ,
ਪੈਰਾਂ ਹੇਠਾਂ ਜੇ ਦਗ਼ਦੇ
ਅੰਗਿਆਰ ਨਹੀਂ।

ਕਲਮ ਖ਼ਰੀਦਣ ਦਾ 'ਸੂਫ਼ੀ'
ਉਹ ਯਤਨ ਕਰੇ,
ਉਸ ਦੀ ਬੁਰਕੀ ਉੱਤੇ
ਮਾਰੀ ਧਾਰ ਨਹੀਂ।

-----(5)-----

ਪਿਆਰ ਵਿਚ ਵਿਸ਼ਵਾਸ,
ਮੇਰਾ ਨਾ ਰਿਹਾ।
ਦਿਲ 'ਚ ਜਿਸ ਦਾ ਵਾਸ,
ਮੇਰਾ ਨਾ ਰਿਹਾ।

ਉਹ ਜੋ ਮੇਰਾ ਸੀ
ਦੁਲਾਰਾ ਜਾਨ ਤੋਂ,
ਦੇਣ ਨੂੰ ਧਰਵਾਸ,
ਮੇਰਾ ਨਾ ਰਿਹਾ।

ਧੜਕਦਾ ਜੋ ਦਿਲ 'ਚ
ਮੇਰੇ ਸੀ ਕਦੇ,
ਉਸ ਦੇ ਹਿਰਦੇ ਵਾਸ,
ਮੇਰਾ ਨਾ ਰਿਹਾ।

ਕੀ ਕਰਾਂ ਮੈਂ
ਜ਼ਿੰਦਗੀ ਨੂੰ ਦੋਸਤੋ,
ਇਸ 'ਚ ਹੁਣ ਵਿਸ਼ਵਾਸ,
ਮੇਰਾ ਨਾ ਰਿਹਾ।

ਖ਼ਾਸ ਜਿਸ ਨੂੰ ਸਮਝਿਆ
ਸੀ ਮੈਂ ਕਦੇ,
ਉਹ ਨ ਆਇਆ ਰਾਸ,
ਮੇਰਾ ਨਾ ਰਿਹਾ।

ਪੀੜ, ਗ਼ਮ ਤੇ ਹਿਜ਼ਰ
ਇਸ ਨੂੰ ਚੂੰਡਦੇ,
ਜਿਸਮ ਉਤਲਾ ਮਾਸ,
ਮੇਰਾ ਨਾ ਰਿਹਾ।

ਮਾਣ 'ਸੂਫ਼ੀ' ਨੂੰ
ਬੜਾ ਸੀ ਇਸ਼ਕ 'ਤੇ,
ਹੁਸਨ ਵਾਲਾ ਖ਼ਾਸ,
ਮੇਰਾ ਨਾ ਰਿਹਾ। •

# ਪੰਜਾਬੀ ਸੱਭਿਆਚਾਰ ਦਾ ਕੋਸ਼

## ਗਿਆਨੀ ਗੁਰਦਿੱਤ ਸਿੰਘ



• ਪ੍ਰੋ. ਨਵ ਸੰਗੀਤ ਸਿੰਘ
94176-92015

### ਮੁੱਢਲੀ ਸਿੱਖਿਆ

ਗਿਆਨੀ ਜੀ ਨੇ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ। ਘਰੋਗੀ ਕੰਮ-ਧੰਦਿਆਂ ਦੇ ਨਾਲ-ਨਾਲ ਸਾਧੂਆਂ, ਸੰਤਾਂ, ਵਿਦਵਾਨਾਂ ਦੁਆਰਾ ਨੀਤੀ-ਸ਼ਾਸਤਰ, ਪਿੰਗਲ, ਕਾਵਿ ਨਾਲ ਸਬੰਧਤ ਗ੍ਰੰਥਾਂ ਦਾ ਅਧਿਐਨ ਕੀਤਾ। ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਰਥਾਂ ਨੂੰ ਸਮਝਿਆ।



[redacted]

'ਮੇਰਾ ਪਿੰਡ' ਪੁਸਤਕ ਨੂੰ ਪੰਜਾਬ ਤੇ ਦਿੱਲੀ ਦੀਆਂ ਕੁਝ ਯੂਨੀਵਰਸਿਟੀਆਂ 'ਚ ਪੜ੍ਹਾਇਆ ਜਾ ਰਿਹਾ ਹੈ। ਇਸ ਪੁਸਤਕ 'ਤੇ ਐੱਮਫਿਲ ਤੇ ਪੀਐੱਚਡੀ ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ...

ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ-ਮੱਥਾ ਸ਼ਿੰਗਾਰਨ, ਸੰਵਾਰਨ ਤੇ ਨਿਖਾਰਨ ਵਿਚ 'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ ਦੀ ਬੜੀ ਸਰਗਰਮ ਭੂਮਿਕਾ ਰਹੀ ਹੈ। ਉਨ੍ਹਾਂ ਨੂੰ ਇਕ ਸਫ਼ਲ ਵਾਰਤਕਕਾਰ ਦੇ ਨਾਲ-ਨਾਲ ਜੀਵਨੀਕਾਰ, ਸਿੱਖ ਇਤਿਹਾਸ ਦੇ ਸਕਾਲਰ, ਗੁਰਬਾਣੀ ਦੇ ਵਿਆਖਿਆਕਾਰ ਅਤੇ ਸਫ਼ਲ ਸੰਪਾਦਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਨ੍ਹਾਂ ਦਾ ਜਨਮ 24 ਫਰਵਰੀ 1923 ਨੂੰ ਹੀਰਾ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ, ਪਿੰਡ ਮਿੱਠੇਵਾਲ, ਰਿਆਸਤ ਮਲੇਰਕੋਟਲਾ ਵਿਖੇ ਹੋਇਆ।

ਗਿਆਨੀ ਗੁਰਦਿੱਤ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ ਅਤੇ ਪੇਂਡੂ ਘਰੋਗੀ ਕੰਮ-ਧੰਦਿਆਂ ਦੇ ਨਾਲ-ਨਾਲ ਸਾਧੂਆਂ, ਸੰਤਾਂ, ਵਿਦਵਾਨਾਂ ਤੋਂ ਨੀਤੀ-ਸ਼ਾਸਤਰ, ਪਿੰਗਲ, ਕਾਵਿ ਨਾਲ ਸਬੰਧਤ ਗ੍ਰੰਥਾਂ ਦਾ ਅਧਿਐਨ ਕੀਤਾ। ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਰਥਾਂ ਅਤੇ ਵਿਆਖਿਆ ਨੂੰ ਸਮਝਿਆ।

ਲਾਹੌਰ ਤੋਂ 1944-45 ਵਿਚ ਗਿਆਨੀ ਪਾਸ ਕਰਨ ਪਿੱਛੋਂ ਹੋਰ ਜਾਣਨ ਦੀ ਜਗਿਆਸਾ ਹਿੱਤ 1943 ਤੋਂ 1947 ਤਕ ਪੰਜਾ ਸਾਹਿਬ ਤੋਂ ਪਟਨਾ ਅਤੇ ਬਨਾਰਸ ਤਕ ਦੀ ਯਾਤਰਾ ਕੀਤੀ। ਇਸ ਦੌਰਾਨ ਧਾਰਮਿਕ ਅਸਥਾਨਾਂ, ਲਾਹੌਰ, ਅੰਮ੍ਰਿਤਸਰ, ਪਟਿਆਲਾ ਦੀਆਂ ਲਾਇਬ੍ਰੇਰੀਆਂ ਅਤੇ ਕਾਸ਼ੀ ਦੀ ਨਾਗਰੀ ਪ੍ਰਚਾਰਿਣੀ ਸਭਾ ਲਾਇਬ੍ਰੇਰੀ ਵਿੱਚੋਂ ਪੁਰਾਤਨ ਹੱਥ ਲਿਖਤਾਂ, ਬੀੜਾਂ ਅਤੇ ਦੁਰਲੱਭ ਗ੍ਰੰਥਾਂ ਦੀ ਖੋਜ ਕੀਤੀ।

ਇੰਦਰਜੀਤ ਕੌਰ ਸੰਧੂ ਨਾਲ ਸ਼ਾਦੀ ਹੋਣ ਪਿੱਛੋਂ ਉਨ੍ਹਾਂ ਦੇ ਘਰ ਦੋ ਲੜਕੇ ਰੁਪਇੰਦਰ ਸਿੰਘ (1960) ਅਤੇ ਰਵੀਇੰਦਰ ਸਿੰਘ (1961) ਪੈਦਾ ਹੋਏ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਾ ਹੋਵੇ ਕਿ ਸ੍ਰੀਮਤੀ ਸੰਧੂ 1975 ਤੋਂ 1977 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਰਹਿ ਚੁੱਕੇ ਹਨ ਅਤੇ ਉਹ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਸਮੇਤ ਪੰਜਾਬ ਦੀਆਂ ਹੋਰਨਾਂ ਯੂਨੀਵਰਸਿਟੀਆਂ ਵਿਚ ਹੁਣ ਤਕ ਦੇ ਪਹਿਲੇ ਅਤੇ ਇਕਲੌਤੇ ਇਸਤਰੀ ਵੀਸੀ ਹੋ ਗੁਜ਼ਰੇ ਹਨ। ਸ੍ਰੀਮਤੀ ਸੰਧੂ ਭਾਰਤ ਸਰਕਾਰ ਦੇ ਸਿਲੈਕਸ਼ਨ ਕਮਿਸ਼ਨ ਦੇ ਸਾਬਕਾ ਚੇਅਰਮੈਨ ਵੀ ਰਹਿ ਚੁੱਕੇ ਹਨ।

ਉਚੇਰੀ ਸਿੱਖਿਆ ਹਾਸਲ ਨਾ ਕਰਨ ਦੇ ਬਾਵਜੂਦ ਗਿਆਨੀ ਜੀ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ/ਸਿੱਖ-ਸਾਹਿਤ ਨਾਲ ਸਬੰਧਤ ਨਿੱਗਰ ਅਤੇ ਉੱਚ-ਪੱਧਰੀ ਪੁਸਤਕਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿਚ ਕਵਿਤਾ : ਅਛੋਹ ਸਿਖਰਾਂ (1950), ਭਾਵਾਂ ਦੇ ਦੇਸ਼ (1952)। ਖੋਜ ਅਤੇ ਆਲੋਚਨਾ : ਰਾਗ ਮਾਲਾ ਦੀ ਅਸਲੀਅਤ (1946), ਪੰਜਾਬੀ ਤੇ ਗੁਰਮੁਖੀ ਲਿਪੀ ਦਾ ਸੰਖੇਪ ਇਤਿਹਾਸ, ਭੱਟ ਅਤੇ ਉਨਾਂ ਦੀ ਰਚਨਾ (1960), ਮੁੰਦਾਵਣੀ (2003)।

ਵਾਰਤਕ : ਮੇਰਾ ਪਿੰਡ (ਪਹਿਲੀ ਛਾਪ 1961, ਬਾਰ੍ਹਵੀਂ ਛਾਪ 2014)। ਇਸ ਪੁਸਤਕ ਦਾ ਹਿੰਦੀ ਅਨੁਵਾਦ ਵੀ ਛਪ ਚੁੱਕਾ ਹੈ। ਤਿੱਥ ਤਿਉਹਾਰ, ਮੇਰੇ ਪਿੰਡ ਦਾ ਜੀਵਨ। ਜੀਵਨੀ : ਭਾਈ ਲਾਲੋ ਦਰਸ਼ਨ (1987), ਸਿੱਖ ਮਹਾਂਪੁਰਸ਼, ਸੰਖੇਪ ਜੀਵਨੀਆਂ ( ਭਾਈ ਦਿੱਤ ਸਿੰਘ, ਰਾਗੀ ਹੀਰਾ ਸਿੰਘ, ਭਾਈ ਰਣਧੀਰ ਸਿੰਘ, ਗਿਆਨੀ ਗੁਰਬਚਨ ਸਿਘ ਭਿੰਡਰਾਂ ਵਾਲੇ, ਅਕਾਲੀ ਕੌਰ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜਵਾਹਰ ਸਿੰਘ ਕਪੂਰ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨ ਸਿੰਘ ਰਾੜੇਵਾਲਾ, ਸ. ਹੁਕਮ ਸਿੰਘ, ਮਹਾਰਾਜਾ ਅਸ਼ੋਕ, ਮਹਾਤਮਾ ਬੁੱਧ, ਕਿੱਕਰ ਸਿੰਘ ਪਹਿਲਵਾਨ। ਸੱਭਿਆਚਾਰ ਤੇ ਇਤਿਹਾਸ ਦੀਆਂ ਪੁਸਤਕਾਂ : ਸਿੰਘ ਸਭਾ ਲਹਿਰ ਦੀ ਦੇਣ, ਪੰਜਾਬ ਦੇ ਤਖ਼ਤਾਂ ਦਾ ਇਤਿਹਾਸ (1965), ਪੰਜਾਬੀ ਸੱਭਿਆਚਾਰ (1987)।

ਧਰਮ ਤੇ ਫ਼ਲਸਫ਼ਾ : ਜੀਵਨ ਦਾ ਉਸਰੱਈਆ-ਸ੍ਰੀ ਗੁਰੂ ਨਾਨਕ ਦੇਵ ਜੀ (1947), ਸਿੱਖ ਧਾਮ ਤੇ ਸਿੱਖ ਗੁਰਦੁਆਰੇ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ : ਭਗਤ ਬਾਣੀ ਭਾਗ (1990)। ਸੰਪਾਦਨ ਪੁਸਤਕਾਂ ਵਿਚ : ਅਮਰਨਾਮਾ (1950), ਲੋਕ ਕਹਾਣੀਆਂ (ਤਿੰਨ ਜਿਲਦਾਂ 1977, ਤਿੰਨੇ ਜਿਲਦਾਂ ਸੰਯੁਕਤ ਰੂਪ ਵਿਚ-1987) ਸ਼ਾਮਿਲ ਹੈ।

'ਮੇਰਾ ਪਿੰਡ' ਪੁਸਤਕ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੋਸ਼ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿਚ ਇਹ ਪੁਸਤਕ 'ਕਲਾਸਿਕ' ਹੋਣ ਦਾ ਦਰਜਾ ਰੱਖਦੀ ਹੈ। ਪੰਜਾਬੀ ਸੱਭਿਅਤਾ, ਸੰਸਕ੍ਰਿਤੀ ਤੇ ਵਿਰਸੇ ਦਾ ਜੋ ਭਰਪੂਰ ਚਿੱਤਰ ਇਸ ਵਿਚ ਮਿਲਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਤਾਬ ਮੁਹਾਵਰਿਆਂ, ਅਖੌਤਾਂ ਦਾ ਵਿਸ਼ਾਲ ਖ਼ਜ਼ਾਨਾ ਹੈ। ਲੇਖਕ ਨੇ ਆਪਣੀ ਵਿਲੱਖਣ ਸ਼ੈਲੀ ਰਾਹੀਂ ਪੇਂਡੂ ਲੋਕਾਂ ਦੀਆਂ ਮਨੌਤਾਂ, ਆਰਥਿਕ ਮੁਸ਼ਕਲਾਂ, ਵਹਿਮਾਂ- ਭਰਮਾਂ ਤੇ ਲੋਪ ਹੋ ਰਹੇ ਪੱਖਾਂ ਨੂੰ ਬੜੇ ਹੀ ਖ਼ੂਬਸੂਰਤ ਢੰਗ ਨਾਲ ਚਿਤਰਿਆ ਹੈ।

2003 ਵਿਚ 'ਮੇਰਾ ਪਿੰਡ' ਦੀ ਐਡੀਸ਼ਨ ਵਿਚ ਲੇਖਕ ਨੇ ਪੁਸਤਕ ਦਾ ਆਕਾਰ ਵੱਡਾ ਕਰ ਕੇ, ਆਪਣੀ ਪਤਨੀ ਨੂੰ ਸਮਰਪਿਤ ਕਰ ਦਿੱਤਾ। ਇਹ ਪੁਸਤਕ ਲੇਖਕ ਦੇ ਆਪਣੇ 'ਸਾਹਿਤ ਪ੍ਰਕਾਸ਼ਨ' ਚੰਡੀਗੜ੍ਹ ਤੋਂ ਹੀ ਛਪਦੀ ਰਹੀ ਹੈ।

1958-59 ਵਿਚ ਗਿਆਨੀ ਜੀ ਨੇ 'ਮੇਰਾ ਪਿੰਡ' ਦਾ ਪਹਿਲਾ ਭਾਗ ਲਿਖਿਆ ਅਤੇ ਪੁਸਤਕ ਛਪਦੇ-ਛਪਦੇ 1961 ਵਿਚ 'ਤਿੱਥ ਤਿਉਹਾਰ' ਤੇ 'ਮੇਰੇ ਪਿੰਡ ਦਾ ਜੀਵਨ' ਨੂੰ ਯੂਨੈਸਕੋ ਅਵਾਰਡ ਪ੍ਰਾਪਤ ਹੋਏ। ਉਨ੍ਹਾਂ ਨੂੰ ਮਿਲੇ ਹੋਰ ਸਨਮਾਨਾਂ ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਮੇਰਾ ਪਿੰਡ' ਨੂੰ ਪੁਰਸਕਾਰ (1961), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ : ਭਗਤ ਬਾਣੀ ਭਾਗ' ਤੇ ਪੰਦਰਾਂ ਹਜ਼ਾਰ ਰੁਪਏ ਦਾ ਪੁਰਸਕਾਰ ਅਤੇ 'ਗੁਰਮਤਿ ਆਚਾਰੀਆ' ਦੀ ਉਪਾਧੀ (1991), ਗੁਰਦੁਆਰਾ ਐਸੋਸੀਏਸ਼ਨ ਵੂਲਰ, ਲੰਡਨ, ਸਿੱਖ ਕਲਚਰਲ ਸੋਸਾਇਟੀ ਵੈਨਕੂਵਰ, ਕੈਨੇਡਾ, ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ, ਅਮਰੀਕਾ ਵੱਲੋਂ ਸਨਮਾਨ (1990), ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਨਰੇਰੀ ਫੈਲੋਸ਼ਿਪ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ 1998 ਲਈ 'ਕਰਤਾਰ ਸਿੰਘ ਧਾਲੀਵਾਲ ਅਵਾਰਡ' (2002), ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ (2006) ਆਦਿ ਉਲੇਖਯੋਗ ਹਨ।

ਗਿਆਨੀ ਜੀ ਵੱਲੋਂ ਕੀਤੇ ਕਾਰਜਾਂ ਵਿਚ ਪੱਤਰ-ਪੱਤ੍ਰਿਕਾਵਾਂ ਦਾ ਸੰਪਾਦਨ ਵੀ ਸ਼ਾਮਿਲ ਹੈ। 1948 ਵਿਚ ਉਨਾਂ ਨੇ ਸਪਤਾਹਿਕ ਅਖ਼ਬਾਰ 'ਪ੍ਰਕਾਸ਼' ਪਟਿਆਲੇ ਤੋਂ ਸ਼ੁਰੂ ਕੀਤਾ ਜੋ ਪਿੱਛੋਂ ਰੋਜ਼ਾਨਾ ਕਰ ਦਿੱਤਾ ਗਿਆ ਅਤੇ ਇਹ 1956 ਤਕ ਪਟਿਆਲੇ ਤੋਂ ਛਪਦਾ ਰਿਹਾ। 1956 ਤੋਂ 1964 ਤਕ ਇਹ ਚੰਡੀਗੜ੍ਹ ਤੋਂ ਛਪਣ ਲੱਗਾ ਅਤੇ ਫਿਰ 1970 ਤੋਂ 1979 ਤੱਕ ਫਿਰ ਪਟਿਆਲੇ ਤੋਂ ਸਪਤਾਹਿਕ ਵਜੋਂ ਛਪਣ ਲੱਗਿਆ। ਪਟਿਆਲੇ ਤੋਂ ਹੀ ਉਨ੍ਹਾਂ ਨੇ ਇਕ ਮਾਸਿਕ ਪੱਤ੍ਰਿਕਾ 'ਜੀਵਨ ਸੰਦੇਸ਼' ਸ਼ੁਰੂ ਕੀਤੀ, ਜੋ 1950 ਤੋਂ 1953 ਤਕ ਜਾਰੀ ਰਹੀ। ਚੰਡੀਗੜ੍ਹ ਤੋਂ ਉਨ੍ਹਾਂ ਨੇ ਮਾਸਿਕ ਪੱਤਰ 'ਸਿੰਘ ਸਭਾ ਪੱਤ੍ਰਿਕਾ' ਸ਼ੁਰੂ ਕੀਤਾ, ਜਿਸ ਦੇ ਕਈ ਵਿਸ਼ੇਸ਼ ਅੰਕਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

1973 ਵਿਚ ਗਿਆਨੀ ਜੀ ਨੇ ਸਿੰਘ ਸਭਾ ਲਹਿਰ ਦੀ ਯਾਦ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਕੰਮ ਆਪਣੇ ਜ਼ਿੰਮੇ ਲੈ ਕੇ ਅੰਮ੍ਰਿਤਸਰ ਰਹਿਣਾ ਸ਼ੁਰੂ ਕਰ ਦਿੱਤਾ। ਪਹਿਲਾਂ ਉਹ ਇਹਦੇ ਜਨਰਲ ਸਕੱਤਰ ਰਹੇ। 1983 ਤੋਂ 1992 ਤਕ ਕੇਂਦਰੀ ਸਿੰਘ ਸਭਾ ਦੀ ਪ੍ਰਧਾਨਗੀ ਦੇ ਰੂਪ ਵਿਚ ਕਾਰਜ ਕੀਤਾ। ਉਨ੍ਹਾਂ ਨੇ ਅਣਗਿਣਤ ਸਮਾਗਮ, ਵਿਚਾਰ ਸੰਮੇਲਨ, ਪਾਠਬੋਧ ਸਮਾਗਮ ਭਾਰਤ ਦੇ ਵੱਡੇ ਸ਼ਹਿਰਾਂ ਅਤੇ ਸਿੱਖਾਂ ਦੇ ਮੁੱਖ ਕੇਂਦਰਾਂ 'ਤੇ ਆਯੋਜਿਤ ਕਰਵਾਏ। ਅਜਿਹੇ ਕਾਰਜਾਂ ਲਈ ਉਨ੍ਹਾਂ ਨੇ ਦਿੱਲੀ ਅਤੇ ਚੰਡੀਗੜ੍ਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੀ ਸਥਾਪਨਾ ਕੀਤੀ।

ਗਿਆਨੀ ਜੀ ਪੰਜਾਬ ਵਿਧਾਨ ਪਰਿਸ਼ਦ ਦੇ 1958 ਤੋਂ 1961 ਤਕ ਮੈਂਬਰ ਰਹੇ। ਇੱਥੇ ਰਹਿੰਦਿਆਂ ਉਨ੍ਹਾਂ ਦੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਲਈ ਦੋ ਪ੍ਰਸਤਾਵ ਪੇਸ਼ ਕੀਤੇ ਅਤੇ ਇਨ੍ਹਾਂ ਦੀ ਕਾਇਮੀ ਲਈ ਸਾਰਥਿਕ ਉਪਰਾਲੇ ਕੀਤੇ।

ਗਿਆਨੀ ਗੁਰਦਿੱਤ ਸਿੰਘ ਜੀ ਵੱਲੋਂ ਲਿਖੀ ਕਲਾਸਿਕ ਪੁਸਤਕ 'ਮੇਰਾ ਪਿੰਡ' ਯੂਨੀਵਰਸਿਟੀਆਂ ਵਿਚ ਗਿਆਨੀ ਦੇ ਕੋਰਸ ਲਈ ਅਤੇ ਪੰਜਾਬ ਤੇ ਦਿੱਲੀ ਵਿਚ ਐੱਮਏ ਦੀਆਂ ਜਮਾਤਾਂ ਵਿਚ ਪੜ੍ਹੀ ਤੇ ਪੜ੍ਹਾਈ ਜਾ ਰਹੀ ਹੈ। ਐੱਮਫਿਲ ਅਤੇ ਪੀ-ਐੱਚਡੀ ਪੱਧਰ ਦਾ ਖੋਜ-ਕਾਰਜ ਵੀ ਇਸ ਸਬੰਧ ਵਿਚ ਹੋ ਚੁੱਕਾ ਹੈ। ਸੋਸ਼ਿਆਲੋਜੀ ਤੇ ਖੋਜ ਕਰਨ ਵਾਲੇ ਵਿਦੇਸ਼ੀ ਵਿਦਵਾਨਾਂ ਨੇ ਵੀ ਇਸ ਕਿਤਾਬ ਨੂੰ ਆਪਣੇ ਪੱਖ ਤੋਂ ਪੜ੍ਹਿਆ ਅਤੇ ਵਿਚਾਰਿਆ ਹੈ। ਇਸ ਤਰ੍ਹਾਂ ਗਿਆਨੀ ਜੀ ਜੀਵਨ-ਭਰ ਖੋਜ-ਕਾਰਜਾਂ ਵਿਚ ਰੁੱਝੇ ਰਹੇ ਅਤੇ ਅੰਤ 17 ਜਨਵਰੀ 2007 ਨੂੰ ਅਕਾਲ ਚਲਾਣਾ ਕਰ ਗਏ। •



• ਸੁਰਿੰਦਰ ਸੋਹਲ
0016462202586

[redacted]

ਮੇਰੀ ਮੁਲਾਕਾਤ ਜਦੋਂ ਉਸ ਨਾਲ ਹੋਈ ਓਦੋਂ ਉਸ ਦੀ ਕਿਤਾਬ 'ਲਿਖਤੁਮ ਸ਼ਹਿਰ ਭੰਬੋਰ' ਛਪ ਚੁੱਕੀ ਸੀ। ਉਸ ਨੇ 'ਅਕਾਦਮੀ ਆਫ਼ ਪੰਜਾਬੀ ਫੋਕਲੋਰ' ਨਾਂ ਦੀ ਸੰਸਥਾ ਬਣਾ ਲਈ ਸੀ। ਕਦੇ ਕਦਾਈਂ 'ਵਾਰਿਸ' ਰਸਾਲਾ ਵੀ ਛਾਪਦਾ ਸੀ...

# ਕੰਵਰ ਇਮਤਿਆਜ਼ ਨੂੰ ਯਾਦ ਕਰਦਿਆਂ

ਮੈਨੂੰ ਸੋਢੀ ਸੁਲਤਾਨ ਸਿੰਘ ਦਾ ਫੋਨ ਆਇਆ,'ਯਾਰ ਮੈਂ ਕੱਲ੍ਹ ਕੰਵਰ ਇਮਤਿਆਜ਼ ਨਾਲ ਗੱਲ ਕੀਤੀ ਸੀ। ਮਨ ਨੂੰ ਬੜੀ ਚੈਨ ਮਿਲੀ। ਪਿਛਲੇ ਛੇ ਸੱਤ ਸਾਲਾਂ ਤੋਂ ਉਹ ਮੇਰੇ ਨਾਲ ਨਾਰਾਜ਼ ਸੀ।'

ਮੈਂ ਕਿਹਾ,'ਤੂੰ ਮੈਨੂੰ ਵੀ ਕੰਵਰ ਇਮਤਿਆਜ਼ ਦਾ ਨੰਬਰ ਦੇਵੀਂ।' ਮੁੜ ਕੇ ਮੇਰੇ ਕੋਲੋਂ ਕਾਲ ਨਈਂ ਕਰ ਹੋਈ। ਸੋਢੀ ਸੁਲਤਾਨ ਸਿੰਘ ਨੇ ਅਚਾਨਕ ਹੀ ਕੰਵਰ ਦਾ ਜ਼ਿਕਰ ਛੇੜ ਲਿਆ ਤਾਂ ਮੈਨੂੰ ਉਸ ਨਾਲ ਗੁਜ਼ਾਰਿਆ ਜ਼ਮਾਨਾ ਯਾਦ ਆਉਣ ਲੱਗਾ। ਜਦੋਂ ਮੇਰੀ ਮੁਲਾਕਾਤ ਹੋਈ ਸੀ, ਉਸ ਦੀ ਕਿਤਾਬ 'ਲਿਖਤੁਮ ਸ਼ਹਿਰ ਭੰਬੋਰ' ਛਪ ਚੁੱਕੀ ਸੀ। ਉਸ ਨੇ 'ਅਕਾਦਮੀ ਆਫ਼ ਪੰਜਾਬੀ ਫੋਕਲੋਰ' ਨਾਂ ਦੀ ਸੰਸਥਾ ਬਣਾ ਲਈ ਸੀ। ਆਪਣੇ ਕਦੇ ਕਦਾਈਂ ਛਪਣ ਵਾਲੇ ਰਸਾਲੇ 'ਵਾਰਿਸ' 'ਚ ਉਹ ਇਕਬਾਲ ਕੈਸਰ ਦੀ ਕਿਤਾਬ 'ਪੱਤਰ ਟਾਵਾਂ ਟਾਵਾਂ' ਪੂਰੀ ਦੀ ਪੂਰੀ ਛਾਪ ਚੁੱਕਾ ਸੀ। 'ਹਰਕਾਰਾ' ਮੈਗਜ਼ੀਨ ਦਾ ਸਹਿ-ਸੰਪਾਦਕ ਬਣ ਗਿਆ ਸੀ। ਪਾਕਿਸਤਾਨ ਤੋਂ 'ਬਾਬਾ ਬੁੱਲ੍ਹੇ ਸ਼ਾਹ ਐਵਾਰਡ' ਅਜੇ ਪ੍ਰਾਪਤ ਕਰਨ ਵਾਲਾ ਰਹਿੰਦਾ ਸੀ। 'ਮੈਂ ਪੰਜਾਬ ਹਾਂ' ਕਿਤਾਬ ਦਾ ਸੰਪਾਦਨ ਵੀ ਹਾਲੇ ਉਸ ਨੇ ਕੀਤਾ ਨਹੀਂ ਸੀ।

ਉਸ ਦੇ ਹੱਥੀਂ ਲਾਇਆ ਬੂਟਾ 'ਸਿਰਜਣਾ ਕੇਂਦਰ ਕਪੂਰਥਲਾ' ਵੱਧ ਫੁੱਲ ਕੇ ਆਪਣੀ ਥਾਂ ਬਣਾ ਚੁੱਕਾ ਸੀ। ਹੌਲੀ ਹੌਲੀ ਉਹ ਇਸ ਦਾ ਸਰਪ੍ਰਸਤ ਬਣ ਗਿਆ ਸੀ। ਪੰਜਾਬੀ ਸਾਹਿਤ ਦੀ ਦੁਨੀਆ 'ਚ ਸਾਡੀ ਅਜੇ 'ਐਂਟਰੀ' ਹੀ ਸੀ। ਕਰਨੈਲ ਸਿੰਘ ਨਿੱਝਰ ਆਪਣੇ ਪਿੰਡ ਨਿੱਝਰਾਂ ਵਿਚ 'ਨਿੱਝਰ ਸਾਹਿਤ ਸਭਾ' ਵੱਲੋਂ ਫੰਕਸ਼ਨ ਕਰਵਾਉਂਦਾ ਸੀ। ਇਨ੍ਹਾਂ ਸਮਾਗਮਾਂ 'ਚ ਸਾਡੀ ਉਸ ਨਾਲ ਜਾਣ-ਪਛਾਣ ਵਧੀ ਸੀ। 'ਸ਼ਬਦਾਂ ਦਾ ਜਾਦੂਗਰ' ਵਿਸ਼ੇਸ਼ਣ ਉਸ ਲਈ ਆਮ ਵਰਤਿਆ ਜਾਂਦਾ।

ਕਰਨੈਲ ਸਿੰਘ ਨਿੱਝਰ ਦੀ ਕਿਤਾਬ 'ਠਾਕੀਆਂ ਜੀਭਾਂ' ਉਪਰ ਏਪੀਜੇ ਸਕੂਲ ਜਲੰਧਰ ਵਿਚ ਗੋਸ਼ਟੀ ਸੀ। ਜਸਵੰਤ ਸਿੰਘ ਕੰਵਲ ਇਸ ਦੀ ਪ੍ਰਧਾਨਗੀ ਕਰ ਰਿਹਾ ਸੀ। ਗੋਸ਼ਟੀ ਦੀ ਚਾਲ ਬਹੁਤ ਠੰਢੀ ਸੀ। ਇਸ ਸਮਾਗਮ ਦੀ ਕਾਰਵਾਈ ਚਲਾਉਂਦਾ ਕੰਵਰ ਚਿਹਰੇ 'ਤੇ ਬੇਹੱਦ ਗੁੱਸਾ ਅਤੇ ਅੱਖਾਂ ਵਿਚ ਜੋਸ਼ ਲਿਆ ਕੇ ਬੋਲਿਆ,'ਅਸੀਂ ਕਿਤਾਬ ਦੀ ਗੋਸ਼ਟੀ 'ਤੇ ਆਏ ਆਂ। ਸਾਨੂੰ ਮਿੱਠੀਆਂ-ਮਿੱਠੀਆਂ ਗੱਲਾਂ ਨਈਂ ਕਰਨੀਆਂ ਚਾਹੀਦੀਆਂ। ਕਹਾਣੀਆਂ ਬਾਰੇ ਬੇਬਾਕ ਹੋ ਕੇ ਬੋਲਣਾ ਚਾਹੀਦੈ। ਕਹਾਣੀਆਂ ਨਾਲ ਇਨਸਾਫ਼ ਕਰਨਾ ਚਾਹੀਦੈ। ਕਹਾਣੀਕਾਰ ਦੀ ਸਮਰੱਥਾ ਬਾਰੇ ਗੱਲ ਕਰਨੀ ਚਾਹੀਦੀ ਐ।' ਗੋਸ਼ਟੀ ਵਿਚ ਇਕਦਮ ਤੇਜ਼ੀ ਆ ਗਈ। ਕਹਾਣੀਆਂ ਦੇ ਹੱਕ ਤੇ ਵਿਰੋਧ ਵਿਚ ਬਹਿਸ ਭਖ ਗਈ। ਲੇਖਕਾਂ ਨੂੰ ਇੱਥੇ ਲੜਦੇ ਵੀ ਅਸੀਂ ਪਹਿਲੀ ਵਾਰ ਹੀ ਦੇਖਿਆ ਸੀ।

ਕੰਵਰ ਇਮਤਿਆਜ਼ ਦੇ ਪਿੰਡ ਸਿੱਧਵਾਂ ਵਿਖੇ ਮੇਰੀ ਭੂਆ ਦੀ ਕੁੜੀ ਵਿਆਹੀ ਹੋਈ ਹੈ। ਉੱਥੇ ਹੀ ਸਕੂਲ ਵਿਚ ਉਹ ਮਾਸਟਰ ਰਿਹਾ। ਇਕ ਵਾਰ ਮੈਂ ਕੰਵਰ ਨੂੰ ਸਕੂਲੇ ਮਿਲਣ ਗਿਆ। ਉਸ ਨੇ ਕਲਾਸ ਤੋਂ ਹਟਵੀਆਂ ਦੋ ਕੁਰਸੀਆਂ ਰਖਵਾ ਲਈਆਂ। ਗੱਲਾਂ ਕਰਦਾ ਕਰਦਾ ਉਹ ਕਹਿਣਾ ਲੱਗਾ,'ਤੈਨੂੰ ਪਤਾ ਰੱਬ ਨੇ ਖ਼ੂਬਸੂਰਤ ਚੀਜ਼ਾਂ ਇਕੱਠੀਆਂ ਕਰ ਕੇ ਲੇਖਕ ਬਣਾ ਦਿੱਤਾ। ਜਿਹੜਾ ਮਗਰੋਂ ਫੋਕ ਬਚਿਆ ਉਸ ਦਾ ਆਲੋਚਕ ਬਣਾ ਦਿੱਤਾ।' ਉਹ ਉੱਚੀ ਉੱਚੀ ਹੱਸਿਆ। ਫਿਰ ਬੋਲਿਆ,'ਰੈਖ਼ਵ ਪਤਾ ਕੀ ਕਹਿੰਦੈ ਆਲੋਚਕ ਬਾਰੇ? ਕਹਿੰਦਾ-ਆਲੋਚਕ ਉਹ ਬੌਣਾ ਹੈ ਜਿਹੜਾ ਲੇਖਕ ਦੇ ਮੋਢਿਆਂ 'ਤੇ ਚੜ੍ਹ ਕੇ ਆਖਦਾ ਹੈ-ਦੇਖ ਮੈਂ ਤੇਰੇ ਨਾਲੋਂ ਉੱਚਾ ਹਾਂ...।'

ਦਰਖ਼ਤਾਂ 'ਤੇ ਪੰਛੀ ਬੋਲੇ। ਉਹ ਪੰਛੀਆਂ ਬਾਰੇ ਦੱਸਣ ਲੱਗਾ,'ਤੈਨੂੰ ਪਤਾ ਜਦੋਂ ਅਸੀਂ ਕਹਿੰਦੇ ਹਾਂ-ਕੋਇਲ ਕੂਕਦੀ ਹੈ। ਇਹ ਗ਼ਲਤ ਹੈ। ਹਮੇਸ਼ਾ ਨਰ ਕੋਇਲ ਹੀ ਕੂਕਦਾ ਹੈ। ਮਾਦਾ ਕੋਇਲ ਨੂੰ ਆਕਰਸ਼ਤ ਕਰਨ ਲਈ। ਇਸ ਲਈ ਕੋਇਲ ਕੂਕਦਾ ਹੈ, ਸਹੀ ਹੈ।' ਫਿਰ ਉਹ ਮਸੋਲਿਆਂ, ਮੋਰਾਂ, ਗਟਾਰਾਂ, ਸ਼ਾਰਕਾਂ ਬਾਰੇ ਨਿੱਕੀਆਂ ਨਿੱਕੀਆਂ ਗੱਲਾਂ ਦੱਸਦਾ ਰਿਹਾ।

ਕੰਵਰ ਇਮਤਿਆਜ਼ ਦੀ ਸ਼ਾਇਰੀ ਧਰਤੀ ਨਾਲ, ਮਨੁੱਖ ਨਾਲ ਜੁੜੀ ਹੋਈ ਹੈ-

ਜ਼ਿੰਦਗੀ ਦੁਸ਼ਵਾਰੀਆਂ ਤੇ ਠੋਕਰਾਂ।
ਸੁਪਨਿਆਂ ਵਿਚ ਰੀਂਗਦੀ ਹੈ ਕਲਪਨਾ।
ਜਾਣ ਵਾਲੇ ਜਾਹ ਤੇਰਾ ਸ਼ੁਕਰੀਆ,
ਆਉਣ ਲੱਗਾ ਲੈ ਕੇ ਆਵੀਂ ਰੌਣਕਾਂ।

ਕੰਵਰ ਇਮਤਿਆਜ਼ ਚਿੱਤਰਕਾਰੀ ਵੀ ਕਰਦਾ ਸੀ। ਚਿੱਤਰਕਾਰੀ ਵਿਚ ਉਸ ਨੇ ਆਪਣਾ ਉਸਤਾਦ ਇਮਰੋਜ਼ ਨੂੰ ਮੰਨਿਆ ਹੋਇਆ ਸੀ। ਮੈਂ ਤੇ ਕੁਲਭੂਸ਼ਨ ਨੇ ਤ੍ਰੈ ਮਾਸਿਕ ਪਰਚਾ 'ਅਹਿਸਾਸ' ਸ਼ੁਰੂ ਕਰ ਲਿਆ। ਸੁਰਜੀਤ ਸਾਜਨ ਨੇ ਦੱਸਿਆ,'ਕੰਵਰ ਤੇਰੇ ਮੈਟਰ ਦੀ ਸਿਲੈਕਸ਼ਨ ਦੀ ਤਾਰੀਫ਼ ਕਰਦਾ ਸੀ।' ਉਨ੍ਹੀਂ ਦਿਨੀਂ ਕੰਵਰ ਇਮਤਿਆਜ਼ ਨੇ ਆਪਣੀ 'ਅਕਾਦਮੀ ਆਫ਼ ਪੰਜਾਬੀ ਫੋਕਲੋਰ' ਵੱਲੋਂ ਕਪੂਰਥਲੇ ਦੇ ਐੱਸਡੀਐਮ ਦੀ ਕਿਤਾਬ 'ਕਲਾਮ ਹੀਰ' ਪ੍ਰਕਾਸ਼ਿਤ ਕੀਤੀ। ਮੈਂ ਰਾਤ ਨੂੰ ਕਿਤਾਬ ਪੜ੍ਹਦਾ ਗਿਆ ਤੇ ਪੁਆਇੰਟ ਲਿਖਦਾ ਗਿਆ। ਤੜਕੇ ਨੂੰ ਮੈਨੂੰ ਫਿਰ ਜਾਗ ਆ ਗਈ। ਮੈਂ ਉਸ ਕਿਤਾਬ ਬਾਰੇ ਲੰਬਾ ਲੇਖ ਲਿਖ ਦਿੱਤਾ। ਮੈਨੂੰ ਲੱਗਦਾ ਸੀ ਕਿ ਕੰਵਰ ਨੂੰ ਇਹ ਕਿਤਾਬ ਘੱਟੋ ਘੱਟ 'ਅਕਾਦਮੀ' ਵਲੋਂ ਛਾਪਣੀ ਨਹੀਂ ਸੀ ਚਾਹੀਦੀ। ਮੈਂ ਆਪਣੇ ਲੇਖ ਦੀ ਆਖ਼ਰੀ ਲਾਈਨ ਇਹ ਲਿਖੀ ਸੀ-ਜੇਕਰ ਅਕਾਦਮੀ ਆਫ਼ ਪੰਜਾਬੀ ਫੋਕਲੋਰ ਅਜਿਹੀਆਂ ਕਿਤਾਬਾਂ ਪ੍ਰਕਾਸ਼ਿਤ ਕਰੇਗੀ ਤਾਂ ਉਸਦੇ ਭਵਿੱਖ 'ਤੇ ਤਰਸ ਹੀ ਖਾਧਾ ਜਾ ਸਕੇਗਾ।' ਸੁਰਜੀਤ ਸਾਜਨ ਨੇ ਲੇਖ ਪੜ੍ਹਿਆ ਤਾਂ ਅਸੀਂ ਸਲਾਹ ਬਣਾਈ ਕਿ ਇਸ ਨੂੰ 'ਅਹਿਸਾਸ' ਵਿਚ ਛਾਪ ਦੇਈਏ। ਇਹ 'ਅਹਿਸਾਸ' ਦਾ ਦੂਸਰਾ ਅੰਕ ਸੀ। ਲੇਖ ਛਾਪ ਦਿੱਤਾ ਗਿਆ। ਲੇਖ ਲਿਖਣ ਵਾਲੇ ਦੇ ਨਾਂ ਦੀ ਥਾਂ ਸਿਰਫ਼ 'ਟਿੱਪਣੀਕਾਰ' ਛਾਪ ਦਿੱਤਾ।

1997 ਵਿਚ ਮੈਂ ਪੰਜਾਬ ਛੱਡ ਦਿੱਤਾ।

ਦੋ ਤਿੰਨ ਸਾਲ ਬਾਅਦ ਮੈਂ ਇਕ ਮੀਟਿੰਗ ਵਿਚ ਗਿਆ। 'ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ' ਦੀ ਮੀਟਿੰਗ ਰਣਧੀਰ ਸਿੰਘ ਨਿਊਯਾਰਕ ਦੇ ਘਰ ਹੋ ਰਹੀ ਸੀ। ਇਸ ਮੀਟਿੰਗ ਵਿਚ ਮੈਨੂੰ ਇਕਬਾਲ ਕੈਸਰ ਮਿਲਿਆ। ਉਹ ਪਾਕਿਸਤਾਨ ਤੋਂ ਆਇਆ ਸੀ। ਆਪਣੇ ਨਾਲ 'ਪਾਕਿਸਤਾਨ ਵਿਚ ਗੁਰਦੁਆਰੇ' ਨਾਂ ਦੀ ਵੱਡੀ ਸਾਰੀ ਕਿਤਾਬ ਵੀ ਲੈ ਕੇ ਆਇਆ ਸੀ, ਜਿਸ ਵਿਚ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਬਾਰੇ ਗੁਰਮੁਖੀ, ਉਰਦੂ ਤੇ ਅੰਗਰੇਜ਼ੀ ਵਿਚ ਜਾਣਕਾਰੀ ਸੀ। ਮੈਨੂੰ ਲੱਗਦਾ ਸੀ ਇਹ ਨਾਂ ਸੁਣਿਆ ਹੋਇਆ ਹੈ।

ਦੂਸਰੇ ਦਿਨ ਉਸ ਨਾਲ ਬੈਠਕ ਰਾਣੀ ਨਰਿੰਦਰ ਦੇ ਘਰ ਸੀ। ਮੈਂ ਤੇ ਸੁਖਵਿੰਦਰ ਖੱਟੜਾ ਇਕਬਾਲ ਕੈਸਰ ਨੂੰ ਹੀ ਮਿਲਣ ਇਸ ਮੀਟਿੰਗ ਵਿਚ ਗਏ ਸਾਂ। ਮੀਟਿੰਗ ਮੁੱਕੀ ਤਾਂ ਅਸੀਂ ਪੁੱਛਿਆ,'ਅੱਜ ਰਾਤ ਕਿੱਥੇ?' ਉਹ ਬੋਲਿਆ,'ਜਿਹੜਾ ਲੈ ਜਾਏ।' ਅਸੀਂ ਉਸ ਨੂੰ ਆਪਣੇ ਨਾਲ ਹੀ ਲੈ ਆਏ। ਘਰ ਰਸੋਈ ਵਿਚ ਬੈਠ ਕੇ ਉਸ ਨਾਲ ਇੰਟਰਵਿਊ ਕਰਦੇ ਰਹੇ। ਉਸ ਦੀ ਕਿਤਾਬ ਦਾ ਜ਼ਿਕਰ ਆਇਆ ਤਾਂ ਮੈਂ ਪੁੱਛਿਆ,'ਇਕਬਾਲ ਜੀ ਇਹ ਕਿਤਾਬ ਕਿਤੇ ਉਹੀ ਤਾਂ ਨਹੀਂ ਜਿਹੜੀ 'ਸਾਡੇ ਕੰਵਰ ਇਮਤਿਆਜ਼' ਨੇ ਆਪਣੇ ਪਰਚੇ 'ਵਾਰਿਸ' ਵਿਚ ਪੂਰੀ ਦੀ ਪੂਰੀ ਇਕੋ ਵਾਰੀ ਛਾਪ ਦਿੱਤੀ ਸੀ।'

'ਹਾਂ ਜੀ।'

'ਜਿੰਦਣ ਸੋਢੀ ਨੇ ਉਸ ਨੂੰ ਫੋਨ ਕੀਤਾ, 5 ਜਨਵਰੀ (2009) ਨੂੰ। ਉਸੇ ਰਾਤ। ਉਹ ਜਲੰਧਰੋਂ ਆਇਆ। ਸਾਢੇ ਕੁ ਨੌਂ ਵਜੇ ਰੋਟੀ ਖਾਧੀ। ਫਿਰ ਕਹਿੰਦਾ ਮੇਰਾ ਦਿਲ ਘਬਰਾ ਰਿਹਾ। ਮੁੰਡੇ ਨੇ ਕਿਹਾ-ਚਲੋ ਡਾਕਟਰ ਦੇ ਚਲਦੇ ਆਂ। ਕਹਿਣ ਲੱਗਾ-ਮੈਂ ਰਿਟਾਇਰ ਵੀ ਹੋ ਗਿਆਂ। ਤੇਰੀ ਘਰ ਵਾਲੀ ਦੀ ਬਦਲੀ ਵੀ ਕਰਵਾ ਦਿੱਤੀ ਐ। ਬੇਟੀ ਸਨੋਬਰ ਦਾ ਵਿਆਹ ਵੀ ਕਰ ਲਿਆ। ਮੈਨੂੰ ਲਗਦੈ ਸਾਰੀਆਂ ਜ਼ਿੰਮੇਵਾਰੀਆਂ ਮੈਂ ਨਿਬਾਹ ਲਈਆਂ। ਆਪਣੇ ਗੀਤਾਂ ਦਾ ਖਰੜਾ ਵੀ ਪਬਲਿਸ਼ਰ ਨੂੰ ਦੇ ਆਇਆਂ। ਮੈਂ ਸਾਰੀ ਉਮਰ ਅਜਿਹੀਆਂ ਗੱਲਾਂ 'ਤੇ ਯਕੀਨ ਨਹੀਂ ਕੀਤਾ। ਹੁਣ ਵੀ ਨਹੀਂ ਕਰ ਰਿਹਾ। ਇਨ੍ਹਾਂ ਗੱਲਾਂ ਦੇ ਵਿਗਿਆਨਕ ਕਾਰਨ ਜਾਣਨ ਲਈ ਕੋਸ਼ਿਸ਼ ਵਿਚ ਹਾਂ। ਸ਼ਾਇਦ ਦਿਮਾਗ਼ ਨੂੰ ਆਕਸੀਜਨ ਜਾਣੀ ਘਟ ਗਈ ਹੋਵੇ ਤੇ ਇਸ ਤਰ੍ਹਾਂ ਦੇ ਬਿੰਬ-ਪ੍ਰਤੀਬਿੰਬ ਦਿਮਾਗ਼ ਵਿਚ ਬਣਨ ਲੱਗ ਪਏ ਹੋਣ। ਪਰ ਸੋਢੀ ਸੁਲਤਾਨ ਸਿੰਘ ਦਾ ਫੋਨ ਕੱਟਣ ਵੇਲੇ 'ਹੁਣ ਰੁਖ਼ਸਤੀ ਦੇਣਾ' ਦੇ ਕੀ ਅਰਥ ਹਨ। ਇਹ ਵੀ ਤਾਂ ਸੱਚ ਹੈ ਜਦੋਂ ਮੈਂ ਸੋਢੀ ਸੁਲਤਾਨ ਸਿੰਘ ਤੋਂ ਕੰਵਰ ਇਮਤਿਆਜ਼ ਦਾ ਫੋਨ ਨੰਬਰ ਮੰਗ ਰਿਹਾ ਸਾਂ, ਉਸ ਵੇਲੇ ਉਸ ਨੂੰ ਸਪੁਰਦੇ-ਖ਼ਾਕ ਕਰਨ ਲਈ ਤਿਆਰੀ ਕੀਤੀ ਜਾ ਰਹੀ ਸੀ। •

### ਆਲੋਚਕ

ਇਕ ਵਾਰ ਮੈਂ ਕੰਵਰ ਨੂੰ ਉਸ ਦੇ ਸਕੂਲ ਮਿਲਣ ਗਿਆ। ਉਸ ਨੇ ਕਲਾਸ ਤੋਂ ਹਟਵੀਆਂ ਦੋ ਕੁਰਸੀਆਂ ਰਖਵਾ ਲਈਆਂ। ਗੱਲਾਂ ਕਰਦਾ-ਕਰਦਾ ਉਹ ਕਹਿਣਾ ਲੱਗਾ,'ਤੈਨੂੰ ਪਤਾ ਰੱਬ ਨੇ ਖ਼ੂਬਸੂਰਤ ਚੀਜ਼ਾਂ ਇਕੱਠੀਆਂ ਕਰ ਕੇ ਲੇਖਕ ਬਣਾਇਆ ਤੇ ਜੋ ਮਗਰੋਂ ਫੋਕ ਬਚਿਆ ਉਸ ਦਾ ਆਲੋਚਕ ਬਣਾ ਦਿੱਤਾ।' ਇਹ ਕਹਿ ਉੱਚੀ-ਉੱਚੀ ਹੱਸਿਆ...



# ਪੰਜਾਬੀ ਸਾਹਿਤ ਦਾ ਗੌਰਵ

## ਗੁਲਜ਼ਾਰ ਸਿੰਘ ਸੰਧੂ



• ਪ੍ਰਿੰ. ਸਰਵਣ ਸਿੰਘ

ਗੁਲਜ਼ਾਰ ਸਿੰਘ ਸੰਧੂ ਦੀ ਸਵੈਜੀਵਨੀ 'ਬਿਨ ਮਾਂਗੇ ਮੋਤੀ ਮਿਲੇ' ਛਪਣ ਸਾਰ 'ਪੰਜਾਬ ਗੌਰਵ' ਨਾਂ ਦਾ ਇਕ ਹੋਰ ਮੋਤੀ ਉਸ ਦੀ ਝੋਲੀ ਆ ਡਿੱਗਾ ਹੈ। ਅਜੇ ਪਤਾ ਨਹੀਂ ਹੋਰ ਕਿੰਨੇ ਡਿੱਗਣੇ ਹਨ? ਡਰ ਇਹੋ ਹੈ ਕਿ ਕਿਸੇ ਜੋਤਸ਼ੀ ਦੇ ਦੱਸੇ ਮੁਤਾਬਿਕ ਉਹ ਕਿਤੇ ਸੱਚੀਂ 'ਪਾਗ਼ਲ' ਨਾ ਹੋ ਜਾਵੇ! ਆਪਣੀ ਸਵੈਜੀਵਨੀ ਦੇ ਅੰਤ ਵਿਚ ਉਸ ਨੇ ਆਪ ਲਿਖਿਆ ਹੈ, 'ਆਪਣੀ ਉਮਰ ਦੇ ਨੌਵੇਂ ਦਹਾਕੇ ਵਿਚ ਪਹੁੰਚ ਕੇ ਮੈਨੂੰ ਇੰਨਾ ਜ਼ਰੂਰ ਪਤਾ ਲੱਗ ਗਿਆ ਹੈ ਕਿ ਆਖ਼ਰੀ ਉਮਰੇ ਚੇਤੇ ਨੂੰ ਖੋਰਾ ਲੱਗ ਜਾਂਦਾ ਹੈ। ਮੇਰੇ ਉੱਘੇ ਤੇ ਸੀਨੀਅਰ ਮਿੱਤਰਾਂ ਨੂੰ ਲੱਗ ਗਿਆ ਸੀ। ਇੱਧਰ ਵੀ ਭਾਣਾ ਵਰਤ ਸਕਦਾ ਹੈ। ਉਹ ਜੋਤਸ਼ੀ ਪਤਾ ਨਹੀਂ ਕਿੰਨਿਆਂ ਬੰਦਿਆਂ ਨੂੰ ਇਹ ਦੱਸ ਕੇ ਪਾਗ਼ਲ ਕਰ ਚੁੱਕਿਆ ਹੈ। ਹਾਲੀ ਤਕ ਤਾਂ ਮੈਂ ਠੀਕ ਠਾਕ ਹਾਂ। ਉਂਜ ਕਹਿੰਦੇ ਹਨ ਕਿ ਹਰ ਪਾਗ਼ਲ ਆਪਣੇ ਆਪ ਨੂੰ ਠੀਕ ਹੀ ਕਹਿੰਦਾ ਹੈ।'

ਗੁਲਜ਼ਾਰ ਸਿੰਘ ਸੰਧੂ ਸਦਾਬਹਾਰ ਲੇਖਕ ਹੈ। ਇਹ ਖ਼ਿਤਾਬ ਉਸ ਨੂੰ ਬਲਵੰਤ ਗਾਰਗੀ ਨੇ ਦਿੱਤਾ ਸੀ। ਉਮਰ ਦੀ ਚੁਰਾਸੀ ਕੱਟ ਕੇ ਵੀ ਉਸ ਦੀ ਕਲਮ ਪਹਿਲਾਂ ਵਾਂਗ ਚੱਲ ਰਹੀ ਹੈ ਤੇ ਹਾਸਾ ਵੀ ਪਹਿਲਾਂ ਵਾਂਗ ਹੀ ਛਣਕ ਰਿਹੈ। ਆਂਢੀਆਂ-ਗੁਆਂਢੀਆਂ ਨੂੰ ਪਤਾ ਲੱਗ ਜਾਂਦੈ ਕਿ ਅਗਲਿਆਂ ਦੇ ਘਰ ਗੁਲਜ਼ਾਰ ਸੰਧੂ ਆਇਆ ਹੋਇਆ। ਹਾਸਾ ਉਸ ਦੀ ਰੂਹ ਦੀ ਖ਼ੁਰਾਕ ਹੈ। ਹਾਸੇ ਦੇ ਸਿਰ 'ਤੇ ਹੀ ਉਹ ਜੀਵਨ 'ਚ ਆਈਆਂ ਅਨੇਕਾਂ ਔਕੜਾਂ ਤੋਂ ਬਚਦਾ ਆ ਰਿਹੈ। ਹਾਸੇ ਕਰਕੇ ਹੀ ਉਹ ਗੁਲਜ਼ਾਰ ਹੈ ਤੇ ਸਦਾਬਹਾਰ ਹੈ। ਹਸਮੁੱਖ ਬੰਦੇ ਕਰਮਾਂ ਦੇ ਬਲ਼ੀ ਹੁੰਦੇ ਹਨ। ਸੰਧੂ ਕਰਮਾਂ ਦਾ ਬਲ਼ੀ ਹੈ। ਕਿਸਮਤ ਦਾ ਧਨੀ। ਹਰ ਮੈਦਾਨ ਫਤਹਿ!

ਪੰਜਾਬੀ ਦਾ ਉਹ ਹਰਫ਼ਨਮੌਲਾ ਸਾਹਿਤਕਾਰ ਹੈ। ਕਹਾਣੀਕਾਰ, ਨਾਵਲਕਾਰ, ਨਿਬੰਧਕਾਰ, ਪੱਤਰਕਾਰ, ਰੇਖਾ ਚਿੱਤਰਕਾਰ, ਸਫ਼ਰਨਾਮੀਆ, ਅਨੁਵਾਦਕ ਤੇ ਸੰਪਾਦਕ। ਅਖ਼ਬਾਰਾਂ ਦਾ ਕਾਲਮ ਨਵੀਸ। ਗੱਲਾਂ ਦਾ ਧਨੀ। ਸਾਹਿਤ ਸਭਾਵਾਂ ਤੇ ਅਕਾਦਮੀਆਂ ਦਾ ਪ੍ਰਧਾਨ, ਸਕੱਤਰ ਤੇ ਸਲਾਹਕਾਰ। ਵਫ਼ਾਦਾਰ ਪਤੀ, ਰਿਸ਼ਤੇਦਾਰਾਂ ਦਾ ਸਕਾ ਸਨੇਹੀ ਤੇ ਮਿੱਤਰਾਂ ਦਾ ਮਿੱਤਰ। ਉਹ ਹੋਰ ਵੀ ਬਹੁਤ ਕੁਝ ਹੈ ਪਰ ਹੈ ਸਭ ਕਾਸੇ ਤੋਂ ਬੇਨਿਆਜ਼। 'ਕੋਈ ਰੌਲਾ ਨੀਂ' ਉਸ ਦਾ ਤਕੀਆ ਕਲਾਮ ਹੈ। ਹਾਲ-ਚਾਲ ਪੁੱਛੋ ਤਾਂ ਅਜੋਕਾ ਜਵਾਬ ਹੈ, 'ਚੱਲਦੈ!' ਪਹਿਲਾਂ ਉਹ 'ਚੜ੍ਹਦੀ ਕਲਾ' ਕਹਿੰਦਾ ਸੀ, ਫਿਰ 'ਇਕ ਨੰਬਰ ਕਹਿਣ ਲੱਗ ਪਿਆ' ਤੇ ਫੇਰ 'ਹਾਲੀ ਤਕ ਠੀਕ ਹੈ।' ਹੁਣ ਉਸ ਦੀ ਹਾਲਤ ਉਸ ਗੇਂਦ ਵਰਗੀ ਹੈ ਜੋ ਰੁੜ੍ਹ ਤਾਂ ਰਹੀ ਹੈ ਪਰ ਉਹਦਾ ਰੁੜ੍ਹਨਾ ਰੁਕਣ ਵਾਲਾ ਹੈ :

*ਰੌਅ ਮੇਂ ਹੈ ਰਖ਼ਸ਼ ਏ ਉਮਰ*
*ਕਹਾਂ ਦੇਖੀਏ ਥਮੇਂ,*
*ਨਾ ਹਾਥ ਬਾਗ਼ ਪਰ ਹੈ*
*ਨਾ ਪਾ ਹੈ ਰਕਾਬ ਮੇਂ।*

ਉਸ ਦੀਆਂ ਪੁਸਤਕਾਂ ਦੇ ਨਾਂ ਹਨ, ਸਾਡੇ ਹਾਰ ਸ਼ਿੰਗਾਰ, ਹੁਸਨ ਦੇ ਹਾਣੀ, ਇਕ ਸਾਂਝ ਪੁਰਾਣੀ, ਸੋਨੇ ਦੀ ਇੱਟ, ਅਮਰ ਕਥਾ, ਗਮਲੇ ਦੀ ਵੇਲ, ਚੋਣਵੀਆਂ ਕਹਾਣੀਆਂ, ਰੁਦਨ ਬਿੱਲੀਆਂ ਦਾ, ਦਿਨ ਦੀਵੀਂ ਲੁੱਟ, ਇਕ ਇੱਟ ਵਾਲੀ ਹਵੇਲੀ, ਤਿੰਨ ਛੱਕੇ, ਕੰਧੀਂ ਜਾਏ, ਧਰੂ ਤਾਰੇ, ਗੋਰੀ ਹਿਰਨੀ, ਮੇਰਾ ਪੰਜਾਬ ਤੇ ਮੇਰੀ ਪੱਤਰਕਾਰੀ, 25 ਮੁਲਕ 75 ਗੱਲਾਂ, ਸਾਹਿਤਕ ਸਵੈਜੀਵਨੀ, ਮੇਰੀ ਸਹੁੰ/ਸਰਗੋਸ਼ੀਆਂ-1, ਮਿੱਤਰਾਂ ਦਾ ਮੈਂ ਤੇ ਅੱਸੀ ਕੋਹ ਦੀ ਦੌੜ/ਜੀਵਨ ਦਰਪਨ। ਟੈੱਸ, ਪਾਕਿਸਤਾਨ ਮੇਲ, ਜੀਵਨ ਤੇ ਸਾਹਿਤ, ਸਾਥੀ, ਬਾਲ ਬਿਰਖ ਤੇ ਸੂਰਜ, ਲਹਿਰਾਂ ਦੀ ਆਵਾਜ਼ ਤੇ ਭਾਰਤੀ ਸੈਨਾ ਦੀਆਂ ਪ੍ਰਾਪਤੀਆਂ ਅਨੁਵਾਦਤ ਪੁਸਤਕਾਂ ਹਨ। ਅੱਗ ਦਾ ਸਫ਼ਰ ਸ਼ਿਵ ਬਟਾਲਵੀ ਦੀ ਚੋਣਵੀਂ ਕਵਿਤਾ, ਪੰਜਾਬ ਦਾ ਛੇਵਾਂ ਦਰਿਆ ਐੱਮਐੱਸ ਰੰਧਾਵਾ, ਨਵਯੁਗ ਟਕਸਾਲ ਭਾਪਾ ਪ੍ਰੀਤਮ ਸਿੰਘ, ਵਾਸਨਾ ਵਿਸਕੀ ਵਿਦਵਤਾ ਖ਼ੁਸ਼ਵੰਤ ਸਿੰਘ ਤੇ ਲਾਲ ਕਿਲੇ ਦੀਆਂ ਟਾਹਣੀਆਂ ਸੰਪਾਦਤ ਪੁਸਤਕਾਂ ਵੱਖਰੀਆਂ ਹਨ। ਉਸ ਦੀਆਂ ਕਹਾਣੀਆਂ ਦੇ ਸੰਗ੍ਰਹਿ ਅੰਗਰੇਜ਼ੀ ਤੇ ਉਰਦੂ ਵਿਚ ਵੀ ਛਪੇ ਹਨ। ਪੰਜਾਬੀਜ਼ ਵਾਰ ਐਂਡ ਵਿਮੱਨ, ਗਾਡਜ਼ ਆਨ ਟਰਾਇਲ ਤੇ ਅਮਰ ਕਥਾ। ਉਹ ਸਪਤਾਹਿਕ ਤੇ ਮਾਸਕ ਰਸਾਲਿਆਂ ਤੋਂ ਇਲਾਵਾ ਰੋਜ਼ਾਨਾ ਅਖ਼ਬਾਰ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਦਾ ਸੰਪਾਦਕ ਵੀ ਰਿਹਾ। ਉਹ 1954 ਤੋਂ ਲਗਾਤਾਰ ਲਿਖ ਰਿਹੈ। ਸੱਤਵਾਂ ਦਹਾਕਾ ਚੱਲ ਰਿਹੈ ਉਹਦੀ ਲੇਖਣੀ ਦੀ ਮੈਰਾਥਨ ਦਾ। ਹੁਣ ਉਸ ਦੀ ਸਵੈਜੀਵਨੀ ਛਪੀ ਹੈ ਜਿਸ ਦੇ ਕਾਂਡ ਹਨ ਨਾਨਕੇ, ਦਾਦਕੇ, ਦਿੱਲੀ, ਜ਼ਿੰਦਗੀ ਦੀ ਹਾਈਵੇਅ, ਭਾਰਤ ਦਰਸ਼ਨ, ਸਾਰਕ ਸੰਸਾਰ, ਗੋਰੀ ਕਾਲੀ ਦੁਨੀਆ, ਪੱਤਰਕਾਰਤਾ ਦੇ ਅੰਗ-ਸੰਗ, ਅਸਤਬਾਜ਼ੀ ਤੇ ਚਲੋ ਚਲੀ। ਪਹਿਲਾ ਵਾਕ ਹੈ : ਮੈਂ ਡਾਇਰੀ ਨਹੀਂ ਲਿਖਦਾ, ਰੱਖਦਾ ਹੀ ਨਹੀਂ।

ਉਸ ਨੂੰ ਭਾਰਤੀ ਸਾਹਿਤ ਅਕੈਡਮੀ ਤੋਂ ਲੈ ਕੇ ਦੇਸ਼-ਪਰਦੇਸ ਦੀਆਂ ਅਨੇਕਾਂ ਸਭਾਵਾਂ ਦੇ ਮੋਤੀ ਮਿਲੇ ਹਨ। ਪੰਜਾਬੀ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਸਾਹਿਤ ਅਕੈਡਮੀ ਚੰਡੀਗੜ੍ਹ ਦਾ ਮਾਣ ਸਨਮਾਨ, ਫੈਲੋਸ਼ਿਪਾਂ ਤੇ ਪ੍ਰੋਫ਼ੈਸਰ ਆਫ਼ ਐਮੀਨੈਂਸ ਵਰਗੀਆਂ ਪਦਵੀਆਂ। ਉਹ ਭਾਰਤੀ ਖੇਤੀ ਮੰਤਰਾਲੇ ਵਿਚ ਡਾਇਰੈਕਟਰ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਦਾ ਸੰਚਾਰ ਵਿਭਾਗ ਦਾ ਮੁਖੀ, 'ਪੰਜਾਬੀ ਟ੍ਰਿਬਿਊਨ ਤੇ 'ਦੇਸ਼ ਸੇਵਕ ਰੋਜ਼ਾਨਾ ਅਖ਼ਬਾਰਾਂ ਦਾ ਐਡੀਟਰ, ਪੰਜਾਬ ਆਰਟਸ ਕਾਊਂਸਲ ਦਾ ਚੇਅਰਮੈਨ, ਪੰਜਾਬ ਰੈੱਡ ਕਰਾਸ ਦਾ ਸਕੱਤਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦਾ ਪ੍ਰੋਫ਼ੈਸਰ ਤੇ ਮੁਖੀ ਰਿਹਾ। ਉਹ ਪੰਜਾਬੀ ਯੂਨੀਵਰਸਿਟੀ ਦਾ ਆਜੀਵਨ ਫੈਲੋ ਹੈ ਤੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦਾ ਪ੍ਰਧਾਨ। ਉਸ ਨੇ 1953 ਵਿਚ ਬੀਏ ਕੀਤੀ ਸੀ, ਅਗਲੇ ਸਾਲ ਗਿਆਨੀ ਤੇ 1958 ਵਿਚ ਕੈਂਪ ਕਾਲਜ ਨਵੀਂ ਦਿੱਲੀ ਤੋਂ ਅੰਗਰੇਜ਼ੀ ਦੀ ਐੱਮਏ।

ਗੁਲਜ਼ਾਰ ਸੰਧੂ ਨੂੰ ਮੈਂ 1962 ਤੋਂ ਜਾਣਨ ਲੱਗਾ ਜਦੋਂ ਮੈਂ ਵੀ ਉਹਦੇ ਵਾਂਗ ਦਿੱਲੀ ਪੁੱਜਾ। ਉਹ ਇੱਕੀਵੇਂ ਸਾਲ ਦੀ ਉਮਰ 'ਚ ਦਿੱਲੀ ਗਿਆ ਸੀ। ਪਿਛੋਕੜ ਸਾਡਾ ਇੱਕੋ ਜਿਹਾ ਸੀ। ਫ਼ਰਕ ਬਸ ਇੰਨਾ ਕੁ ਸੀ ਕਿ ਦਿੱਲੀ ਉਹਦੇ ਮਾਮਿਆਂ ਵਾਂਗ ਮੇਰੇ ਮਾਮਿਆਂ ਦੀਆਂ ਟੈਕਸੀਆਂ ਨਹੀਂ ਸਨ ਚਲਦੀਆਂ। ਮੇਰਾ ਕੋਈ ਰਿਸ਼ਤੇਦਾਰ ਨਹੀਂ ਸੀ ਉੱਥੇ। ਸੰਧੂ ਦਾ ਦਿੱਲੀ ਦੇ ਇਕ ਪ੍ਰਾਈਵੇਟ ਕਾਲਜ ਵਿਚ ਪੜ੍ਹਾਉਂਦਿਆਂ ਕਿਸੇ ਲੜਕੀ ਨਾਲ ਸਨੇਹ ਦਾ ਰਿਸ਼ਤਾ ਬਣ ਚੱਲਿਆ ਸੀ ਜੋ ਉਸ ਨੂੰ ਪ੍ਰੋਫ਼ੈਸਰੀ ਦੀ ਕੱਚੀ ਨੌਕਰੀ ਤੋਂ ਹਟਾਉਣ ਦਾ ਸਬੱਬ ਬਣਿਆ। ਉਹ ਸਨੇਹ ਸ਼ਾਇਦ ਇਕਪਾਸੜ ਹੀ ਹੋਵੇ ਪਰ ਉਸ ਵਿਗੋਚੇ ਨੇ ਗੁਲਜ਼ਾਰ ਨੂੰ ਲੇਖਕ ਬਣਨ ਦੇ ਰਾਹ ਪਾ ਦਿੱਤਾ।

ਜੰਮਿਆ ਉਹ ਪੁਆਧ ਵਿਚ, ਸਕੂਲੀ ਪੜ੍ਹਾਈ ਮਾਲਵੇ 'ਚ ਕੀਤੀ ਤੇ ਕਾਲਜ ਦੀ ਵਿੱਦਿਆ ਦੁਆਬੇ ਦੇ ਮਾਹਿਲਪੁਰ ਕਾਲਜ ਤੋਂ ਲਈ। ਦਿੱਲੀ, ਲੁਧਿਆਣੇ, ਚੰਡੀਗੜ੍ਹ ਤੇ ਪਟਿਆਲੇ 'ਚ ਨੌਕਰੀ ਕੀਤੀ। ਦੁਨੀਆ ਦੇ ਅਨੇਕਾਂ ਦੇਸ਼ ਤੇ ਸ਼ਹਿਰ ਗਾਹੇ। 25 ਦੇਸ਼ 75 ਗੱਲਾਂ। ਡੇਰਾ ਡਾਂਗ 'ਤੇ ਨਹੀਂ ਕਲਮ 'ਤੇ ਰੱਖਿਆ। ਸਿਹਤ ਵਿਭਾਗ ਦਿੱਲੀ ਦੀ ਡਾਇਰੈਕਟਰ ਡਾ. ਸੁਰਜੀਤ ਕੌਰ ਪੰਨੂੰ ਸੰਗ ਵਿਆਹੇ ਜਾਣ ਪਿੱਛੋਂ ਵੀ ਉਹ ਜਿਹੋ ਜਿਹਾ ਪਹਿਲਾਂ ਸੀ ਉਹੋ ਜਿਹਾ ਹੀ ਬਾਅਦ ਵਿਚ ਰਿਹਾ। ਵਿਆਹ ਕਰਵਾ ਕੇ ਵੀ ਕਬੀਲਦਾਰ ਨਹੀਂ ਬਣਿਆ।

ਉਸ ਦੇ ਵਿਆਹ ਦੀ 53ਵੀਂ ਵਰ੍ਹੇ-ਗੰਢ ਆਉਣ ਵਾਲੀ ਹੈ। 11 ਮਾਰਚ 1966 ਨੂੰ ਸੰਧੂ ਜੋੜੇ ਦਾ ਵਿਆਹ ਹੋਇਆ ਸੀ। ਇਸ ਹੀ ਤਰੀਕ ਨੂੰ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ। ਪੰਜਾਬੀ ਸੂਬੇ ਦੀ ਮੰਗ ਮੰਨਣ ਪਿੱਛੇ 1965 ਦੀ ਇੰਡੋ-ਪਾਕਿ ਜੰਗ ਵਿਚ ਸਿੱਖ ਫ਼ੌਜੀਆਂ ਤੇ ਸਰਹੱਦ ਨੇੜਲੇ ਪੰਜਾਬੀਆਂ ਵੱਲੋਂ ਜੰਗ ਵਿਚ ਪਾਇਆ ਯੋਗਦਾਨ ਸੀ। ਪੰਜਾਬੀਆਂ ਨੇ ਪੰਜਾਬੀ ਸੂਬਾ ਜੰਗ ਜਿੱਤ ਕੇ ਲਿਆ ਸੀ। ਸੰਧੂ ਦੇ ਲਿਖਣ ਮੁਤਾਬਿਕ, 'ਸੰਨ 1966 ਤੋਂ ਸੁਰਜੀਤ ਐੱਸਕੇ ਸੰਧੂ ਹੋ ਗਈ। ਉਸ ਦੇ ਘਰ ਕੋਈ ਬਾਲ-ਬੱਚਾ ਨਾ ਹੋਇਆ ਫਿਰ ਵੀ ਬੱਚਿਆਂ ਦਾ ਸੰਧੂ ਨੇ ਕਦੇ ਝੋਰਾ ਨਹੀਂ ਝੁਰਿਆ। ਡਾ. ਅਤਰ ਸਿੰਘ ਦੱਸਦਾ ਹੁੰਦਾ ਸੀ, 'ਇਕੇਰਾਂ ਸੰਧੂ ਕਨਾਟ ਪਲੇਸ ਕਾਕੇ ਦੇ ਢਾਬੇ 'ਤੇ ਦੋਸਤਾਂ ਨਾਲ ਖਾਂਦਾ ਪੀਂਦਾ ਨਸ਼ੇ 'ਚ ਹੋ ਗਿਆ। ਨਾਲੇ ਰੋਈ ਜਾਵੇ ਨਾਲੇ ਤਾਜ਼ੀ ਮਿਲੀ ਤਨਖ਼ਾਹ ਦੇ ਨੋਟ ਸੁੱਟਦਾ ਕਹੀ ਜਾਵੇ, 'ਆਪਣੇ ਕਿਹੜਾ ਜੁਆਕ ਰੋਂਦੇ ਆ!' ਖਿਲਰੇ ਨੋਟ ਫਿਰ ਅਤਰ ਸਿੰਘ ਨੇ ਹੀ ਸੰਭਾਲੇ ਸਨ।

ਭਲਕ ਦਾ ਪਤਾ ਨਹੀਂ ਉਹ ਪਾਗ਼ਲ ਹੋਵੇ ਜਾਂ ਨਾ, ਹਾਲ ਦੀ ਘੜੀ ਤਾਂ ਉਠਾਂ ਵਾਲਿਆਂ ਦਾ ਗੁਲਜ਼ਾਰਾ ਹਵਾਈ ਜਹਾਜ਼ਾਂ ਦੇ ਉੱਤੋਂ ਦੀ ਉੱਡ ਰਿਹੈ! •

### ਜ਼ਿੰਦਾਦਿਲੀ

ਸੰਧੂ ਸਦਾਬਹਾਰ ਲੇਖਕ ਹੈ। ਇਹ ਖ਼ਿਤਾਬ ਉਸ ਨੂੰ ਬਲਵੰਤ ਗਾਰਗੀ ਨੇ ਦਿੱਤਾ ਸੀ। ਉਮਰ ਦੀ ਚੁਰਾਸੀ ਕੱਟ ਕੇ ਵੀ ਉਸ ਦੀ ਕਲਮ ਪਹਿਲਾਂ ਵਾਂਗ ਚੱਲ ਰਹੀ ਹੈ ਤੇ ਹਾਸਾ ਵੀ ਪਹਿਲਾਂ ਵਾਂਗ ਹੀ ਛਣਕ ਰਿਹੈ। ਹਾਸਾ ਉਸ ਦੀ ਰੂਹ ਦੀ ਖ਼ੁਰਾਕ ਹੈ। ਇਸ ਦੇ ਸਿਰ 'ਤੇ ਉਹ ਜੀਵਨ 'ਚ ਆਈਆਂ ਔਕੜਾਂ ਤੋਂ ਬਚਦਾ ਆ ਰਿਹੈ...



ਸੰਧੂ ਜੋੜੇ ਨੇ ਵਸੀਅਤ ਲਿਖ ਦਿੱਤੀ ਹੈ ਕਿ ਮਰਨ ਉਪਰੰਤ ਸਾਡੀਆਂ ਦੇਹਾਂ ਮੈਡੀਕਲ ਸੰਸਥਾਵਾਂ ਨੂੰ ਦਾਨ ਕਰ ਦਿੱਤੀਆਂ ਜਾਣ। ਸਾਡਾ ਮਰਨਾ ਖ਼ੁਸ਼ੀ ਨਾਲ ਮਨਾਇਆ ਜਾਵੇ। ਦੇਹ ਦਾਨ ਦਾ ਕਾਰਡ ਉਨ੍ਹਾਂ ਦੀ ਜੇਬ ਵਿਚ ਰਹਿੰਦੈ...

## ਸੰਪਾਦਕੀ

# ਦੇਸ਼ ਵਿਚ ਵੱਧ ਰਹੀ ਬੇਰੁਜ਼ਗਾਰੀ ਦੀ ਮਾਰ

ਸਟੇਟ ਔਫ ਵਰਕਿੰਗ ਇੰਡੀਆ 2026 ਰਿਪੋਰਟ ਇਸ ਕੌੜੀ ਸੱਚਾਈ ਨੂੰ ਬਿਆਨ ਕਰਦੀ ਹੈ ਕਿ ਸਿੱਖਿਆ ਹੁਣ ਰੁਜ਼ਗਾਰ ਦੀ ਗਾਰੰਟੀ ਨਹੀਂ ਰਹੀ। ਦੇਸ਼ ਵਿੱਚ ਤਕਰੀਬਨ 40 ਫ਼ੀਸਦੀ ਗ੍ਰੈਜੂਏਸ਼ਨ ਪਾਸ ਨੌਜਵਾਨ ਹਰ ਸਾਲ ਬੇਰੁਜ਼ਗਾਰ ਰਹਿ ਜਾਂਦੇ ਹਨ ਅਤੇ ਉਨ੍ਹਾਂ ਵਿੱਚੋਂ ਮਹਿਜ਼ 7 ਫ਼ੀਸਦੀ ਨੌਜਵਾਨਾਂ ਨੂੰ ਹੀ ਇੱਕ ਸਾਲ ਦੇ ਅੰਦਰ-ਅੰਦਰ ਚੰਗੀ ਤਨਖ਼ਾਹ ਵਾਲੀਆਂ ਨੌਕਰੀਆਂ ਮਿਲਦੀਆਂ ਹਨ। ਇਹ ਅੰਕੜੇ ਨਵੀਆਂ ਨੌਕਰੀਆਂ ਦੀ ਸਿਰਜਣਾ ਅਤੇ ਉੱਚ ਸਿੱਖਿਆ ਤੱਕ ਪਹੁੰਚ ਵਿਚਲੇ ਬੇਮੇਲ ਪਾੜੇ ਨੂੰ ਦਰਸਾਉਂਦੇ ਹਨ। ਅਜ਼ੀਮ ਪ੍ਰੇਮਜੀ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਇਸ ਰਿਪੋਰਟ ਮੁਤਾਬਿਕ ਹਰ ਸਾਲ ਅੰਦਾਜ਼ਨ ਪੰਜਾਹ ਲੱਖ (ਪੰਜ ਮਿਲੀਅਨ) ਗ੍ਰੈਜੂਏਟ ਨੌਜਵਾਨ ਕੰਮਕਾਰ ਦੀ ਭਾਲ ਵਿੱਚ ਨਿਕਲਦੇ ਹਨ ਅਤੇ ਇਨ੍ਹਾਂ ਵਿੱਚੋਂ ਮਹਿਜ਼ ਅੱਧੇ ਨੌਜਵਾਨਾਂ ਨੂੰ ਮੁਸ਼ਕਿਲ ਨਾਲ ਰੁਜ਼ਗਾਰ ਮਿਲਦਾ ਹੈ, ਜਿਨ੍ਹਾਂ ਵਿੱਚੋਂ ਵੀ ਅੱਧੇ ਨੌਜਵਾਨਾਂ ਨੂੰ ਸੁਰੱਖਿਅਤ ਅਤੇ ਚੰਗੀ ਤਨਖ਼ਾਹ ਵਾਲੀਆਂ ਨੌਕਰੀਆਂ ਮਿਲਦੀਆਂ ਹਨ। ਇਸ ਕਾਰਨ ਭਾਰਤ ਵਿੱਚ ਨੌਕਰੀਪੇਸ਼ਾ ਲੋਕਾਂ ਅਤੇ ਬੇਰੁਜ਼ਗਾਰਾਂ ਦੀ ਗਿਣਤੀ ਵਿਚਲਾ ਪਾੜਾ ਵਧ ਸਕਦਾ ਹੈ।

ਸਾਲ 2030 ਤੋਂ ਪਹਿਲਾਂ ਨੌਕਰੀਪੇਸ਼ਾ ਲੋਕਾਂ ਦੀ ਗਿਣਤੀ ਰਿਕਾਰਡ ਪੱਧਰ 'ਤੇ ਪਹੁੰਚਣ ਵਾਲੀ ਹੈ ਜਦੋਂਕਿ ਦੂਜੇ ਪਾਸੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਣ ਦੀ ਰਫ਼ਤਾਰ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ। ਜੇਕਰ ਸਮੇਂ ਸਿਰ ਢੁਕਵੇਂ ਰੁਜ਼ਗਾਰ ਦੇ ਮੌਕੇ ਪੈਦਾ ਨਾ ਕੀਤੇ ਗਏ ਤਾਂ ਦੇਸ਼ ਨੂੰ ਪੜ੍ਹੇ-ਲਿਖੇ ਨੌਜਵਾਨਾਂ ਵਿੱਚ ਵਧ ਰਹੀ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੇ ਨਾਲ ਹੀ ਆਮਦਨ ਵਿੱਚ ਖੜੋਤ ਆ ਸਕਦੀ ਹੈ ਅਤੇ ਆਰਥਿਕ ਰਫ਼ਤਾਰ ਮੱਠੀ ਹੋ ਸਕਦੀ ਹੈ। ਇਹ ਮਹਿਜ਼ ਗਿਣਤੀ ਦਾ ਮਸਲਾ ਨਹੀਂ ਹੈ ਸਗੋਂ ਮਿਆਰ ਨਾਲ ਵੀ ਜੁੜਿਆ ਹੋਇਆ ਹੈ। ਜ਼ਿਆਦਾਤਰ ਗ੍ਰੈਜੂਏਟ ਉਨ੍ਹਾਂ ਸੰਸਥਾਵਾਂ ਵਿੱਚੋਂ ਨਿਕਲਦੇ ਹਨ, ਜਿਹੜੀਆਂ ਅਧਿਆਪਕਾਂ ਦੀ ਘਾਟ, ਪੁਰਾਣੇ ਪਾਠਕ੍ਰਮ ਆਦਿ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੀਆਂ ਹਨ।

ਦੂਜੇ ਪਾਸੇ ਹੁਨਰਮੰਦਾਂ ਨੂੰ ਰੁਜ਼ਗਾਰ ਦੇਣ ਦੇ ਸਮਰੱਥ ਖੇਤਰ, ਜਿਵੇਂ ਨਿਰਮਾਣ ਅਤੇ ਉੱਚ ਮਿਆਰੀ ਸੇਵਾਵਾਂ ਦਾ ਲੋੜੀਂਦਾ ਵਿਸਤਾਰ ਨਹੀਂ ਹੋਇਆ।

ਇਸ ਦਾ ਨਤੀਜਾ ਇਹ ਨਿਕਲਿਆ ਕਿ ਪੜ੍ਹੇ-ਲਿਖੇ ਨੌਜਵਾਨਾਂ ਦੀ ਗਿਣਤੀ ਵਧਣ ਕਾਰਨ ਰੁਜ਼ਗਾਰ ਮਿਲਣ 'ਚ ਦਿੱਕਤ ਆ ਰਹੀ ਹੈ। ਰੁਜ਼ਗਾਰ ਵਿੱਚ ਵਾਧੇ ਦੇ ਸੰਕੇਤ ਮਿਲੇ ਹਨ, ਪਰ ਜਾਤ ਅਤੇ ਲਿੰਗ ਆਧਾਰਿਤ ਪੇਸ਼ੇ ਹੌਲੀ-ਹੌਲੀ ਕਮਜ਼ੋਰ ਹੋ ਰਹੇ ਹਨ। ਅਜਿਹਾ ਹੋਣ ਦੇ ਲਾਭ ਉਦੋਂ ਤੱਕ ਨਹੀਂ ਮਿਲ ਸਕਦੇ ਜਦੋਂ ਤੱਕ ਰੁਜ਼ਗਾਰ ਪੈਦਾ ਕਰਨ ਵਿੱਚ ਸਮਾਨਾਂਤਰ ਵਿਕਾਸ ਨਹੀਂ ਹੁੰਦਾ। ਭਾਰਤ ਨੂੰ ਆਪਣਾ ਧਿਆਨ ਵਿਦਿਅਕ ਸੰਸਥਾਵਾਂ ਵਿੱਚ ਦਾਖ਼ਲਿਆਂ ਤੋਂ ਹਟਾ ਕੇ ਰੁਜ਼ਗਾਰਮੁਖੀ ਯੋਗਤਾ 'ਤੇ ਕੇਂਦਰਿਤ ਕਰਨਾ ਚਾਹੀਦਾ ਹੈ। ਇਸ ਦਾ ਅਰਥ ਹੈ ਕਿੱਤਾਮੁਖੀ ਸਿਖਲਾਈ ਵਿੱਚ ਨਿਵੇਸ਼ ਕਰਨਾ, ਉਦਯੋਗ-ਅਕਾਦਮਿਕ ਭਾਈਵਾਲੀ ਨੂੰ ਮਜ਼ਬੂਤ ਕਰਨਾ ਅਤੇ ਕਿਰਤ ਸਬੰਧੀ ਖੇਤਰਾਂ ਨੂੰ ਤਰਜੀਹ ਦੇਣਾ। ਆਰਥਿਕ ਨੀਤੀ ਤੇਜ਼ੀ ਨਾਲ ਵਧ ਰਹੀ ਪੜ੍ਹੇ-ਲਿਖੇ ਨੌਜਵਾਨਾਂ ਦੀ ਗਿਣਤੀ ਦੇ ਅਨੁਕੂਲ ਬਣਾਉਣੀ ਚਾਹੀਦੀ ਹੈ। ਸਰਕਾਰਾਂ ਦੇ ਸਾਹਮਣੇ ਚੁਣੌਤੀ ਬਿਲਕੁਲ ਸਪੱਸ਼ਟ ਹੈ: ਅਰਥਵਿਵਸਥਾ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਿੱਖਿਆ ਦੇ ਲਾਭ ਹੱਥੋਂ ਨਹੀਂ ਜਾਣੇ ਚਾਹੀਦੇ।

## ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਵੱਲੋਂ ਪਿੰਡ ਮਾਨਵਾਲਾ ਦੇ ਰਾਸ਼ਨ ਡੀਪੂ ਦੀ ਅਚਨਚੇਤ ਚੈਕਿੰਗ



**ਧੂਰੀ,25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਵੱਲੋਂ ਅੱਜ ਧੂਰੀ ਹਲਕੇ ਦੇ ਪਿੰਡ ਮਾਨਵਾਲਾ ਵਿਖੇ ਸਥਿਤ ਰਾਸ਼ਨ ਡੀਪੂ ਦੀ ਅਚਨਚੇਤ ਚੈਕਿੰਗ ਕੀਤੀ ਗਈ।

ਇਸ ਮੌਕੇ ਉਨ੍ਹਾਂ ਡੀਪੂ ਵਿੱਚ ਮੌਜੂਦ ਰਾਸ਼ਨ ਦੇ ਸਟਾਕ, ਵੰਡ ਪ੍ਰਣਾਲੀ, ਰਿਕਾਰਡ ਰੱਖ-ਰਖਾਅ ਅਤੇ ਲਾਭਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਅਨਾਜ ਦੀ ਗੁਣਵੱਤਾ ਦੀ ਵਿਸਥਾਰ ਨਾਲ ਜਾਂਚ ਕੀਤੀ।

ਚੈਕਿੰਗ ਦੌਰਾਨ ਜਸਵੀਰ ਸਿੰਘ ਸੇਖੋਂ ਨੇ ਡੀਪੂ ਹੋਲਡਰ ਅਤੇ ਸੰਬੰਧਤ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਹਦਾਇਤ ਕੀਤੀ ਕਿ ਸਾਰੇ ਯੋਗ ਲਾਭਪਾਤਰੀਆਂ ਦੇ ਖਪਤਕਾਰ ਕਾਰਡ ਤਿਆਰ ਕਰਨਾ ਯਕੀਨੀ ਬਣਾਇਆ ਜਾਵੇ, ਤਾਂ ਜੋ ਕੋਈ ਵੀ ਹੱਕਦਾਰ ਵਿਅਕਤੀ ਸਰਕਾਰੀ ਸਹੂਲਤ ਤੋਂ ਵਾਂਝਾ ਨਾ ਰਹੇ।

ਉਨ੍ਹਾਂ ਇਹ ਵੀ ਜ਼ੋਰ ਦਿੱਤਾ ਕਿ ਰਾਸ਼ਨ ਦੀ ਵੰਡ ਪ੍ਰਕਿਰਿਆ ਪੂਰੀ ਪਾਰਦਰਸ਼ਤਾ ਨਾਲ ਕੀਤੀ ਜਾਵੇ ਅਤੇ ਹਰ ਮਹੀਨੇ ਲਾਭਪਾਤਰੀਆਂ ਨੂੰ ਨਿਰਧਾਰਤ ਮਾਤਰਾ ਅਨੁਸਾਰ ਸਮੇਂ ਸਿਰ ਰਾਸ਼ਨ ਮੁਹੱਈਆ ਕਰਵਾਇਆ ਜਾਵੇ।

ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਆਦੇਸ਼ ਦਿੱਤਾ ਕਿ ਡੀਪੂਆਂ ਦੀ ਨਿਯਮਿਤ ਜਾਂਚ ਯਕੀਨੀ ਬਣਾਈ ਜਾਵੇ ਅਤੇ ਜਿੱਥੇ ਵੀ ਕਿਸੇ ਤਰ੍ਹਾਂ ਦੀ ਗੜਬੜ ਜਾਂ ਲਾਪਰਵਾਹੀ ਸਾਹਮਣੇ ਆਉਂਦੀ ਹੈ, ਉਥੇ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਰਾਹਤ ਦੇਣ ਲਈ ਖੁਰਾਕ ਸਪਲਾਈ ਪ੍ਰਣਾਲੀ ਨੂੰ ਹੋਰ ਸੁਧਾਰਿਆ ਜਾ ਰਿਹਾ ਹੈ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਜਸਵੀਰ ਸਿੰਘ ਸੇਖੋਂ ਨੇ ਕਿਹਾ ਕਿ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਜ਼ਿੰਮੇਵਾਰੀ ਹੈ ਕਿ ਉਹ ਲਾਭਪਾਤਰੀਆਂ ਤੱਕ ਸਰਕਾਰੀ ਯੋਜਨਾਵਾਂ ਦਾ ਲਾਭ ਪੂਰੀ ਇਮਾਨਦਾਰੀ ਅਤੇ ਸਮਾਂਬੱਧ ਢੰਗ ਨਾਲ ਪਹੁੰਚਾਉਣ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਡੀਪੂ 'ਤੇ ਉਨ੍ਹਾਂ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਸੰਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ।

ਇਸ ਮੌਕੇ ਡੀ.ਐਫ.ਐਸ.ਸੀ. ਮੇਜਰ ਗੁਰਪ੍ਰੀਤ ਸਿੰਘ ਕੰਗ ਸਮੇਤ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ, ਜਿਨ੍ਹਾਂ ਨੇ ਮੈਂਬਰ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।

## ਮੇਅਰ ਮਹਿਤਾ ਵੱਲੋਂ ਮਹਾਂਨਗਰ ਨੂੰ ਟੋਏ ਮੁਕਤ ਕਰਨ ਦਾ ਐਲਾਨ



**ਬਠਿੰਡਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਨੂੰ ਵਿਕਸਤ ਕਰਨ ਅਤੇ ਨਾਗਰਿਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਅੱਜ ਬਠਿੰਡਾ ਦੇ ਸਾਰੇ ਕੌਂਸਲਰਾਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ, ਉਨ੍ਹਾਂ ਨੇ ਬਠਿੰਡਾ ਸ਼ਹਿਰ ਨੂੰ ਟੋਏ ਮੁਕਤ ਕਰਨ ਦਾ ਇੱਕ ਵੱਡਾ ਐਲਾਨ ਕੀਤਾ। ਇਸ ਦੌਰਾਨ ਉਨ੍ਹਾਂ ਨਾਲ ਸੀਨੀਅਰ ਡਿਪਟੀ ਮੇਅਰ ਸ੍ਰੀ ਸ਼ਾਮ ਲਾਲ ਜੈਨ, ਨਗਰ ਨਿਗਮ ਅਧਿਕਾਰੀ ਤੇ ਕੌਂਸਲਰ ਸਾਹਿਬਾਨ ਮੌਜੂਦ ਸਨ।

ਸਪੱਸ਼ਟ ਹਦਾਇਤਾਂ ਦਿੰਦੇ ਹੋਏ, ਮੇਅਰ ਨੇ ਕਿਹਾ ਕਿ ਜੇਕਰ ਨਗਰ ਨਿਗਮ ਬਠਿੰਡਾ ਦੇ ਅਧਿਕਾਰ ਖੇਤਰ ਅਧੀਨ ਕਿਸੇ ਵੀ ਸੜਕ @ਤੇ ਕੋਈ ਟੋਏ ਪਾਏ ਜਾਂਦੇ ਹਨ, ਤਾਂ ਉਨ੍ਹਾਂ ਨੂੰ 72 ਘੰਟਿਆਂ ਦੇ ਅੰਦਰ ਭਰਨਾ ਚਾਹੀਦਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਨਗਰ ਨਿਗਮ ਦੇ ਅਧਿਕਾਰ ਖੇਤਰ ਅਧੀਨ ਸਾਰੀਆਂ ਸੜਕਾਂ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਟੋਏ ਮੁਕਤ ਹੋਣ, ਤਾਂ ਜੋ ਲੋਕਾਂ ਨੂੰ ਆਉਣ-ਜਾਣ ਵਿੱਚ ਕੋਈ ਮੁਸ਼ਕਲ ਨਾ ਆਵੇ।ਮੀਂਹ ਦੌਰਾਨ, ਮੇਅਰ ਸ੍ਰੀ ਮਹਿਤਾ ਨੇ ਆਉਣ ਵਾਲੇ ਬਰਸਾਤੀ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ, ਕੌਂਸਲਰਾਂ ਅਤੇ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਇਹ ਪਹਿਲੀ ਵਾਰ ਹੈ ਜਦੋਂ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਅਧਿਕਾਰੀਆਂ ਅਤੇ ਕੌਂਸਲਰਾਂ ਨਾਲ ਮਿਲ ਕੇ ਸ਼ਹਿਰ ਵਾਸੀਆਂ ਨੂੰ ਬਰਸਾਤੀ ਪਾਣੀ ਦੀ ਸਮੱਸਿਆ ਤੋਂ ਰਾਹਤ ਦੇਣ ਲਈ ਦੋ ਮਹੀਨੇ ਪਹਿਲਾਂ ਹੀ ਵਿਆਪਕ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।ਮੇਅਰ ਨੇ ਅਧਿਕਾਰੀਆਂ ਨੂੰ ਅਗਲੇ 15 ਦਿਨਾਂ ਦੇ ਅੰਦਰ ਸਾਰੀਆਂ ਸੜਕਾਂ ਦੇ ਡਰੇਨੇਜ ਗਰਿੱਲਾਂ ਦੀ ਸਫਾਈ ਪੂਰੀ ਕਰਨ ਅਤੇ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਸ੍ਰੀ ਮਹਿਤਾ ਨੇ ਡਰੇਨੇਜ ਮੋਟਰਾਂ ਦੀ ਕਾਰਜਸ਼ੀਲਤਾ ਨੂੰ ਯਕੀਨੀ ਬਣਾਉਣ ਅਤੇ ਬਰਸਾਤੀ ਮੌਸਮ ਦੌਰਾਨ ਪਾਣੀ ਭਰਨ ਤੋਂ ਰੋਕਣ ਲਈ ਢੁਕਵੇਂ ਪ੍ਰਬੰਧਨ ਨੂੰ ਯਕੀਨੀ ਬਣਾਉਣ ਦੇ ਵੀ ਆਦੇਸ਼ ਦਿੱਤੇ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਉਨ੍ਹਾਂ ਦੇ ਇੱਕ ਸਾਲ ਦੇ ਕਾਰਜਕਾਲ ਦੌਰਾਨ, ਮੀਂਹ ਦੇ ਪਾਣੀ ਦੀ ਨਿਕਾਸੀ ਪ੍ਰਣਾਲੀ ਵਿੱਚ ਕਾਫ਼ੀ ਸੁਧਾਰ ਹੋਇਆ ਹੈ, ਪਰ ਟੀਚਾ ਇਸਨੂੰ 100% ਪ੍ਰਭਾਵਸ਼ਾਲੀ ਬਣਾਉਣਾ ਹੈ। ਇਸ ਲਈ, ਸਾਰੇ ਸਬੰਧਤ ਵਿਭਾਗਾਂ ਨੂੰ ਸਰਗਰਮੀ ਨਾਲ ਕੰਮ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਯਤਨ ਆਉਣ ਵਾਲੇ ਬਰਸਾਤੀ ਮੌਸਮ ਦੌਰਾਨ ਸ਼ਹਿਰ ਵਾਸੀਆਂ ਨੂੰ ਪਾਣੀ ਭਰਨ ਦੀਆਂ ਸਮੱਸਿਆਵਾਂ ਤੋਂ ਕਾਫ਼ੀ ਰਾਹਤ ਪ੍ਰਦਾਨ ਕਰਨਗੇ।

## ਘਰੇਲੂ ਗੈਸ/ਪੈਟਰੋਲ/ਡੀਜਲ ਦਾ ਸਟਾਕ ਲੋੜੀਂਦੀ ਮਾਤਰਾ ਵਿੱਚ ਉਪਲਬੱਧ : ਏ.ਡੀ.ਸੀ.



**ਬਠਿੰਡਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼੍ਰੀ ਰਾਜ਼ੇਸ ਧੀਮਾਨ ਦੇ ਨਿਰਦੇਸ਼ਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ ਵੱਲੋਂ ਮੀਟਿੰਗ ਕਰਕੇ ਕਮਰਸ਼ੀਅਲ ਗੈਸ ਦੀ ਸਪਲਾਈ ਦਾ ਜ਼ਾਇਜਾ ਲੈਣ ਤੋ ਇਲਾਵਾ ਹੋਰਨਾਂ ਮੁੱਦਿਆਂ ਸਬੰਧੀ ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ ਵੱਲੋਂ ਜ਼ਿਲ੍ਹੇ ਅੰਦਰ ਘਰੇਲੂ ਗੈਸ/ਪੈਟਰੋਲ/ ਡੀਜਲ ਦਾ ਸਟਾਕ ਲੋੜੀਂਦੀ ਮਾਤਰਾ ਵਿੱਚ ਉਪਲਬੱਧਤਾ ਬਾਰੇ ਚਰਚਾ ਕੀਤੀ ਗਈ। ਜਿਸ ਤਹਿਤ ਅਧਿਕਾਰੀਆਂ ਨੇ ਦੱਸਿਆ ਕਿ ਗੈਸ ਦੀ ਸਪਲਾਈ ਬੁਕਿੰਗ ਤੋਂ 3-4 ਦਿਨਾਂ ਦੇ ਅੰਦਰ ਕੀਤੀ ਜਾ ਰਹੀ ਹੈ। ਤੇਲ ਕੰਪਨੀਆਂ ਵੱਲੋ ਪੈਟਰੋਲ ਪੰਪਾਂ ਅਤੇ ਗੈਸ ਏਜੰਸੀਆਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਸਪਲਾਈ ਕੀਤੀ ਜਾ ਰਹੀ ਹੈ।

ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਕਮਰਸ਼ੀਅਲ ਗੈਸ ਸਿਲੰਡਰ ਹਸਪਤਾਲਾਂ, ਵਿੱਦਿਅਕ ਅਦਾਰਿਆਂ, ਫਾਰਮਾ ਇੰਡਸਟ੍ਰੀਜ਼, ਸੀਡ ਪ੍ਰੋਸੈਸਿੰਗ ਇੰਡਸਟਰੀ, ਫਿਸ਼ਰੀਜ਼ ਇੰਡਸਟਰੀ, ਏਅਰਲਾਈਨ/ਰੇਲਵੇ ਕੰਟੀਨ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਜਾਰੀ ਕਰਵਾਏ ਜਾ ਰਹੇ ਹਨ।

ਵਧੀਕ ਡਿਪਟੀ ਕਮਿਸ਼ਨਰ ਨੇ ਖੁਰਾਕ ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਵਿਭਾਗ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਗਠਿਤ ਟੀਮਾਂ ਦੁਆਰਾ ਪੈਟਰੋਲ/ਡੀਜ਼ਲ/ਘਰੇਲੂ ਗੈਸ ਦੀ ਕਾਲਾ ਬਾਜ਼ਾਰੀ ਅਤੇ ਕਿਸੇ ਵੀ ਕਿਸਮ ਦੀ ਹੋਰਡਿੰਗ ਰੋਕਣ ਲਈ ਚੈਕਿੰਗ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਕਿਸੇ ਵੀ ਕਿਸਮ ਦੀਆਂ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਿਆ ਜਾ ਸਕੇ।

ਉਨ੍ਹਾਂ ਸਮੂਹ ਖਪਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਘਰੇਲੂ ਗੈਸ/ਪੈਟਰੋਲ/ਡੀਜਲ ਦਾ ਸਟਾਕ ਪ੍ਰਾਯਪਤ ਮਾਤਰਾ ਵਿੱਚ ਉਪਲਬੱਧ ਹੈ।

ਇਸ ਲਈ ਕਿਸੇ ਨੂੰ ਵੀ ਘਬਰਾਉਣ ਦੀ ਲੋੜ ਨਹੀਂ ਹੈ। ਗੈਸ ਦੀ ਬੁਕਿੰਗ ਡਲਿਵਰੀ ਤੋਂ 25 ਦਿਨਾਂ ਬਾਅਦ ਕਰਵਾਕੇ ਡਲੀਵਰੀ ਕੋਡ ਨਾਲ ਗੈਸ ਦੀ ਡਲਿਵਰੀ ਸੁਨਿਸ਼ਚਿਤ ਕੀਤੀ ਜਾ ਰਹੀ ਹੈ। ਜੇਕਰ ਕਿਸੇ ਦਾ ਈ.ਕੇ.ਵਾਈ.ਸੀ ਨਹੀਂ ਹੋਇਆ ਤਾਂ ਉਹ ਆਪਣੀ ਗੈਸ ਏਜੰਸੀ ਤੇ ਜਾ ਕੇ ਜਾਂ ਆਨਲਾਈਨ ਕਰਵਾ ਸਕਦੇ ਹਨ।

## ਵਿਧਾਇਕ ਗਿੱਲ ਵੱਲੋਂ ਵਿਦਿਆਰਥੀਆਂ ਦਾ ਸਕੂਲ ਵਿੱਚ ਚੁਣੇ ਜਾਣ ਤੇ ਸਨਮਾਨ



**ਬਠਿੰਡਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਆਦਰਸ਼ ਸਕੂਲ ਵਿੱਚ ਅੱਜ ਰੱਖੇ ਗਏ ਇੱਕ ਵਿਸ਼ੇਸ਼ ਪ੍ਰੋਗਰਾਮ ਵਿੱਚ ਹਲਕਾ ਬਠਿੰਡਾ (ਸ਼ਹਿਰੀ) ਵਿਧਾਇਕ ਸ.ਜਗਰੂਪ ਸਿੰਘ ਗਿੱਲ ਵੱਲੋਂ ਮੁੱਖ ਮਹਿਮਾਨ ਵਜੋਂ ਸਿਰਕਤ ਕੀਤੀ ਗਈ। ਇਸ ਮੌਕੇ ਕੌਂਸਲਰ ਸ੍ਰੀ ਸੁਖਦੀਪ ਸਿੰਘ ਢਿੱਲੋਂ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

ਇਸ ਦੌਰਾਨ ਵਿਧਾਇਕ ਸ. ਜਗਰੂਪ ਸਿੰਘ ਗਿੱਲ ਨੇ ਨਵੋਦਿਆ ਵਿਦਿਆਲਿਆ ਸ਼ਹਿਰੀ ਖੇਤਰ ਵਿੱਚ ਚੁਣੇ ਗਏ ਦੋ ਵਿਦਿਆਰਥੀ ਅਕਸਵੀਰ ਸਿੰਘ ਅਤੇ ਤਨਿਸ਼ਕਾ ਦਾ ਅਤੇ ਸੈਨਿਕ ਸਕੂਲ ਵਿੱਚ ਚੁਣੇ ਵਿਦਿਆਰਥੀ ਪ੍ਰਿਥਵੀ ਰਾਜ ਦਾ ਉਨਾਂ ਦੇ ਮਾਪਿਆਂ ਸਮੇਤ ਵਿਸ਼ੇਸ਼ ਸਨਮਾਨ ਕਰਦਿਆਂ ਕਿਹਾ ਕਿ ਇਨ੍ਹਾਂ ਬੱਚਿਆਂ ਦੀ ਚੋਣ ਵਿੱਚ ਇਨ੍ਹਾਂ ਦੀ ਮਿਹਨਤ, ਇਨ੍ਹਾਂ ਨੂੰ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਸਰਦਾਰ ਮਨਜੀਤ ਸਿੰਘ ਅਤੇ ਮੈਡਮ ਪਰਮਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ ਨੂੰ ਵੀ ਮੁਬਾਰਕਬਾਦ ਦਿੱਤੀ।

ਸ. ਗਿੱਲ ਨੇ ਪ੍ਰੋਗਰਾਮ ਦੌਰਾਨ ਪੂਰਾ ਭਰੋਸਾ ਦਵਾਇਆ ਕਿ ਉਹ ਆਦਰਸ਼ ਪ੍ਰਾਇਮਰੀ ਸਕੂਲ ਬਠਿੰਡਾ ਦਾ ਹਮੇਸ਼ਾ ਸਹਿਯੋਗ ਕਰਦੇ ਰਹਿਣਗੇ ਅਤੇ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਨਗੇ। ਉਨ੍ਹਾ ਸਕੂਲ ਦੇ ਬੱਚਿਆਂ ਲਈ ਛੇ ਵਾਟਰ ਕੂਲਰ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਸਕੂਲ ਸਟਾਫ ਸਕੂਲ ਦੀ ਐਸਐਮਸੀ ਕਮੇਟੀ ਵਾਈਸ ਚੇਅਰਮੈਨ ਅਤੇ ਮੈਂਬਰ ਸਾਹਿਬਾਨ ਉਚੇਚੇ ਤੌਰ ਤੇ ਸ਼ਾਮਿਲ ਹੋਏ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਮੁਖੀ ਸ. ਸੁਖਦੀਪ ਸਿੰਘ ਮਾਨ ਨੇ ਸਾਰੇ ਮਾਪਿਆਂ, ਐਸਐਮਸੀ ਦਾ ਅਤੇ ਵਿਧਾਇਕ ਸ. ਜਗਰੂਪ ਸਿੰਘ ਗਿੱਲ ਦਾ ਧੰਨਵਾਦ ਕੀਤਾ।

## 'ਆਪ' ਦੇ ਰਾਜ 'ਚ ਕਾਨੂੰਨ-ਵਿਵਸਥਾ ਤਹਿਸ-ਨਹਿਸ ਹੋਈ: ਗਾਂਧੀ



**ਪਟਿਆਲਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

'ਆਪ' ਸਰਕਾਰ ਨੂੰ ਹਰ ਖੇਤਰ 'ਚ ਨਾਕਾਮ ਕਰਾਰ ਦਿੰਦਿਆਂ ਹਲਕਾ ਸਨੌਰ ਦੇ ਕਾਂਗਰਸੀਆਂ ਨੇ ਹਲਕਾ ਇੰਚਾਰਜ ਹਰਿੰਦਰਪਾਲ ਸਿੰਘ ਹੈਰੀਮਾਨ ਦੀ ਅਗਵਾਈ ਹੇਠ ਇੱਥੇ ਧਰਨਾ ਦਿੱਤਾ ਗਿਆ।

ਇਸ ਮੌਕੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ 'ਆਪ' ਦੇ ਰਾਜਕਾਲ ਦੌਰਾਨ ਕਾਨੂੰਨ ਵਿਵਸਥਾ ਤਹਿਸ-ਨਹਿਸ ਹੋ ਕੇ ਰਹਿ ਗਈ ਹੈ।

ਗੈਂਗਸਟਰਵਾਦ ਨੇ ਸੂਬੇ ਨੂੰ ਕਈ ਸਾਲ ਪਿੱਛੇ ਧੱਕ ਦਿੱਤਾ ਹੈ। ਸਨੌਰ ਤੋਂ 'ਆਪ' ਦੇ ਹਲਕਾ ਇੰਚਾਰਜ ਰਣਜੋਧ ਹਡਾਣਾ ਵੱਲੋਂ ਨੀਂਹ ਪੱਥਰ ਰੱਖਣ ਦੀ ਕਾਰਵਾਈ 'ਤੇ ਉਂਗਲ ਧਰਦਿਆਂ ਸ੍ਰੀ ਹੈਰੀਮਾਨ ਨੇ ਕਿਹਾ ਕਿ ਇਹ ਸੜਕਾਂ ਤੇ ਹੋਰ ਪ੍ਰਾਜੈਕਟ ਕਾਂਗਰਸ ਦੀ ਸਰਕਾਰ ਵੇਲ਼ੇ ਮਨਜ਼ੂਰ ਹੋਏ ਸਨ, ਪਰ 'ਆਪ' ਆਗੂ ਆਪਣੀ ਬੱਲੇ-ਬੱਲੇ ਕਰਵਾਉਣ 'ਚ ਲੱਗੇ ਹਨ। ਉਨ੍ਹਾਂ ਕਿਹਾ ਕਿ ਸਨੌਰ ਹਲਕੇ 'ਚ ਤਾਂ 'ਆਪ' ਪਾਟੋਧਾੜ ਹੈ ਤੇ ਇਸ ਦੇ ਆਗੂ ਇੱਕ-ਦੂਜੇ ਦੀਆਂ ਲੱਤਾਂ ਖਿੱਚ ਰਹੇ ਹਨ। ਕਾਂਗਰਸ ਦੀ ਜ਼ਿਲ੍ਹਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਸਰਕਾਰ ਨੇ ਔਰਤਾਂ ਨੇ ਧਰੋਹ ਕਮਾਇਆ ਹੈ। ਜਿਹੜਾ ਹਜ਼ਾਰ ਰੁਪਿਆ ਮਹੀਨਾ ਪਹਿਲੇ ਸਾਲ ਹੀ ਦੇਣਾ ਸੀ, ਉਸ ਦਾ ਐਲਾਨ ਅੰਤਲੇ ਸਾਲ ਕੀਤਾ ਗਿਆ ਹੈ ਪਰ ਉਹ ਵੀ ਜਦੋਂ ਮਿਲੇਗਾ, ਉਦੋਂ ਦੇਖਾਂਗੇ, ਪਹਿਲਾਂ ਸਰਕਾਰ ਚਾਰ ਸਾਲਾਂ ਦਾ ਬਕਾਇਆ ਜਾਰੀ ਕਰੇ। ਇਸ ਮੌਕੇ ਜੋਗਿੰਦਰ ਕਾਕੜਾ, ਅਸ਼ਵਨੀ ਬੱਤਾ, ਹਰਵੀਰ ਥਿੰਦ, ਮਹਿਕ ਗਰੇਵਾਲ, ਰਾਜੀਵ ਗੋਇਲ, ਪ੍ਰਣਵ ਗੋਇਲ, ਚਰਨਜੀਤ ਜੱਜ, ਕੁਲਦੀਪ ਕੰਬੋਜ, ਰਿਕੀ ਮਾਨ, ਪ੍ਰਕਾਸ਼ ਗਿੱਲ, ਅਮਨ ਥਿੰਦ, ਰਾਣਾ ਬੋਲੜ, ਜਗਮਾਲ ਰਾਣਾ, ਗੁਰਵਿੰਦਰ ਭਟੇੜੀ, ਜੀਤ ਮੀਰਪੁਰ, ਜਰਨੈਲ ਚੂਹਟ, ਜਰਨੈਲ ਨੰਦਗੜ੍ਹ ਤੇ ਲਖਵਿੰਦਰ ਸ਼ਾਦੀਪੁਰ ਹਾਜ਼ਰ ਸਨ।

## ਲੋਕਾਂ ਦੀ ਸਹੂਲਤ ਲਈ ਟ੍ਰੈਫਿਕ ਡਾਇਵਰਟ ਕੀਤਾ: ਸੰਦੀਪ ਕੁਮਾਰ ਮਲਿਕ



**ਹੁਸ਼ਿਆਰਪੁਰ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ 22 ਮਾਰਚ ਨੂੰ ਮਾਹਿਲਪੁਰ ਵਿਖੇ ਕਰਵਾਈ ਜਾ ਰਹੀ ਨੈਸ਼ਨਲ ਮੈਰਾਥਨ ਦੇ ਮੱਦੇਨਜ਼ਰ ਜ਼ਿਲ੍ਹਾ ਪੁਲਿਸ ਵਲੋਂ ਲੋਕਾਂ ਦੀ ਸਹੂਲਤ ਲਈ ਬਦਲਵੇਂ ਟ੍ਰੈਫਿਕ ਰੂਟਾਂ ਦਾ ਵੇਰਵਾ ਜਾਰੀ ਕੀਤਾ ਗਿਆ ਹੈ।

ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਸ਼ਟਰੀ ਮੈਰਾਥਨ ਵਾਲੇ ਦਿਨ ਸਵਰਨ ਫਾਰਮ ਚੌਂਕ ਚੰਡੀਗੜ੍ਹ ਰੋਡ ਤੋਂ ਮਾਹਿਲਪੁਰ ਵੱਲ ਜਾਣ ਵਾਲੀ ਸਾਰੀ ਟ੍ਰੈਫਿਕ ਨੂੰ ਪੁਰਹੀਰਾਂ ਤੋਂ ਮੇਹਟੀਆਣਾ ਤੋਂ ਫਗਵਾੜਾ ਸਾਈਡ ਡਾਇਵਰਟ ਕੀਤਾ ਜਾਵੇਗਾ। ਇਸੇ ਤਰ੍ਹਾਂ ਪੁਰਹੀਰਾਂ ਬਾਈਪਾਸ ਤੋਂ ਮਾਹਿਲਪੁਰ ਵੱਲ ਜਾਣ ਵਾਲੀ ਟ੍ਰੈਫਿਕ ਨੂੰ ਵੀ ਮੇਹਟੀਆਣਾ-ਫਗਵਾੜਾ ਵਾਲੇ ਪਾਸੇ ਭੇਜਿਆ ਜਾਵੇਗਾ। ਮੇਹਟੀਆਣਾ ਨਹਿਰ ਲਾਗੇ ਨਾਕੇ ਤੋਂ ਟ੍ਰੈਫਿਕ ਨੂੰ ਫਗਵਾੜਾ ਵੱਲ ਡਾਇਵਰਟ ਕੀਤਾ ਜਾਵੇਗਾ। ਇਸੇ ਤਰ੍ਹਾਂ ਕੋਟ ਫਤੂਹੀ ਨਹਿਰ ਤੋਂ ਮੇਹਟੀਆਣਾ ਅਤੇ ਫਗਵਾੜਾ ਨੂੰ ਟ੍ਰੈਫਿਕ ਭੇਜੀ ਜਾਵੇਗੀ। ਨਾਕਾ ਅੱਡਾ ਚੱਬੇਵਾਲ ਤੋਂ ਪਿੰਡ ਸਸੋਲੀ ਸਾਈਡ ਨੂੰ ਸਾਰੀ ਟ੍ਰੈਫਿਕ ਡਾਇਵਰਟ ਕੀਤੀ ਜਾਵੇਗੀ ਅਤੇ ਨਾਕਾ ਅੱਡਾ ਜੇਜੋਂ ਤੋਂ ਹਿਮਾਚਲ ਤੋਂ ਆਉਣ ਵਾਲੀ ਸਾਰੀ ਟ੍ਰੈਫਿਕ ਗੜ੍ਹਸ਼ੰਕਰ ਅਤੇ ਮਾਹਿਲਪੁਰ ਵੱਲ ਪ੍ਰਵੇਸ਼ ਨਹੀਂ ਹੋ ਸਕੇਗਾ।ਜ਼ਿਕਰਯੋਗ ਹੈ ਕਿ ਮਾਹਿਲਪੁਰ ਅੱਡਾ ਨੇੜੇ ਹੀਰਾ ਇਲੈਕਟ੍ਰੋਨਿਕਸ ਵਾਲੀ ਗਲੀ ਤੋਂ ਚੱਬੇਵਾਲ, ਹੁਸ਼ਿਆਰਪੁਰ ਸਾਈਡ ਨੂੰ ਸਾਰੀ ਟ੍ਰੈਫਿਕ ਡਾਇਵਰਟ ਕੀਤੀ ਜਾਵੇਗੀ। ਇਸੇ ਤਰ੍ਹਾਂ ਭੁਲੇਵਾਲ ਗੁਜਰਾਂ ਗੇਟ ਦੇ ਨੇੜੇ ਜੇਜੋਂ ਰੋਡ ਤੋਂ ਚੱਬੇਵਾਲ, ਹੁਸ਼ਿਆਰਪੁਰ ਵੱਲ ਨੂੰ ਟ੍ਰੈਫਿਕ ਭੇਜੀ ਜਾਵੇਗੀ। ਪਿੰਡ ਪੱਦੀ ਸੂਰਾ ਸਿੰਘ ਵਿਖੇ ਨਾਕੇ ਤੋਂ ਮੋਰਾਂਵਾਲੀ ਨਹਿਰ ਪੁੱਲ ਰੋਡ ਵੱਲ ਨੂੰ ਟ੍ਰੈਫਿਕ ਭੇਜੀ ਜਾਵੇਗੀ। ਬੰਗਾ ਰੋਡ ਗੜ੍ਹਸ਼ੰਕਰ ਨੇੜੇ ਚੁੰਗੀ ਨਾਕਾ ਤੋਂ ਟ੍ਰੈਫਿਕ ਨੂੰ ਨਵਾਂਸ਼ਹਿਰ ਰੋਡ ਵੱਲ ਭੇਜਿਆ ਜਾਵੇਗਾ ਅਤੇ ਬੰਗਾ ਰੋਡ ਗੜ੍ਹਸ਼ੰਕਰ ਤੋਂ ਨਵਾਂਸ਼ਹਿਰ-ਚੰਡੀਗੜ੍ਹ ਰੋਡ-ਕੋਟ ਫਤੂਹੀ ਰੋਡ ਸਾਈਡ ਨੂੰ ਟ੍ਰੈਫਿਕ ਡਾਇਵਰਟ ਕੀਤਾ ਜਾਵੇਗਾ। ਇਸੇ ਤਰ੍ਹਾਂ ਨਾਕਾ ਨਵਾਂਸ਼ਹਿਰ ਰੋਡ ਗੜ੍ਹਸ਼ੰਕਰ ਤੋਂ ਦੋਵਾਂ ਪਾਸੇ ਨਵਾਂਸ਼ਹਿਰ ਅਤੇ ਚੰਡੀਗੜ੍ਹ ਰੋਡ ਸਾਈਡ ਨੂੰ ਆਵਾਜਾਈ ਰਹੇਗੀ। ਨਾਕਾ ਚੰਡੀਗੜ੍ਹ ਚੌਕ ਗੜ੍ਹਸ਼ੰਕਰ ਤੋਂ ਨਵਾਂਸ਼ਹਿਰ ਰੋਡ ਅਤੇ ਚੰਡੀਗੜ੍ਹ ਰੋਡ ਵੱਲ ਨੂੰ ਟ੍ਰੈਫਿਕ ਸੁਚਾਰੂ ਢੰਗ ਨਾਲ ਚੱਲੇਗੀ ਅਤੇ ਨਾਕਾ ਸ੍ਰੀ ਅਨੰਦਪੁਰ ਸਾਹਿਬ ਚੌਕ ਗੜ੍ਹਸ਼ੰਕਰ ਤੋਂ ਨਵਾਂਸ਼ਹਿਰ ਅਤੇ ਚੰਡੀਗੜ੍ਹ ਸਾਈਡ ਨੂੰ ਟ੍ਰੈਫਿਕ ਚੱਲੇਗੀ। ਉਨ੍ਹਾਂ ਦੱਸਿਆ ਕਿ ਨਾਕਾ ਨੰਗਲ ਰੋਡ ਗੜ੍ਹਸ਼ੰਕਰ ਤੋਂ ਨਵਾਂਸ਼ਹਿਰ ਰੋਡ ਅਤੇ ਚੰਡੀਗੜ੍ਹ ਰੋਡ ਨੂੰ ਟ੍ਰੈਫਿਕ ਜਾਰੀ ਰਹੇਗੀ।

## ਜ਼ਿਲ੍ਹਾ ਫਾਜ਼ਿਲਕਾ ਦੇ ਲੋਕਾਂ ਨੂੰ ਘਬਰਾਉਣ ਦੀ ਨਹੀਂ ਲੋੜ : ਡਿਪਟੀ ਕਮਿਸ਼ਨਰ



**ਫਾਜ਼ਿਲਕਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀ ਅਗਵਾਈ ਵਿੱਚ ਵੱਖ-ਵੱਖ ਵਿਭਾਗੀ ਅਧਿਕਾਰੀਆਂ ਨਾਲ ਐਲ.ਪੀ.ਜੀ ਗੈਸ ਦੇ ਸਬੰਧ ਵਿੱਚ ਮੀਟਿੰਗ ਕੀਤੀ ਗਈ। ਇਸ ਦੌਰਾਨ ਜ਼ਿਲ੍ਹਾ ਪੁਲਿਸ ਮੁੱਖੀ ਸ. ਗੁਰਮੀਤ ਸਿੰਘ ਵਿਸ਼ੇਸ਼ ਤੌਰ *ਤੇ ਮੌਜੂਦ ਸਨ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਫਾਜ਼ਿਲਕਾ ਵਿੱਚ ਘਰੇਲੂ ਗੈਸ ਦੀ ਕੋਈ ਵੀ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਗੈਸ ਸਲੰਡਰ ਦੀ ਕਿਸੇ ਤਰ੍ਹਾਂ ਦੀ ਜਮ੍ਹਾਂ ਖੋਰੀ ਨਾ ਕੀਤੀ ਜਾਵੇ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਕਿਸੇ ਤਰ੍ਹਾਂ ਦੀ ਘਬਰਾਹਟ ਵਿਚ ਨਾ ਆਉਣ। ਉਨ੍ਹਾਂ ਕਮਰਸ਼ੀਅਲ ਸਿਲੰਡਰਾਂ ਦੀ ਹਸਪਤਾਲਾਂ, ਵਿੱਦਿਅਕ ਸੰਸਥਾਵਾਂ ਸਮੇਤ ਹੋਸਟਲ ਅਤੇ ਵਿਆਹ ਸਮਾਗਮਾਂ ਲਈ ਸਪਲਾਈ ਦੇ ਸਬੰਧ ਵਿੱਚ ਅਧਿਕਾਰੀਆਂ ਨੂੰ ਦਿਸ਼ਾ -ਨਿਰਦੇਸ਼ ਜਾਰੀ ਕੀਤੇ।

ਜ਼ਿਲ੍ਹਾ ਪੁਲਿਸ ਮੁਖੀ ਨੇ ਸਮੂਹ ਗੈਸ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਕਿਸੇ ਵੀ ਕਿਸਮ ਦੀ ਬਲੈਕ-ਮਾਰਕੀਟਿੰਗ ਨਾ ਕੀਤੀ ਜਾਵੇ। ਜੇਕਰ ਕੋਈ ਵੀ ਬਲੈਕ-ਮਾਰਕੀਟਿੰਗ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਮਨਦੀਪ ਕੌਰ, ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਵੰਦਨਾ ਕੰਬੋਜ, ਜ਼ਿਲ੍ਹਾ ਸਿਖਿਆ ਅਫਸਰ ਅਜੈ ਤ੍ਰਿਪਾਠੀ, ਸਤੀਸ਼ ਕੁਮਾਰ, ਸਿਵਲ ਸਰਜਨ ਡਾ. ਕਵਿਤਾ ਸਿੰਘ ਆਦਿ ਮੌਜੂਦ ਸਨ।

## ਕਲਾਨੌਰ ਵਿਖੇ ਟ੍ਰੇਡਰਸ ਕਮਿਸ਼ਨ ਤਹਿਤ ਵਪਾਰੀਆਂ ਤੇ ਦੁਕਾਨਦਾਰਾਂ ਨਾਲ ਮੀਟਿੰਗ




**ਗੁਰਦਾਸਪੁਰ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਟ੍ਰੇਡਰਜ਼ ਕਮਿਸ਼ਨ ਵੱਲੋਂ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਵਪਾਰੀਆਂ ਨਾਲ ਮੀਟਿੰਗਾਂ ਕਰਨ ਦੀ ਯੋਜਨਾ ਤਹਿਤ ਕਲਾਨੌਰ ਵਿਖੇ ਦੁਕਾਨਦਾਰਾਂ ਅਤੇ ਵਪਾਰੀਆਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਸ੍ਰੀ ਆਦਿੱਤਿਆ ਸ਼ਰਮਾ ਐੱਸ.ਡੀ.ਐਮ ਡੇਰਾ ਬਾਬਾ ਨਾਨਕ, ਪੰਜਾਬ ਟਰੇਡ ਕਮਿਸ਼ਨ ਮੈਂਬਰ ਪੰਜਾਬ ਜੋਨ ਇੰਚਾਰਜ ਧਰਮਿੰਦਰ ਸ਼ੇਰੂ, ਵਿਪਨ ਸੋਨੀ ਚੇਅਰਮੈਨ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ, ਤਹਿਸੀਲਦਾਰ ਰਜਿੰਦਰ ਸਿੰਘ, ਐਸ.ਐਚ ਓ ਅਸ਼ੋਕ ਕੁਮਾਰ ਡੇਰਾ ਬਾਬਾ ਨਾਨਕ, ਪੰਚਾਇਤ ਅਫਸਰ ਮਨਜਿੰਦਰ ਸਿੰਘ, ਮਹਿੰਦਰ ਪਾਲ ਐਸ.ਡੀ.ਓ ਪਾਵਰਕਾਮ, ਵਾਟਰ ਸਪਲਾਈ ਐਂਡ ਸੈਂਟਰੀ ਵਿਭਾਗ, ਚੇਤਨਜੀਤ ਸਿੰਘ,ਯਗੇਸ਼ ਕੁਮਾਰ ਈਟੀਓ ਵਰਿੰਦਰ ਕੁਮਾਰ ਫੂਡ ਸਪਲਾਈ ਕਲਾਨੌਰ ਸਮੇਤ ਦੁਕਾਨਦਾਰ ਅਤੇ ਵਪਾਰ ਮੰਡਲ ਦੀਆਂ ਵੱਖ-ਵੱਖ ਸਖਸੀਅਤਾਂ ਮੌਜੂਦ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਐੱਸ.ਡੀ ਐਮ ਆਦਿੱਤਿਆ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਵਪਾਰੀਆਂ, ਦੁਕਾਨਦਾਰਾਂ ਤੇ ਉੱਦਮੀਆਂ ਲਈ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ @ਪੰਜਾਬ ਟਰੇਡ ਕਮਿਸ਼ਨ@ ਦਾ ਗਠਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲੇ ਲੋਕਾਂ ਲਈ ਪ੍ਰਸ਼ਾਸਨ ਨੂੰ ਵਧੇਰੇ ਪਹੁੰਚਯੋਗ ਅਤੇ ਜਵਾਬਦੇਹ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਪੰਜਾਬ ਟਰੇਡ ਕਮਿਸ਼ਨ ਮੈਂਬਰ ਪੰਜਾਬ ਜੋਨ ਇੰਚਾਰਜ ਧਰਮਿੰਦਰ ਸ਼ੇਰੂ ਨੇ ਕਿਹਾ ਕਿ ਵਪਾਰੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਕੀਤੀ ਗਈ ਹੈ। ਇਸ ਮੀਟਿੰਗ ਦੌਰਾਨ ਵਪਾਰੀਆਂ ਵੱਲੋਂ ਦਰਪੇਸ਼ ਆ ਰਹੀਆਂ ਮੁਸ਼ਕਲਾਂ ਅਤੇ ਮਸਲਿਆਂ ਨੂੰ ਧਿਆਨ ਨਾਲ ਸੁਣਿਆ ਗਿਆ।

ਉਨ੍ਹਾਂ ਕਿਹਾ ਕਿ ਪੰਜਾਬ ਸਟੇਟ ਟਰੇਡਰ ਕਮਿਸ਼ਨ ਦਾ ਮੁੱਖ ਉਦੇਸ਼ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਅਤੇ ਵਪਾਰਕ ਮਾਹੌਲ ਨੂੰ ਹੋਰ ਸੁਗਮ ਅਤੇ ਪਾਰਦਰਸ਼ੀ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਮੀਟਿੰਗਾਂ ਰਾਹੀਂ ਵਪਾਰੀਆਂ ਅਤੇ ਪ੍ਰਸ਼ਾਸਨ ਦਰਮਿਆਨ ਸੰਵਾਦ ਮਜ਼ਬੂਤ ਹੋ ਰਿਹਾ ਹੈ, ਜਿਸ ਨਾਲ ਵਪਾਰਕ ਗਤੀਵਿਧੀਆਂ ਨੂੰ ਨਵਾਂ ਉਤਸ਼ਾਹ ਮਿਲ ਰਿਹਾ ਹੈ।

ਮੀਟਿੰਗ ਵਿੱਚ ਵਪਾਰੀਆਂ/ਦੁਕਾਨਦਾਰਾਂ ਵਲੋਂ ਆਪਣੀਆਂ ਵੱਖ ਵੱਖ ਮੁਸ਼ਕਿਲਾਂ ਦੱਸੀਆਂ ਗਈਆਂ ਹਨ, ਜਿਨ੍ਹਾਂ ਨੂੰ ਸਬੰਧਤ ਵਿਭਾਗਾਂ ਵਲੋਂ ਸਮਾਂਬੱਧ ਢੰਗ ਨਾਲ ਹੱਲ ਕਰਵਾਈਆਂ ਜਾਣਗੀਆਂ।

## ਗੁਰਦਾਸਪੁਰ ਵਾਸੀਆਂ ਨੂੰ ਟ੍ਰੈਫਿਕ ਜਾਮ ਤੋਂ ਮਿਲੇਗੀ ਰਾਹਤ

**ਗੁਰਦਾਸਪੁਰ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜੀਵ ਸ਼ਰਮੀਲੇ, ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਵਲੋਂ ਸ਼ਹਿਰ ਗੁਰਦਾਸਪੁਰ ਅੰਦਰ ਲੋਕ ਹਿੱਤ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਨੂੰ ਅੱਗੇ ਵਧਾਉਂਦਿਆਂ ਗੁਰਦਾਸਪੁਰ ਵਾਸੀਆਂ ਲਈ ਇੱਕ ਹੋਰ ਉਪਰਾਲੇ ਦੀ ਪਹਿਲਕਦਮੀ ਕੀਤੀ ਗਈ ਹੈ। ਗੁਰਦਾਸਪੁਰ ਸ਼ਹਿਰ ਵਿੱਚ ਦਿਨੋਂ-ਦਿਨ ਵੱਧ ਰਹੇ ਟ੍ਰੈਫਿਕ ਅਤੇ ਲੱਗਣ ਵਾਲੇ ਲੰਬੇ ਜਾਮ ਤੋਂ ਜਨਤਾ ਨੂੰ ਨਿਜਾਤ ਦਿਵਾਉਣ ਲਈ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ ਵੱਲੋਂ ਇੱਕ ਅਹਿਮ ਕਦਮ ਚੁੱਕਿਆ ਗਿਆ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਰਾਜੀਵ ਸ਼ਰਮਾ ਨੇ ਦੱਸਿਆ ਕਿ ਇੰਪਰੂਵਮੈਂਟ ਟਰੱਸਟ ਵਲੋਂ ਸ਼ਹਿਰ ਦੇ ਉਨ੍ਹਾਂ ਮੁੱਖ ਪੁਆਇੰਟਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਜਿੱਥੇ ਹਾਦਸਿਆਂ ਦਾ ਖਤਰਾ ਜ਼ਿਆਦਾ ਰਹਿੰਦਾ ਹੈ ਅਤੇ ਟ੍ਰੈਫਿਕ ਵਿਵਸਥਾ ਅਕਸਰ ਵਿਗੜ ਜਾਂਦੀ ਹੈਉਨ੍ਹਾਂ ਦੱਸਿਆ ਕਿ ਨਵੇਂ ਪੁਆਇੰਟ ਸ਼ਹਿਰ ਦੇ ਪ੍ਰਮੁੱਖ ਚੌਕਾਂ ਜਿਵੇਂ ਕਿ ਜਹਾਜ਼ ਚੌਕ, ਡਾਕਖਾਨਾ ਚੌਕ, ਭਗਵਾਨ ਪਰਸ਼ੂਰਾਮ ਚੌਕ ਅਤੇ ਭਾਈ ਲਾਲੋ ਚੌਂਕ ਆਦਿ ਵਿੱਚ ਅਤਿ-ਆਧੁਨਿਕ ਸੈਂਸਰ ਵਾਲੀਆਂ ਟ੍ਰੈਫਿਕ ਲਾਈਟਾਂ ਲਗਾਈਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ ਟਰੈਫਿਕ ਲਾਈਟਾਂ ਲੱਗਣ ਨਾਲ ਸੁਰੱਖਿਆ ਵਿੱਚ ਵਾਧਾ ਹੋਵੇਗਾ। ਇਹਨਾਂ ਲਾਈਟਾਂ ਦੇ ਲੱਗਣ ਨਾਲ ਪੈਦਲ ਚੱਲਣ ਵਾਲੇ ਲੋਕਾਂ ਅਤੇ ਸਕੂਲੀ ਬੱਚਿਆਂ ਨੂੰ ਸੜਕ ਪਾਰ ਕਰਨ ਵਿੱਚ ਆਸਾਨੀ ਹੋਵੇਗੀ।

## ਭਾਸ਼ਾ ਵਿਭਾਗ, ਪੰਜਾਬ ਵੱਲੋਂ ਬਹੁਤ ਹੀ ਘੱਟ 'ਤੇ ਪੁਸਤਕਾਂ ਗੁਰਦਾਸਪੁਰ ਤੋਂ ਖਰੀਦੀਆਂ ਜਾ ਸਕਦੀਆਂ ਹਨ

**ਗੁਰਦਾਸਪੁਰ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫਤਰ ਗੁਰਦਾਸਪੁਰ ਵੱਲੋਂ ਜਾਣਕਾਰੀ ਦਿੰਦਿਆ ਦੱਸਿਆ ਹੈ, ਭਾਸ਼ਾ ਵਿਭਾਗ, ਪੰਜਾਬ ਵੱਲੋਂ ਬਹੁਤ ਹੀ ਮਿਆਰੀ ਅਤੇ ਧਾਰਮਿਕ/ਸਾਹਿਤਕ ਅਤੇ ਇਤਿਹਾਸਕ ਪੁਸਤਕਾਂ ਘੱਟ/ਸਸਤੀ ਕੀਮਤ @ਤੇ ਛਾਪੀਆਂ ਗਈਆਂ ਹਨ ਜਿਹੜੀਆਂ ਕਿ ਜ਼ਿਲ੍ਹੇ ਵਿੱਚ ਸਕੂਲਾਂ/ਕਾਲਜਾਂ/ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਲਈ ਖਰੀਦੀਆਂ ਜਾ ਸਕਦੀਆਂ ਹਨ।

ਇਹ ਵਡਮੁੱਲੀਆਂ ਪੁਸਤਕਾਂ ਵਿਦਿਆਰਥੀਆਂ ਦੇ ਸਾਹਿਤਕ ਅਤੇ ਮਾਨਸਿਕ ਵਿਕਾਸ ਲਈ ਬਹੁਤ ਹੀ ਉਪਯੋਗੀ ਹਨ। ਇਨ੍ਹਾਂ ਪੁਸਤਕਾਂ ਨੂੰ ਜ਼ਿਲ੍ਹੇ ਵਿੱਚ ਪੜ੍ਹਨ ਦੇ ਚਾਹਵਾਨ ਪਾਠਕ ਬਹੁਤ ਹੀ ਘੱਟ ਕੀਮਤ @ਤੇ ਖਰੀਦ ਸਕਦੇ ਹਨ।ਜਿਲ੍ਹਾ ਭਾਸ਼ਾ ਦਫਤਰ ਤੋਂ ਸ਼ਾਮ ਸਿੰਘ ਨੇ ਅੱਗੇ ਦੱਸਿਆ ਕਿ ਇਸ ਲਈ ਜ਼ਿਲ੍ਹੇ ਵਿੱਚ ਪੁਸਤਕਾਂ ਪੜ੍ਹਨ ਦੇ ਚਾਹਵਾਨਾਂ ਨੂੰ ਮੁੜ ਦੱਸਿਆ ਜਾਂਦਾ ਹੈ।

# ਯਾਤਰਾ



# ਖ਼ਾਲਸੇ ਦਾ ਦਰਪਣ
# ਵਿਰਾਸਤ-ਏ-ਖ਼ਾਲਸਾ

ਖ਼ਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਇਆ ਗਿਆ ਵਿਰਾਸਤ-ਏ-ਖ਼ਾਲਸਾ ਇਮਾਰਤਸਾਜ਼ੀ ਦਾ ਇਕ ਵਿਲੱਖਣ ਨਮੂਨਾ ਹੋਣ ਦੇ ਨਾਲ-ਨਾਲ ਪੰਜਾਬ ਦੀ ਅਮੀਰ ਵਿਰਾਸਤ ਦਾ ਦਰਪਣ ਵੀ ਹੈ। ਇਹ ਦੇਸ਼ ਦਾ ਬਿਹਤਰੀਨ ਮਿਊਜ਼ੀਅਮ ਬਣ ਚੁੱਕਾ ਹੈ, ਜਿਸ ਦੀ ਪੁਸ਼ਟੀ ਲਿਮਕਾ ਬੁੱਕ ਆਫ ਰਿਕਾਰਡ ਨੇ ਵੀ ਕਰ ਦਿੱਤੀ ਹੈ। 7 ਸਾਲ 'ਚ ਇਸ ਨੂੰ ਦੇਖਣ ਵਾਲਿਆਂ ਦੀ ਗਿਣਤੀ 97 ਲੱਖ ਤੋਂ ਵੱਧ ਹੈ...

• ਇੰਦਰਪ੍ਰੀਤ ਸਿੰਘ

ਘੁੰਮਣਾ ਫਿਰਨਾ ਕਿਸ ਨੂੰ ਚੰਗਾ ਨਹੀਂ ਲੱਗਦਾ। ਘੁੰਮਣ ਫਿਰਨ ਦੀ ਗੱਲ ਆਵੇ ਤਾਂ ਮਨ 'ਚ ਸਿਰਫ਼ ਪਹਾੜ, ਝਰਨੇ ਹੀ ਆਉਂਦੇ ਹਨ ਜਾਂ ਫਿਰ ਪੁਰਾਤਨ ਇਮਾਰਤਾਂ, ਜਿਨ੍ਹਾਂ ਨੂੰ ਦੇਖ ਕੇ ਉਥੋਂ ਦੀਆਂ ਕਹਾਣੀਆਂ ਯਾਦ ਆਉਂਦੀਆਂ ਹਨ। ਬਚਪਨ 'ਚ ਇਤਿਹਾਸ ਦੀਆਂ ਕਿਤਾਬਾਂ ਰਾਹੀਂ ਇਨ੍ਹਾਂ ਨੂੰ ਆਪਣੇ ਜ਼ਿਹਨ 'ਚ ਉਤਾਰਿਆ ਸੀ। ਅਜਿਹੇ ਹੀ ਇਤਿਹਾਸ ਦੇ ਪੰਨਿਆਂ 'ਤੇ ਉਕਰੀ ਖ਼ਾਲਸਾ ਪੰਥ ਦੀ ਇਬਾਰਤ ਨੂੰ ਵਿਰਾਸਤ ਦੇ ਰੂਪ 'ਚ ਸੰਜੋਇਆ ਹੈ ਵਿਰਾਸਤ-ਏ-ਖ਼ਾਲਸਾ 'ਚ। ਹਿਮਾਚਲ ਦੇ ਪਹਾੜਾਂ ਦੀ ਗੋਦ 'ਚ ਵਸਿਆ ਹੈ ਪੰਜਾਬ ਦਾ ਸ੍ਰੀ ਅਨੰਦਪੁਰ ਸਾਹਿਬ ਸ਼ਹਿਰ। ਇਹ ਖ਼ਾਲਸਾ ਪੰਥ ਦੀ ਜਨਮ ਭੂਮੀ ਵੀ ਹੈ। ਇਥੇ ਬਣਾਇਆ ਗਿਆ ਵਿਰਾਸਤ-ਏ-ਖ਼ਾਲਸਾ ਇਮਾਰਤਸਾਜ਼ੀ ਦਾ ਇਕ ਵਿਲੱਖਣ ਨਮੂਨਾ ਹੋਣ ਦੇ ਨਾਲ-ਨਾਲ ਪੰਜਾਬ ਦੀ ਅਮੀਰ ਵਿਰਾਸਤ ਦਾ ਦਰਪਣ ਵੀ ਹੈ। ਅੱਜ ਇਹ ਦੇਸ਼ ਦਾ ਬਿਹਤਰੀਨ ਮਿਊਜ਼ੀਅਮ ਬਣ ਚੁੱਕਾ ਹੈ, ਜਿਸ ਦੀ ਪੁਸ਼ਟੀ ਲਿਮਕਾ ਬੁੱਕ ਆਫ ਰਿਕਾਰਡ ਨੇ ਵੀ ਕਰ ਦਿੱਤੀ ਹੈ। ਵਿਸ਼ਵ ਭਰ 'ਚ ਵਿਲੱਖਣ ਪਛਾਣ ਬਣਾ ਚੁੱਕੇ ਵਿਰਾਸਤ-ਏ-ਖ਼ਾਲਸਾ 'ਚ ਸੈਲਾਨੀਆਂ ਦੀ ਗਿਣਤੀ ਸਿਰਫ਼ 7 ਸਾਲ 'ਚ ਹੁਣ ਤਕ 97 ਲੱਖ ਤੋਂ ਜ਼ਿਆਦਾ ਹੋ ਚੁੱਕੀ ਹੈ। ਖ਼ਾਸ ਗੱਲ ਇਹ ਹੈ ਕਿ 2018 'ਚ ਪਿਛਲੇ ਤਿੰਨ ਸਾਲਾਂ 'ਚ ਸਭ ਤੋਂ ਜ਼ਿਆਦਾ ਸੈਲਾਨੀ ਵਿਰਾਸਤ-ਏ-ਖ਼ਾਲਸਾ ਦੀ ਜ਼ਿਆਰਤ ਕਰਨ ਆਏ।

## 97 ਲੱਖ ਸੈਲਾਨੀ ਆਏ ਹੁਣ ਤਕ

ਵਿਭਾਗ ਦੇ ਸੈਕਟਰੀ ਵਿਕਾਸ ਪ੍ਰਤਾਪ ਨੇ ਦੱਸਿਆ ਕਿ ਸਾਲ 2011 ਤੋਂ ਲੈ ਕੇ ਹੁਣ ਤਕ 97.01 ਲੱਖ ਸੈਲਾਨੀ ਵਿਰਾਸਤ-ਏ-ਖ਼ਾਲਸਾ ਨੂੰ ਦੇਖਣ ਆ ਚੁੱਕੇ ਹਨ। ਇਨ੍ਹਾਂ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ, ਮੌਰੀਸ਼ਸ਼ ਦੇ ਰਾਸ਼ਟਰਪਤੀ, ਸੂਬਿਆਂ ਦੇ ਰਾਜਪਾਲ, ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀ ਸਮੇਤ ਵੱਖ-ਵੱਖ ਦੇਸ਼ਾਂ ਦੇ ਮੈਂਬਰ ਪਾਰਲੀਮੈਂਟ ਅਤੇ ਰਾਜਦੂਤ ਸਾਹਿਬਾਨ ਆਦਿ ਸ਼ਾਮਲ ਹਨ। ਵਿਰਾਸਤ-ਏ-ਖ਼ਾਲਸਾ ਦੁਆਰਾ ਬਿਜਲੀ ਦਾ ਖ਼ਰਚ ਘਟਾਉਣ ਲਈ ਉਠਾਏ ਗਏ ਕਦਮਾਂ ਨਾਲ ਆਏ ਨਤੀਜਿਆਂ ਦੀ ਸਮੀਖਿਆ ਕਰਦੇ ਹੋਏ ਪੰਜਾਬ ਊਰਜਾ ਵਿਕਾਸ ਅਥਾਰਟੀ ਦੁਆਰਾ ਐਨਰਜੀ ਕੰਜ਼ਰਵੇਸ਼ਨ ਅਵਾਰਡ ਵੀ ਵਿਰਾਸਤ-ਏ-ਖ਼ਾਲਸਾ ਨੂੰ ਦਿੱਤਾ ਗਿਆ ਹੈ।

## ਕਿਉਂ ਆ ਰਹੇ ਹਨ ਇੰਨੇ ਸੈਲਾਨੀ?

ਜਿਸ ਜਗ੍ਹਾ 'ਤੇ 1699 ਈਸਵੀ 'ਚ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ, ਜਿੱਥੇ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਬਣਿਆ ਹੋਇਆ ਹੈ। ਇਸ ਦੇ ਠੀਕ ਥੋੜ੍ਹੀ ਦੂਰੀ 'ਤੇ ਬਣਿਆ ਹੈ ਵਿਰਾਸਤ-ਏ-ਖ਼ਾਲਸਾ। ਸਭ ਤੋਂ ਖ਼ੂਬਸੂਰਤ ਹੈ ਇਸ ਦੀ ਕਿਸ਼ਤੀ ਆਕਾਰ ਦੀ ਇਮਾਰਤ ਜੋ ਉੱਪਰੋਂ ਦੇਖਣ 'ਚ ਬਹੁਤ ਪਿਆਰੀ ਲੱਗਦੀ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਮੱਥਾ ਟੇਕਣ ਵਾਲੇ ਵਿਰਾਸਤ-ਏ-ਖ਼ਾਲਸਾ ਨੂੰ ਵੀ ਦੇਖਣਾ ਨਹੀਂ ਭੁੱਲਦੇ। ਇਸ ਦਾ ਡਿਜ਼ਾਈਨ ਇਜ਼ਰਾਈਲ ਦੇ ਪ੍ਰਸਿੱਧ ਆਰਕੀਟੈਕਟ ਮੋਸ਼ੇ ਸੇਫਦੀ ਨੇ ਤਿਆਰ ਕੀਤਾ ਸੀ।

### ਕਿਵੇਂ ਪਹੁੰਚੀਏ

ਸ੍ਰੀ ਅਨੰਦਪੁਰ ਸਾਹਿਬ ਰੇਲ ਅਤੇ ਸੜਕ ਮਾਰਗ ਰਾਹੀਂ ਸੌਖਿਆਂ ਪਹੁੰਚਿਆ ਜਾ ਸਕਦਾ ਹੈ। ਚੰਡੀਗੜ੍ਹ ਤੋਂ ਨੰਗਲ-ਊਨਾ ਵੱਲ ਜਾਣ ਵਾਲੀਆਂ ਸਾਰੀਆਂ ਗੱਡੀਆਂ ਸ੍ਰੀ ਅਨੰਦਪੁਰ ਸਾਹਿਬ 'ਚੋਂ ਲੰਘਦੀਆਂ ਹਨ। ਦੂਰੋਂ ਆਉਣ ਵਾਲਿਆਂ ਲਈ ਨਜ਼ਦੀਕੀ ਹਵਾਈ ਸੰਪਰਕ ਚੰਡੀਗੜ੍ਹ ਹੈ। ਜਿੱਥੋਂ ਸ੍ਰੀ ਅਨੰਦਪੁਰ ਸਾਹਿਬ 80 ਕਿਲੋਮੀਟਰ ਹੈ। ਜਿੱਥੋਂ ਕੈਬ ਕਰ ਕੇ ਸਿਰਫ਼ ਡੇਢ ਘੰਟੇ 'ਚ ਵਿਰਾਸਤ-ਏ-ਖ਼ਾਲਸਾ ਪਹੁੰਚਿਆ ਜਾ ਸਕਦਾ ਹੈ।

## ਕੀ-ਕੀ ਹੈ ਵਿਰਾਸਤ-ਏ-ਖ਼ਾਲਸਾ 'ਚ

ਵਿਰਾਸਤ-ਏ-ਖ਼ਾਲਸਾ ਦੀਆਂ 27 ਗੈਲਰੀਆਂ ਹਨ। ਇਨ੍ਹਾਂ ਗੈਲਰੀਆਂ 'ਚ ਪੰਜਾਬ ਦੇ 550 ਸਾਲਾਂ ਦੀ ਵਿਰਾਸਤ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਹਰ ਗੈਲਰੀ 'ਚ ਕੀ ਹੈ ਇਸ ਬਾਰੇ ਉੱਥੇ ਵਿਸਥਾਰ 'ਚ ਲਿਖਿਆ ਵੀ ਹੋਇਆ ਹੈ, ਬਲਕਿ ਤੁਹਾਨੂੰ ਹੈੱਡਫੋਨ ਵੀ ਦਿੱਤੇ ਜਾਂਦੇ ਹਨ, ਜਿਸ 'ਚ ਤੁਸੀਂ ਹਿੰਦੀ, ਪੰਜਾਬੀ ਜਾਂ ਫਿਰ ਅੰਗਰੇਜ਼ੀ 'ਚ ਸੁਣ ਵੀ ਸਕਦੇ ਹੋ। ਪਹਿਲੀ ਗੈਲਰੀ 'ਚ ਪੰਜਾਬ ਦੇ ਸੱਭਿਆਚਾਰ ਦੇ ਵੱਖ-ਵੱਖ ਰੰਗਾਂ ਨੂੰ ਲਾਈਟ ਐਂਡ ਸਾਊਂਡ ਦੇ ਜ਼ਰੀਏ ਪੇਸ਼ ਕੀਤਾ ਗਿਆ ਹੈ। ਜਿਵੇਂ-ਜਿਵੇਂ ਤੁਸੀਂ ਅੱਗੇ ਵਧਦੇ ਹੋ, ਹੈਡਫੋਨ ਦੇ ਜ਼ਰੀਏ ਤੁਹਾਨੂੰ ਦੱਸਿਆ ਜਾਂਦਾ ਹੈ। ਜਿਵੇਂ ਹੀ ਤੁਸੀਂ ਅਗਲੀ ਗੈਲਰੀ 'ਚ ਜਾਂਦੇ ਹੋ ਤੁਹਾਨੂੰ ਇਕ ਓਂਕਾਰ ਦਾ ਝੂਮਰ ਦਿਖਾਈ ਦਿੰਦਾ ਹੈ, ਜੋ ਪਰਮਾਤਮਾ ਇਕ ਹੈ ਦਾ ਸੰਦੇਸ਼ ਦਿੰਦਾ ਹੈ। ਇਸ ਤੋਂ ਬਾਅਦ ਇਕ-ਇਕ ਕਰ ਕੇ ਦਸ ਗੁਰੂ ਸਾਹਿਬਾਨ ਦੇ ਜੀਵਨਕਾਲ ਬਾਰੇ ਦੱਸਦੀਆਂ ਗੈਲਰੀਆਂ ਹਨ। ਗੁਰੂਆਂ ਦੇ ਆਪਣੇ ਜੀਵਨ ਕਾਲ 'ਚ ਕੀ-ਕੀ ਉਪਲੱਬਧੀਆਂ ਰਹੀਆਂ ਇਸ ਨੂੰ ਪ੍ਰਦਰਸ਼ਤ ਕੀਤਾ ਗਿਆ ਹੈ। ਦਸਵੇਂ ਗੁਰੂ ਦੇ ਜੀਵਨ ਕਾਲ ਵਾਲੀ ਗੈਲਰੀ 'ਚ ਦਾਖ਼ਲ ਹੁੰਦੇ ਹੀ ਅੱਠ ਮਿੰਟ ਦਾ ਸ਼ੋਅ ਦਿਖਾਇਆ ਜਾਂਦਾ ਹੈ ਕਿ ਉਨ੍ਹਾਂ ਨੇ ਕਿਵੇਂ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਤੋਂ ਅਗਲੀ ਗੈਲਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੈ। ਉਸ ਤੋਂ ਬਾਅਦ ਬੰਦਾ ਸਿੰਘ ਬਹਾਦਰ ਦੇ ਸਮੇਂ ਨੂੰ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਖ਼ਾਲਸਾ ਰਾਜ ਬਹਾਲ ਕੀਤਾ।

ਉਸ ਦੇ ਬਾਅਦ ਮਹਾਰਾਜਾ ਰਣਜੀਤ ਸਿੰਘ, ਉਨ੍ਹਾਂ ਦੁਆਰਾ ਸਥਾਪਤ ਕੀਤੀਆਂ ਗਈਆਂ ਮਿਸਲਾਂ ਅਤੇ ਉਨ੍ਹਾਂ ਦਾ ਸ਼ਾਸਨ ਕਾਲ ਦਿਖਾਇਆ ਗਿਆ ਹੈ। ਉਨ੍ਹਾਂ ਦੀ ਮੌਤ ਪਿੱਛੋਂ ਕਿਸ ਤਰ੍ਹਾਂ ਖ਼ਾਲਸਾ ਰਾਜ ਖ਼ਤਮ ਹੋਇਆ ਅਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ। ਇਸ ਤੋਂ ਅਗਲੀ ਗੈਲਰੀ 'ਚ ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ, ਗ਼ਦਰ ਲਹਿਰ, ਭਗਤ ਸਿੰਘ ਦੀ ਸ਼ਹਾਦਤ ਆਦਿ ਦਿਖਾਈ ਗਈ ਹੈ। ਸਭ ਤੋਂ ਅੰਤਿਮ ਗੈਲਰੀ ਅਰਦਾਸ ਗੈਲਰੀ ਹੈ।

## ਸ਼ਨਾਖ਼ਤੀ ਕਾਰਡ ਨਾਲ ਲਿਆਓ

ਵਿਰਾਸਤ-ਏ-ਖ਼ਾਲਸਾ 'ਚ ਜਾਣ ਲਈ ਆਈਡੀ ਪਰੂਫ਼ ਲਿਆਉਣਾ ਜ਼ਰੂਰੀ ਹੈ। ਟਿਕਟ ਕਾਊਂਟਰ 'ਤੇ ਇਹ ਦੇਖਿਆ ਜਾਂਦਾ ਹੈ। ਇਸ ਤੋਂ ਇਲਾਵਾ, ਜਦ ਅੰਦਰ ਗੈਲਰੀਆਂ ਨੂੰ ਦੇਖਣ ਲਈ ਆਡੀਓ ਸਿਸਟਮ ਦਿੱਤਾ ਜਾਂਦਾ ਹੈ, ਤਾਂ ਉੱਥੇ ਆਈਡੀ ਪਰੂਫ਼ ਜਮ੍ਹਾਂ ਕਰਾਉਣਾ ਹੁੰਦਾ ਹੈ। •

ਕੁੱਲ ਏਰੀਆ
**118 ਏਕੜ**

ਤਿੰਨ ਬਲਾਕ ਹਨ
**ਏ, ਬੀ ਅਤੇ ਸੀ**

ਇਸ ਨੂੰ ਬਣਾਉਣ 'ਚ
**326 ਕਰੋੜ ਰੁਪਏ**
ਖ਼ਰਚ ਆਏ ਹਨ।

### ਕਦੋਂ ਬਣੀ ਇਹ ਇਮਾਰਤ

ਵਿਰਾਸਤ-ਏ-ਖ਼ਾਲਸਾ ਦਾ ਸੰਕਲਪ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਸੀ, ਜਿਨ੍ਹਾਂ ਨੇ ਖ਼ਾਲਸਾ ਪੰਥ ਦੇ ਤਿੰਨ ਸੌ ਸਾਲਾ ਸਥਾਪਨਾ ਦਿਵਸ ਤੋਂ ਪਹਿਲਾਂ 22 ਨਵੰਬਰ, 1998 ਨੂੰ ਪੰਜ ਪਿਆਰਿਆਂ ਤੋਂ ਇਸ ਦਾ ਨੀਂਹ ਪੱਥਰ ਰਖਵਾਇਆ ਗਿਆ।

- 2011 'ਚ ਪਹਿਲਾ ਭਾਗ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ।
- 2016 'ਚ ਦੂਜਾ ਭਾਗ ਖੋਲ੍ਹਿਆ ਗਿਆ।
- ਅੰਦਰ ਡਿਜੀਟਲ ਲਾਇਬ੍ਰੇਰੀ ਵੀ ਹੈ ਜਿੱਥੇ 8000 ਕਿਤਾਬਾਂ ਹਨ।
- 428 ਸੀਟਾਂ ਵਾਲਾ ਆਡੀਟੋਰੀਅਮ ਵੀ ਬਣਾਇਆ ਗਿਆ ਹੈ।

ਹਫ਼ਤੇ 'ਚ ਇਕ ਦਿਨ ਸੋਮਵਾਰ ਨੂੰ ਵਿਰਾਸਤ-ਏ-ਖ਼ਾਲਸਾ ਬੰਦ ਹੁੰਦਾ ਹੈ, ਜਦਕਿ ਸਾਲ ਭਰ 'ਚ ਦੋ ਵਾਰ ਇਕ-ਇਕ ਹਫ਼ਤੇ ਲਈ ਸਾਂਭ ਸੰਭਾਲ ਲਈ ਬੰਦ ਕੀਤਾ ਜਾਂਦਾ ਹੈ। 24 ਜਨਵਰੀ ਤੋਂ 31 ਜਨਵਰੀ ਅਤੇ 24 ਜੁਲਾਈ ਤੋਂ 31 ਜੁਲਾਈ ਤਕ ਬੰਦ ਰਹਿੰਦਾ ਹੈ।

# ਯੋਧਿਆਂ ਦੀਆਂ ਨਿਸ਼ਾਨੀਆਂ
# ਸੰਭਾਲੀ ਬੈਠਾ ਅਜਾਇਬਘਰ




ਸਰਵਣ ਸਿੰਘ ਭੰਗਲਾਂ
98725 54147


ਮਹਾਰਾਜਾ ਰਣਜੀਤ ਸਿੰਘ ਜੰਗੀ ਅਜਾਇਬਘਰ, ਲੁਧਿਆਣਾ ਆਪਣੇ ਆਪ 'ਚ ਇਕ ਅਜਿਹਾ ਵਿਲੱਖਣ ਸਥਾਨ ਹੈ ਜਿੱਥੇ ਆਪਣੇ ਵਤਨ ਤੋਂ ਕੁਰਬਾਨ ਹੋਣ ਵਾਲੇ ਸੈਂਕੜੇ ਜੰਗੀ ਯੋਧਿਆਂ ਦੀਆਂ ਨਿਸ਼ਾਨੀਆਂ ਨੂੰ ਪੰਜਾਬ ਸਰਕਾਰ ਵੱਲੋਂ ਸੰਭਾਲਣ ਦਾ ਯਤਨ ਕੀਤਾ ਗਿਆ ਹੈ। ਇਸ ਜੰਗੀ ਅਜਾਇਬਘਰ ਨੂੰ ਵੇਖਣ ਆਏ ਦਰਸ਼ਕਾਂ ਦੇ ਗਿਆਨ 'ਚ ਜਿੱਥੇ ਵਾਧਾ ਹੁੰਦਾ ਹੈ ਉੱਥੇ ਉਨ੍ਹਾਂ ਦਾ ਦੇਸ਼ ਭਗਤੀ ਦਾ ਜਜ਼ਬਾ ਵੀ ਹੁਲਾਰੇ ਮਾਰਨ ਲਗਦਾ ਹੈ। 13 ਨਵੰਬਰ 1780 ਦਿਨ ਮੰਗਲਵਾਰ ਨੂੰ ਜਨਮੇ ਮਹਾਰਾਜਾ ਰਣਜੀਤ ਸਿੰਘ ਦੇ ਨਾਂ 'ਤੇ ਇਸ ਮਿਊਜ਼ੀਅਮ ਦਾ ਨਾਮ ਰੱਖਿਆ ਗਿਆ ਹੈ। ਬਚਪਨ 'ਚ ਹੋਈ ਚੇਚਕ ਦੀ ਨਾਮੁਰਾਦ ਬਿਮਾਰੀ ਕਾਰਨ ਉਨ੍ਹਾਂ ਦੀ ਖੱਬੀ ਅੱਖ ਦੀ ਜੋਤ ਚਲੀ ਗਈ ਪਰ ਫਿਰ ਵੀ ਉਹ ਅਜਿਹੇ ਸ਼ਕਤੀਸ਼ਾਲੀ ਰਾਜੇ ਬਣੇ ਜਿਨ੍ਹਾਂ ਤੋਂ ਪੂਰੀ ਬ੍ਰਿਟਿਸ਼ ਹਕੂਮਤ ਕੰਬਦੀ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਜਿੱਥੇ ਦੇਸ਼ ਦੀ ਉੱਤਰੀ-ਪੱਛਮੀ ਸੀਮਾ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਬਚਾਇਆ ਉੱਥੇ ਆਪਣੀ ਦਇਆ ਤੇ ਧਾਰਮਿਕ ਸਹਿਣਸ਼ੀਲਤਾ ਰਾਹੀਂ ਪੰਜਾਬ ਦੇ ਲੋਕਾਂ ਦਾ ਏਕੀਕਰਣ ਕਰ ਕੇ ਇਕ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ। ਇਸ ਮਿਊਜ਼ੀਅਮ 'ਚ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨਕਾਲ ਨਾਲ ਸਬੰਧਤ ਵੱਡਮੁੱਲੀ ਜਾਣਕਾਰੀ ਤੋਂ ਇਲਾਵਾ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਈਆਂ ਜੰਗਾਂ 'ਚ ਸ਼ਹੀਦ ਹੋਏ ਦੇਸ਼ਭਗਤਾਂ ਦੀਆਂ ਅਹਿਮ ਨਿਸ਼ਾਨੀਆਂ ਤੇ ਜੰਗ 'ਚ ਕੰਮ ਆਉਣ ਵਾਲੇ ਜੰਗੀ ਹਥਿਆਰਾਂ ਦੇ ਪ੍ਰਤੱਖ ਦਰਸ਼ਨ ਕੀਤੇ ਜਾ ਸਕਦੇ ਹਨ।

## ਕਿਵੇਂ ਜਾਈਏ?

ਇਹ ਮਿਊਜ਼ੀਅਮ ਲੁਧਿਆਣਾ ਤੋਂ ਜਲੰਧਰ ਜਾਣ ਵਾਲੇ ਰਸਤੇ 'ਤੇ ਸ਼ਹਿਰ ਤੋਂ ਕਰੀਬ 3 ਕਿਲੋਮੀਟਰ ਬਾਹਰਵਾਰ ਸਥਿਤ ਚਿੜਿਆਘਰ 'ਟਾਈਗਰ ਸਫਾਰੀ' ਦੇ ਬਿਲਕੁਲ ਨਜ਼ਦੀਕ ਹੈ। ਇਸ ਜੰਗੀ ਅਜਾਇਬਘਰ ਦਾ ਨੀਂਹ ਪੱਥਰ ਜਨਰਲ ਓ.ਪੀ ਮਲਹੋਤਰਾ ਨੇ 11 ਮਈ 1991 ਨੂੰ ਰੱਖਿਆ ਅਤੇ ਪੂਰੀ ਤਰ੍ਹਾਂ ਤਿਆਰ ਹੋਣ ਮਗਰੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 7 ਸਤੰਬਰ, 2005 ਨੂੰ ਇਸ ਦੇ ਉਦਘਾਟਨ ਤੋਂ ਬਾਅਦ ਦਰਸ਼ਕਾਂ ਲਈ ਖੋਲ੍ਹੇ ਗਏ ਇਸ ਮਿਊਜ਼ੀਅਮ 'ਚ ਤਕਰੀਬਨ ਸਾਰਾ ਹਫਤਾ ਦਰਸ਼ਕਾਂ ਦੀ ਭਾਰੀ ਆਮਦ ਰਹਿੰਦੀ ਹੈ ਤੇ ਖ਼ਾਸ ਕਰ ਕੇ ਐਤਵਾਰ ਨੂੰ ਛੁੱਟੀ ਵਾਲੇ ਦਿਨ ਦਰਸ਼ਕ ਵੱਡੀ ਗਿਣਤੀ 'ਚ ਇਸ ਨੂੰ ਵੇਖਣ ਆਉਂਦੇ ਹਨ।

## ਦਰਸ਼ਕਾਂ ਦਾ ਦਾਖ਼ਲਾ

ਦਰਸ਼ਕਾਂ ਨੂੰ ਅੰਦਰ ਜਾਣ ਲਈ 40 ਰੁਪਏ ਦੀ ਟਿਕਟ ਖ਼ਰੀਦਣੀ ਪੈਂਦੀ ਹੈ ਜੋ ਬੱਚਿਆਂ ਲਈ 20 ਰੁਪਏ ਅਤੇ ਪੰਜ ਸਾਲ ਤੋਂ ਛੋਟੇ ਬੱਚੇ ਲਈ ਬਿਲਕੁਲ ਮੁਫ਼ਤ ਹੈ। ਸਕੂਲੀ ਵਿਦਿਆਰਥੀਆਂ ਦੇ ਗਰੁੱਪਾਂ ਲਈ ਰਿਆਇਤੀ ਦਰਾਂ 'ਤੇ ਸਹੂਲਤਾਂ ਮੁਹੱਈਆ ਹਨ। ਇਸ ਅਜਾਇਬ ਘਰ ਦੇ ਅੰਦਰਲੇ ਦਰਵਾਜ਼ੇ ਸਾਹਮਣੇ ਸਥਿਤ ਪੌੜੀਆਂ ਦੇ ਬਿਲਕੁਲ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਦਾ ਵੱਡੇ ਅਕਾਰ ਦਾ ਬੁੱਤ ਲੱਗਾ ਹੋਇਆ ਹੈ। ਜਿਸਦੇ ਕੋਲ ਖੜ੍ਹੇ ਹੋ ਕੇ ਦਰਸ਼ਕਾਂ ਅਕਸਰ ਫੋਟੋਆਂ ਖਿਚਵਾਉਂਦੇ ਵੇਖੇ ਜਾਂਦੇ ਹਨ। ਪੌੜੀਆਂ ਚੜ੍ਹਨ ਮਗਰੋਂ ਖੱਬੇ ਪਾਸੇ 3.7 ਹੋਜ਼ਰ ਤੋਪ ਰੱਖੀ ਹੋਈ ਹੈ। ਇਹ ਬਰਤਾਨਵੀ ਤੋਪ ਦੂਜੇ ਵਿਸ਼ਵ ਯੁੱਧ 'ਚ ਵਰਤਣ ਤੋਂ ਇਲਾਵਾ 1947-48, 62, 65 ਅਤੇ 1971 ਦੀ ਜੰਗ 'ਚ ਵਰਤੀ ਗਈ ਸੀ। ਇਸ ਦੇ ਨਾਲ ਹੀ ਖੱਬੇ ਪਾਸੇ 75 ਮਿ. ਮੀ.ਦੀ ਝਟਕਾ ਰਹਿਤ ਤੋਪ ਪਈ ਹੈ। ਲੋਹੇ ਦੀਆਂ ਬਣੀਆਂ ਤਿੰਨ ਲੱਤਾਂ ਉਪਰ ਟਿਕਾਉਣ ਮਗਰੋਂ ਇਸ ਨਾਲ ਗੋਲੀਬਾਰੀ ਕੀਤੀ ਜਾ ਸਕਦੀ ਹੈ। ਦੂਜੇ ਵਿਸ਼ਵ ਯੁੱਧ 'ਚ ਇਸਦੀ ਬਾਖ਼ੂਬੀ ਵਰਤੋਂ ਕੀਤੀ ਗਈ ਸੀ। ਸੱਜੇ ਪਾਸੇ 76 ਮਿ.ਮੀ.ਦੀ 705 ਕਿ.ਗ੍ਰਾਮ ਦੀ ਪਹਾੜੀ ਤੋਪ ਰੱਖੀ ਗਈ ਹੈ ਜੋ ਯੂਗੋਸਲਾਵੀਆ ਦੀ ਬਣੀ ਹੋਈ ਹੈ। ਇਹ ਪ੍ਰਤੀ ਮਿੰਟ 3 ਗੋਲੇ ਦਾਗ ਸਕਦੀ ਹੈ ਤੇ ਇਸ ਦੀ ਮਾਰਕ ਸਮਰਥਾ 8.750 ਕਿਲੋ. ਮੀ. ਤਕ ਹੈ।

## ਗੈਲਰੀਆਂ 'ਚ ਰੱਖਿਆ ਜੰਗੀ ਸਾਜੋ ਸਾਮਾਨ

ਇਸ ਜੰਗੀ ਅਜਾਇਬਘਰ ਅੰਦਰ 12 ਵੱਖ-ਵੱਖ ਗੈਲਰੀਆਂ ਬਣਾਈਆਂ ਗਈਆਂ ਹਨ। ਜਿਨ੍ਹਾਂ ਵਿੱਚੋਂ ਅਜੇ ਸਿਰਫ਼ 2 ਹੀ ਪੂਰੀਆਂ ਬਣਾਈਆਂ ਗਈਆਂ ਹਨ ਤੇ ਬਾਕੀਆਂ ਦੀ ਤਿਆਰੀ ਚੱਲ ਰਹੀ ਹੈ। ਪਹਿਲੀ ਗੈਲਰੀ ਅੰਦਰ ਵੜਦਿਆਂ ਦਰਸ਼ਕਾਂ ਨੂੰ 17ਵੀਂ ਸਦੀ ਦੇ ਪੁਰਾਣੇ ਹਥਿਆਰਾਂ 'ਚ ਮੈਚ ਲੌਕ ਗੰਨ, ਕਿਰਚਾਂ, ਤਲਵਾਰਾਂ, ਖੁਖਰੀਆਂ ਅਤੇ ਫਲਾਈਟ ਲੌਕ ਗੰਨਾਂ ਵੇਖਣ ਨੂੰ ਮਿਲਦੀਆਂ ਹਨ। ਬਿਲਕੁਲ ਅਸਲੀ ਹਥਿਆਰਾਂ ਨੂੰ ਦੀਵਾਰ 'ਚ ਬਣੇ ਸ਼ੋਅ ਕੇਸ ਅੰਦਰ ਇਸ ਤਰ੍ਹਾਂ ਫਿੱਟ ਕੀਤਾ ਗਿਆ ਹੈ ਕਿ ਦਰਸ਼ਕ ਇਨ੍ਹਾਂ ਨੂੰ ਹੱਥਾਂ ਨਾਲ ਛੂਹ ਤਾਂ ਸਕਦਾ ਹੈ ਪਰ ਕੋਈ ਛੇੜਖਾਨੀ ਨਹੀਂ ਕੀਤੀ ਜਾ ਸਕਦੀ।

ਇਸ ਤੋਂ ਬਾਅਦ ਸ਼ੁਰੂ ਹੁੰਦੀ ਗੈਲਰੀ 'ਚ ਜੰਗੀ ਯੋਧਿਆਂ ਨੂੰ ਮਾਣ-ਸਨਮਾਨ ਦੇ ਤੌਰ 'ਤੇ ਮਿਲਣ ਵਾਲੇ ਅਸ਼ੋਕ ਚੱਕਰ, ਸ਼ੂਰੀਆ ਚੱਕਰ, ਕੀਰਤੀ ਚੱਕਰ, ਵੀਰ ਚੱਕਰ, ਮਹਾਂਵੀਰ ਚੱਕਰ ਅਤੇ ਪਰਮਵੀਰ ਚੱਕਰ ਤੋਂ ਇਲਾਵਾ ਵਸ਼ਿਸ਼ਟ ਸੇਵਾ ਮੈਡਲ, ਅਤੀ ਵਿਸ਼ਿਸ਼ਟ ਸੇਵਾ ਮੈਡਲ ਅਤੇ ਪਰਮ ਵਿਸ਼ਿਸ਼ਟ ਸੇਵਾ ਮੈਡਲ ਵੀ ਅਸਲੀ ਰੂਪ 'ਚ ਸ਼ੀਸ਼ੇ ਦੇ ਬਣੇ ਹੋਏ ਬੰਦ ਕੀਤੇ ਸ਼ੋਅਕੇਸਾਂ 'ਚ ਦਰਸ਼ਕਾਂ ਦੇ ਵੇਖਣ ਲਈ ਰੱਖੇ ਗਏ ਹਨ। ਸ਼ੀਸ਼ੇ ਅੰਦਰ ਬੰਦ ਕੀਤੇ ਇਨ੍ਹਾਂ ਸਨਮਾਨ ਚਿੰਨ੍ਹਾਂ ਦੀ ਸਿਰਫ਼ ਝਲਕ ਹੀ ਵੇਖੀ ਜਾ ਸਕਦੀ ਹੈ। ਇਸ ਦੇ ਨਾਲ ਹੀ ਦੇਸ਼ ਦੀਆਂ ਤਿੰਨੋਂ ਫ਼ੌਜਾਂ ਦੇ ਵੱਖ-ਵੱਖ ਰੈਂਕਾਂ ਨੂੰ ਦਰਸਾਉਂਦੇ ਬੈਜ ਅਤੇ ਪੁਰਾਣੀਆਂ ਵਰਦੀਆਂ ਵੀ ਸ਼ੋਅ ਕੇਸਾਂ 'ਚ ਸੰਭਾਲਕੇ ਰੱਖੀਆਂ ਗਈਆਂ ਹਨ।













## ਜੰਗੀ ਯੋਧਿਆਂ ਦੀਆਂ ਤਸਵੀਰਾਂ

ਗੈਲਰੀ 'ਚ 1971 ਦੀ ਜੰਗ ਅਤੇ 1987 ਤੋਂ 1989 ਤਕ ਚੱਲੇ ਅਪਰੇਸ਼ਨ ਪਵਨ 'ਚ ਦੇਸ਼ ਤੋਂ ਆਪਾ ਵਾਰਨ ਵਾਲੇ ਸ਼ਹੀਦ ਸੈਕੰਡ ਲੈਫਟੀਨੈਂਟ ਰਾਜੀਵ ਸੰਧੂ, ਅਸਿਸਟੈਂਟ ਕਮਾਂਡਰ ਰਾਮ ਕ੍ਰਿਸ਼ਨ ਵਧਵਾ, ਲਾਂਸ ਨਾਇਕ ਸ਼ਿੰਗਾਰਾ ਸਿੰਘ, ਵਾਈਸ ਐਡਮਿਰਲ ਸਵਰਾਜ ਪ੍ਰਕਾਸ਼, ਲੈਫਟੀਨੈਂਟ ਜਨਰਲ ਰਾਜ ਮੋਹਨ ਵੋਹਰਾ, ਕਮਾਂਡਰ ਹਰਚਰਨ ਸਿੰਘ ਮਾਂਗਟ, ਸੂਬੇਦਾਰ ਮਲਕੀਤ ਸਿੰਘ, ਬ੍ਰਿਗੇਡੀਅਰ ਅਮਰਜੀਤ ਸਿੰਘ, ਸੂਬੇਦਾਰ ਮਹਿੰਦਰ ਸਿੰਘ, ਬ੍ਰਿਗੇਡੀਅਰ ਮਹਿੰਦਰ ਲਾਲ, ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ, ਮੇਜਰ ਹਰਭਜਨ ਸਿੰਘ, ਲੈਫ. ਜਨ.ਰਜਿੰਦਰ ਸਿੰਘ ਸਪੈਰੋ, ਬ੍ਰਿਗੇਡੀਅਰ ਐਨ. ਐਸ ਸੰਧੂ, ਨਾਇਕ ਦਰਸ਼ਨ ਸਿੰਘ, ਬ੍ਰਿਗੇਡੀਅਰ ਸੰਤ ਸਿੰਘ, ਏਅਰ ਮਾਰਸ਼ਲ ਪ੍ਰੇਮ ਪਾਲ ਸਿੰਘ, ਲੈਫ. ਜਨ. ਖੇਮਕਰਨ ਸਿੰਘ, ਮੇਜਰ ਬਲਜੀਤ ਸਿੰਘ ਰੰਧਾਵਾ, ਲੈਫ. ਕਰਨਲ ਸਰਦੂਲ ਸਿੰਘ ਰੰਧਾਵਾ, ਸਿਪਾਹੀ ਕੇਵਲ ਸਿੰਘ, ਕਰਨਲ ਅਜੀਤ ਸਿੰਘ, ਲੈਫ. ਕਰਨਲ ਭਗਵਾਨ ਦੱਤ ਡੋਗਰਾ, ਲੈਫ. ਕਰਨਲ ਗੁਰਦਿਆਲ ਸਿੰਘ, ਲਾਇਕ ਚੈਨ ਸਿੰਘ, ਏਅਰ ਕੋਮੋ.ਮੇਹਰ ਸਿੰਘ, ਲੈਫ.ਕਰ.ਖੁਸ਼ਹਾਲ ਚੰਦ, ਲੈਫ.ਕਰ.ਹਰੀ ਚੰਦ, ਸੂਬੇਦਾਰ ਲਾਲ ਸਿੰਘ, ਬ੍ਰਿਗੇਡੀਅਰ ਸ਼ੇਰ ਜੰਗ ਥਾਪਰ, ਜਮਾਂਦਾਰ ਸੰਪੂਰਨ ਸਿੰਘ, ਬ੍ਰਿਗੇਡੀਅਰ ਸੰਪੂਰਨ ਸਿੰਘ, ਹਵ.ਪ੍ਰੀਤਮ ਸਿੰਘ, ਨਾਇਕ ਅਮਰ ਸਿੰਘ, ਨਾਇਕ ਸ਼ੀਸ਼ਪਾਲ ਸਿੰਘ, ਸੂਬੇ.ਗੁਰਦਿਆਲ ਸਿੰਘ, ਕੈਪਟਨ ਫਤਿਹ ਸਿੰਘ, ਮੇਜਰ ਮਲਕੀਤ ਸਿੰਘ ਬਰਾੜ ਅਤੇ ਲੈਫ.ਕਰ.ਠਾਕੁਰ ਪ੍ਰਿਥਵੀ ਚੰਦ ਦੀਆਂ ਤਸਵੀਰਾਂ ਸੁਸ਼ੋਭਿਤ ਹਨ।

ਇਨ੍ਹਾਂ ਤੋਂ ਇਲਾਵਾ 1965 ਤੇ 1971 ਦੇ ਹਿੰਦ-ਪਾਕਿ ਯੁੱਧ, 1962 ਦੀ ਚੀਨੀ ਜੰਗ ਅਤੇ ਕਸ਼ਮੀਰ ਅਪਰੇਸ਼ਨ 'ਚ ਸ਼ਹੀਦ ਹੋਣ ਵਾਲੇ ਮਹਾਨ ਯੋਧਿਆਂ ਦੀਆਂ ਤਸਵੀਰਾਂ ਵੀ ਸਜਾਈਆਂ ਗਈਆਂ ਹਨ।

## ਕਾਰਗਿਲ ਗੈਲਰੀ 'ਚ ਹਥਿਆਰਾਂ ਦੇ ਮਾਡਲ

ਕਾਗਗਿਲ ਗੈਲਰੀ 'ਚ ਉਸ ਵੇਲੇ ਹੋਈ ਜੰਗ ਨੂੰ ਦਰਸਾਉਂਦੇ ਮਾਡਲ ਤੇ ਇਸ ਜੰਗ 'ਚ ਵਰਤੇ ਗਏ ਹਰ ਤਰ੍ਹਾਂ ਦੇ ਹਥਿਆਰਾਂ ਦਰਸ਼ਕਾਂ ਲਈ ਸ਼ੋਅ ਕੇਸਾਂ 'ਚ ਸਜਾਕੇ ਰੱਖੇ ਗਏ ਹਨ। ਕਾਰਗਿਲ ਜੰਗ 'ਚ ਭਾਰਤੀ ਫੌਜ ਵੱਲੋਂ ਚਲਾਏ ਗਏ ਆਪਰੇਸ਼ਨ ਵਿਜੇ ਦਾ ਨਕਸ਼ਾ ਵੀ ਬਣਾਇਆ ਹੋਇਆ ਹੈ ਜੋ ਫੌਜ ਵੱਲੋਂ ਵਰਤੇ ਗਏ ਕਾਰਜਸ਼ੀਲ ਖੇਤਰ ਨੂੰ ਦਰਸਾਉਂਦਾ ਹੈ। ਦੁਸ਼ਮਣ ਫੌਜ ਵੱਲੋਂ ਭਾਰਤੀ ਖੇਤਰ ਲੇਹ ਅਤੇ ਸਿਆਚਿਨ ਤੇ ਸੈਕਟਰ ਬਟਾਲਿਕ, ਕਾਕਸਰ, ਮਸ਼ਕੋਹ ਅਤੇ ਦਰਾਸ ਸੈਕਟਰ ਦੇ ਵੀ ਮਾਡਲ ਬਾਖ਼ੂਬੀ ਬਣਾਏ ਗਏ ਹਨ। ਇਸ ਗੈਲਰੀ ਅੰਦਰ ਕਾਰਗਿਲ ਜੰਗ 'ਚ ਸ਼ਹੀਦ ਹੋ ਕੇ ਵੀਰ ਚੱਕਰ ਅਤੇ ਮਹਾਂਵੀਰ ਚੱਕਰ ਹਾਸਿਲ ਕਰਨ ਵਾਲੇ ਜੰਗੀ ਯੋਧਿਆਂ ਦੀਆਂ ਤਸਵੀਰਾਂ ਸੁਸ਼ੋਭਿਤ ਹਨ।

> ਮਹਾਰਾਜਾ ਰਣਜੀਤ ਸਿੰਘ ਜੰਗੀ ਅਜਾਇਬਘਰ ਆਪਣੇ ਆਪ 'ਚ ਇਕ ਅਜਿਹਾ ਅਜੂਬਾ ਹੈ, ਜਿਸ ਨੂੰ ਦਰਸ਼ਕ ਵਾਰ-ਵਾਰ ਵੇਖਣਾ ਲੋਚਣਗੇ। ਸਕੂਲੀ ਵਿਦਿਆਰਥੀਆਂ ਦੇ ਟੂਰ ਲਈ ਇਹ ਗਿਆਨ 'ਚ ਚੋਖਾ ਵਾਧਾ ਕਰਨ ਵਾਲੀ ਯਾਦਗਾਰ ਹੈ...

## ਇਤਿਹਾਸਕ ਗੈਲਰੀ

ਕਾਰਗਿਲ ਗੈਲਰੀ ਤੋਂ ਬਾਅਦ ਇਤਿਹਾਸਕ ਗੈਲਰੀ ਦੇ ਕਮਰੇ 'ਚ ਸਾਰਾਗੜ੍ਹੀ ਦੀ ਲੜਾਈ, ਪਾਨੀਪਤ ਦੀਆਂ ਲੜਾਈਆਂ, ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਤੋਂ ਇਲਾਵਾ ਸਿਕੰਦਰ ਤੇ ਪੋਰਸ ਦੇ ਯੁੱਧ ਦਾ ਕੰਧਾਂ 'ਤੇ ਉਕਰਿਆ ਇਤਿਹਾਸ ਵੀ ਦਰਸ਼ਕਾਂ ਦੇ ਗਿਆਨ 'ਚ ਅਥਾਹ ਵਾਧਾ ਕਰਦਾ ਹੈ। ਇਸ ਗੈਲਰੀ 'ਚ ਕਈ ਥਾਵਾਂ 'ਤੇ 19 ਵੀਂ ਸਦੀ ਦੇ ਬ੍ਰਿਟਿਸ਼ ਅਖਬਾਰਾਂ 'ਦਿ ਇਲੂਸਟਰੇਟਿਡ ਲੰਡਨ ਨਿਊਜ਼' ਅਖ਼ਬਾਰ ਤੋਂ ਇਲਾਵਾ ਹੋਰ ਅਖ਼ਬਾਰਾਂ 'ਚ ਛਪੀਆਂ ਜੰਗ ਦੀਆਂ ਖ਼ਬਰਾਂ ਨੂੰ ਦਰਸਾਉਂਦੀਆਂ ਕਟਿੰਗਾਂ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ।

## ਮੈਦਾਨ 'ਚ ਰੱਖੇ ਅਸਲ ਟੈਂਕ ਤੇ ਹਵਾਈ ਜਹਾਜ਼

ਗੈਲਰੀਆਂ ਵੇਖਣ ਤੋਂ ਬਾਅਦ ਜਦੋਂ ਦਰਸ਼ਕ ਅਜਾਇਬਘਰ ਦੇ ਬਾਹਰ ਵੱਲ ਨੂੰ ਮੈਦਾਨ 'ਚ ਆਉਂਦੇ ਹਨ ਤਾਂ ਤਕਰੀਬਨ 4 ਏਕੜ 'ਚ ਫੈਲੇ ਇਸ ਮੈਦਾਨ 'ਚ ਉਨ੍ਹਾਂ ਨੂੰ ਭਾਰਤੀ ਫ਼ੌਜ ਵੱਲੋਂ ਜੰਗ 'ਚ ਵਰਤੀ ਗਈ 25 ਪੌਂਡ ਗੰਨ, ਬਖਤਰਬੰਦ ਫ਼ੌਜੀ ਵਾਹਕ ਬੀ.ਟੀ.ਆਰ.60, ਟੈਂਕ ਸੈਂਚੁਰੀਅਨ ਮਾਰਕ 7, ਬਖਤਰਬੰਦ ਫ਼ੌਜੀ ਵਾਹਕ ਓ.ਟੀ.62, 40 ਮਿ.ਮੀ.ਹਵਾਸਾਰ ਤੋਪ ਤੋਂ ਇਲਾਵਾ ਕਾਰਗਿੱਲ ਦੇ ਪ੍ਰਕਾਰਮ ਉਪਰੇਸ਼ਨਜ਼ ਵਿਚ ਭਾਗ ਲੈਣ ਵਾਲੇ ਅਤੇ ਬਹਾਦਰ ਦੇ ਨਾਂ ਨਾਲ ਜਾਣੇ ਜਾਂਦੇ ਇਕ ਇੰਜਣ ਵਾਲੇ ਰੂਸੀ ਲੜਾਕੂ ਜਹਾਜ਼ 'ਮਿਗ 27' ਜੋ 6 ਟਨ ਪਰਮਾਣੂ ਬੰਬਾਂ ਦਾ ਭਾਰ ਲਿਜਾਣ ਦੇ ਸਮਰਥ ਸੀ ਅਤੇ ਜਿਸ ਨੂੰ 1980 'ਚ ਭਾਰਤੀ ਫ਼ੌਜ 'ਚ ਸ਼ਾਮਲ ਕੀਤਾ ਗਿਆ ਸੀ, ਨੂੰ ਵੀ ਦਰਸ਼ਕ ਬਾਖ਼ੂਬੀ ਤੌਰ 'ਤੇ ਵੇਖ ਸਕਦੇ ਹਨ।

ਇਸ ਤੋਂ ਇਲਾਵਾ 29 ਫੁੱਟ ਲੰਬਾ ਇਕ ਇੰਜਣ ਵਾਲਾ ਸੁਖੋਈ ਐਸ. ਯੂ 7 ਜਿਸ ਵਿਚ ਦੋ ਤੋਪਾਂ ਅਤੇ ਇਕ ਰਾਕਟ 1000 ਕਿਲੋ ਗ੍ਰਾਮ ਭਾਰ ਚੁੱਕਣ ਦੀ ਸਮਰਥਾ ਹੈ, ਨੂੰ ਵੀ ਦਰਸ਼ਕ ਵੇਖ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਜੇਤੂ ਟੈਂਕ ਵਿਜੇਤਾ, ਕਾਰ ਆਰਮਡ ਅਤੇ ਜੰਗੀ ਟੈਂਕ ਟੀ 54 ਵੀ ਦਰਸ਼ਕਾਂ ਲਈ ਰੱਖੇ ਗਏ ਹਨ। ਕੁਲ ਮਿਲਾਕੇ ਇਹ ਜੰਗੀ ਅਜਾਇਬਘਰ ਆਪਣੇ ਆਪ 'ਚ ਇਕ ਅਜਿਹਾ ਅਜੂਬਾ ਹੈ, ਜਿਸ ਨੂੰ ਇਕ ਵਾਰੀ ਵੇਖਣ ਤੋਂ ਬਾਅਦ ਵੀ ਦਰਸ਼ਕ ਵਾਰ-ਵਾਰ ਵੇਖਣਾ ਲੋਚਣਗੇ। ਖ਼ਾਸ ਤੌਰ 'ਤੇ ਸਕੂਲੀ ਵਿਦਿਆਰਥੀਆਂ ਦੇ ਟੂਰ ਲਈ ਇਹ ਗਿਆਨ 'ਚ ਚੋਖਾ ਵਾਧਾ ਕਰਨ ਵਾਲੀ ਇਤਿਹਾਸਕ ਯਾਦਗਾਰ ਹੈ। ਜਿਸ ਨੂੰ ਵੇਖਣ ਦਾ ਮੌਕਾ ਕਦੇ ਨਹੀਂ ਖੁੰਝਾਉਣਾ ਚਾਹੀਦਾ। •



# ਘਨੌਰ ਹਲਕੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਦੀ ਬੈਠਕ

**➢ ਭਗਵੰਤ ਮਾਨ ਸਰਕਾਰ ਨੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਧਾਨ ਸਭਾ ਪੱਧਰ 'ਤੇ ਕਮਿਸ਼ਨਾਂ ਦਾ ਗਠਨ ਕੀਤਾ : ਚੇਅਰਮੈਨ ਮੰਨਣ ➢ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪ੍ਰਸ਼ਾਸਨ ਵਚਨਬੱਧ : ਐਸ.ਡੀ.ਐਮ**



ਘਨੌਰ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਘਨੌਰ ਵਿਧਾਨ ਸਭਾ ਹਲਕੇ ਦੇ ਵਪਾਰੀਆਂ ਦੀਆਂ ਦਰਪੇਸ਼ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਲਈ ਟਰੇਡਰਜ਼ ਕਮਿਸ਼ਨ ਦੀ ਇੱਕ ਮਹੱਤਵਪੂਰਨ ਬੈਠਕ ਬੱਸ ਸਟੈਂਡ ਘਨੌਰ ਵਿਖੇ ਕੀਤੀ ਗਈ।

ਇਸ ਬੈਠਕ ਦੀ ਅਗਵਾਈ ਪੰਜਾਬ ਟ੍ਰੇਡ ਕਮਿਸ਼ਨ ਹਲਕਾ ਘਨੌਰ ਚੇਅਰਮੈਨ ਗੁਰਪ੍ਰੀਤ ਸਿੰਘ ਮੰਨਣ ਵੱਲੋਂ ਕੀਤੀ ਗਈ, ਜਿਸ ਵਿੱਚ ਐਸ.ਡੀ.ਐਮ. ਰਾਜਪੁਰਾ ਨਮਨ ਮਾਰਕੰਨ, ਪੰਜਾਬ ਟ੍ਰੇਡ ਕਮਿਸ਼ਨ ਪਟਿਆਲਾ ਦੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਸਨ। ਇਸ ਮੌਕੇ ਟਰੇਡਰਜ਼ ਕਮਿਸ਼ਨ ਦੇ ਮੈਂਬਰ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਵਪਾਰੀ ਭਾਈਚਾਰੇ ਦੇ ਨੁਮਾਇੰਦਿਆਂ ਨੇ ਭਾਗ ਲਿਆ।

ਚੇਅਰਮੈਨ ਗੁਰਪ੍ਰੀਤ ਸਿੰਘ ਮੰਨਣ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਧਾਨ ਸਭਾ ਹਲਕੇ ਪੱਧਰ 'ਤੇ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਅਤੇ ਉਨ੍ਹਾਂ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਕਰਨਾ ਹੈ, ਤਾਂ ਜੋ ਵਪਾਰਕ ਗਤੀਵਿਧੀਆਂ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ।

ਚੇਅਰਮੈਨ ਨੇ ਅੱਗੇ ਕਿਹਾ ਕਿ ਵਪਾਰੀਆਂ ਵੱਲੋਂ ਉਠਾਈਆਂ ਜਾਣ ਵਾਲੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸੰਬੰਧਿਤ ਵਿਭਾਗਾਂ ਦੇ ਸਹਿਯੋਗ ਨਾਲ ਉਨ੍ਹਾਂ ਦਾ ਜਲਦੀ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਵਪਾਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ।

ਇਸ ਦੌਰਾਨ ਐਸ.ਡੀ.ਐਮ. ਨਮਨ ਮਾਰਕੰਨ ਨੇ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਮਿਸ਼ਨ ਨਾਲ ਮਿਲ ਕੇ ਕੰਮ ਕਰਦਿਆਂ ਹਰ ਇਕ ਮੁੱਦੇ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।

ਬੈਠਕ ਦੌਰਾਨ ਵਪਾਰੀਆਂ ਵੱਲੋਂ ਵੱਖ-ਵੱਖ ਮੁੱਦੇ ਉਠਾਏ ਗਏ, ਜਿਨ੍ਹਾਂ ਵਿੱਚ ਸੁਰੱਖਿਆ, ਟੈਕਸ ਸਬੰਧੀ ਮਸਲੇ, ਲਾਇਸੈਂਸਿੰਗ ਅਤੇ ਹੋਰ ਪ੍ਰਸ਼ਾਸਨਿਕ ਦਿੱਕਤਾਂ ਸ਼ਾਮਲ ਸਨ।

ਅਧਿਕਾਰੀਆਂ ਵੱਲੋਂ ਇਨ੍ਹਾਂ ਮਸਲਿਆਂ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਸੰਬੰਧਿਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਇਸ ਮੌਕੇ ਵਪਾਰੀਆਂ ਵੱਲੋਂ ਫਾਰਮ ਭਰਕੇ ਆਪਣੇ ਮਸਲੇ ਲਿਖਤੀ ਰੂਪ ਵਿੱਚ ਪੰਜਾਬ ਸਰਕਾਰ ਕੋਲ ਪੁੱਜਦੇ ਕੀਤੇ।

ਇਸ ਮੌਕੇ ਕਮਿਸ਼ਨ ਦੇ ਮੈਂਬਰਾਂ ਟਿੰਕੂ ਬਾਂਸਲ ਹਲਕਾ ਚੇਅਰਮੈਨ ਰਾਜਪੁਰਾ, ਕੀਰਤ ਸਿੰਘ ਸੇਹਰਾ ਸਮੇਤ ਈਟੀਓ ਅਸ਼ੋਕ ਕੁਮਾਰ, ਈਓ ਮੁਕੇਸ਼ ਸਿੰਗਲਾ, ਤਹਿਸੀਲਦਾਰ, ਡਿਊਟੀ ਅਫਸਰ ਅਵਤਾਰ ਸਿੰਘ ਚਹਿਲ, ਸਰਪੰਚ ਜਸਵੰਤ ਸਿੰਘ ਪ੍ਰਧਾਨ ਟਰੱਕ ਯੂਨੀਅਨ, ਅੰਕਿਤ ਸੂਦ, ਬਲਜਿੰਦਰ ਸਿੰਘ ਢਕਾਨਸੂ, ਸਤਵਿੰਦਰ ਸਿੰਘ ਸੱਤੀ ਬਾਸਮਾ, ਗੁਰਵਿੰਦਰ ਸਿੰਘ ਕਾਲਾ, ਸੁਰਿੰਦਰ ਸਿੰਘ ਤੁਲੀ, ਮੱਖਣ ਸਿੰਘ ਤੇ ਬਲਜਿੰਦਰ ਸਿੰਘ (ਸਾਰੇ ਕੌਂਸਲਰ), ਲਖਵੀਰ ਸਿੰਘ ਬੈਰਾਗੀ, ਜਸਵਿੰਦਰ ਸਿੰਘ ਜੱਸੀ, ਹਰਦੀਪ ਸਿੰਘ ਫੌਜੀ, ਲਵਲੀ ਪ੍ਰਧਾਨ ਕਰਿਆਨਾ ਸਟੋਰ, ਬੌਬੀ ਪ੍ਰਧਾਨ ਜਿਊਲਰਜ ਹੋਰ ਅਧਿਕਾਰੀ ਅਤੇ ਘਨੌਰ ਦੇ ਵਪਾਰੀ ਵੀ ਮੌਜੂਦ ਸਨ।

# ਪੀ ਆਰ ਟੀ ਸੀ ਦੇ ਪੈਨਸ਼ਨਰਾਂ ਦੇ ਸਬਰ ਦਾ ਪਿਆਲਾ ਉਛਲਿਆ

## ਝੰਡੇ ਚੁੱਕ ਕੇ ਸੜਕਾਂ 'ਤੇ ਉਤਰਨ ਦੀ ਤਿਆਰੀ, ਖੈਰਾਤ ਨਹੀਂ ਮੰਗਦੇ ਹੱਕ ਮੰਗਦੇ ਹਾਂ : ਮੁਕੰਦ ਸਿੰਘ

ਪਟਿਆਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੀ ਆਰ ਟੀ ਸੀ ਦੀ ਪੈਨਸ਼ਨਰਜ ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੀ ਹਾਈ ਪਾਵਰ ਕਮੇਟੀ ਦੀ ਐਮਰਜੈਂਸੀ ਵਰਚੁਅਲ ਮੀਟਿੰਗ ਹੋਈ ਜਿਸ ਵਿੱਚ ਐਸੋਸੀਏਸ਼ਨ ਦੇ ਚੇਅਰਮੈਨ ਮੁਕੰਦ ਸਿੰਘ, ਵਾਈਸ ਚੇਅਰਮੈਨ ਬਚਿੱਤਰ ਸਿੰਘ, ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ, ਜਨਰਲ ਸਕੱਤਰ ਬਚਨ ਸਿੰਘ ਅਰੋੜਾ, ਸਕੱਤਰ ਜਨਰਲ ਹਰੀ ਸਿੰਘ 'ਚਮਕ' ਅਤੇ ਖਜਾਨਚੀ ਅਮੋਲਕ ਸਿੰਘ ਨੇ ਹਿੱਸਾ ਲਿਆ ।ਇਸ ਮੀਟਿੰਗ ਵਿੱਚ ਫਰਵਰੀ ਮਹੀਨੇ ਦੀ ਪੈਨਸ਼ਨ ਅੱਜ 25 ਮਾਰਚ ਤੱਕ ਨਾ ਪਾਏ ਜਾਣ ਕਾਰਨ ਪੀ ਆਰ ਟੀ ਸੀ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਚੁੱਪ ਦੀ ਨਿਖੇਧੀ ਕੀਤੀ ਗਈ।ਉਪਰੋਕਤ ਨੇਤਾਵਾਂ ਨੇ ਕਿਹਾ ਕਿ ਪੈਨਸ਼ਨ ਹੀ ਪੈਨਸ਼ਨਰਾਂ ਦੇ ਰੋਜਾਨਾ ਦੇ ਜੀਵਨ ਦੇ ਨਿਰਵਾਹ ਦਾ ਇੱਕ ਜਰੀਆ ਹੈ ਜਿਸ ਨੂੰ ਪੈਨਸ਼ਨਰਜ ਬੜੀ ਬੇਸਬਰੀ ਨਾਲ ਉਡੀਕਦੇ ਹਨ ,ਪਰੰਤੂ ਜਦੋਂ ਇਹ ਸਮੇਂ ਸਿਰ ਨਹੀਂ ਮਿਲਦੀ ਤਾਂ ਇਹਨਾਂ ਦਾ ਨਿਰਭਾਅ ਕਿਵੇਂ ਹੋਵੇਗਾ ? ਉਪਰੋਕਤ ਅਹੁਦੇਦਾਰਾਂ ਨੇ ਕਿਹਾ ਕਿ ਪੀਆਰਟੀਸੀ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਪਤਾ ਨਹੀਂ ਕਿਉਂ ਹਰ ਮਹੀਨੇ ਸਾਡਾ ਸਬਰ ਪਰਖਦੀ ਹੈ। ਉਹਨਾਂ ਕਿਹਾ ਕਿ ਪਿਛਲੇ ਮਹੀਨੇ ਚੇਅਰਮੈਨ ਸਾਹਿਬ ਨਾਲ ਹੋਈ ਮੀਟਿੰਗ ਵਿੱਚ ਚੇਅਰਮੈਨ ਪੀ ਆਰ ਟੀ ਸੀ ਨੇ ਭਰੋਸਾ ਦਵਾਇਆ ਸੀ ਕਿ ਪੈਨਸ਼ਨ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ ਪਹਿਲਾਂ ਪਾਈ ਜਾਇਆ ਕਰੇਗੀ ਤੇ ਮੈਡੀਕਲ ਬਿਲਾਂ ਦੀ ਅਦਾਇਗੀ ਜੋ ਕਿ ਇੱਕ ਸਾਲ ਤੋਂ ਪੈਂਡਿੰਗ ਪਏ ਹਨ ,ਜਲਦੀ ਹੀ ਕਰ ਦਿੱਤੀ ਜਾਵੇਗੀ।ਉਹਨਾਂ ਕਿਹਾ ਕਿ 2016 ਦੇ ਗ੍ਰੇਡਾਂ ਦੇ ਬਕਾਏ ਦੇਣੇ ਜਲਦੀ ਸ਼ੁਰੂ ਕਰ ਦਿੱਤੇ ਜਾਣਗੇ ।ਉਹਨਾਂ ਭਰੋਸਾ ਦਵਾਇਆ ਕਿ ਪੈਨਸ਼ਨ ਅਤੇ ਬਕਾਇਆਂ ਲਈ ਤੁਹਾਨੂੰ ਇੰਤਜ਼ਾਰ ਨਹੀਂ ਕਰਨਾ ਪਵੇਗਾ। ਐਮ ਡੀ ਸਾਹਿਬ ਨੇ ਪੈਨਸ਼ਨ ਦੀ ਅਦਾਇਗੀ ਲਈ 16-3-26 ਨੂੰ ਇਕ ਦਿਨ ਦੇਣ ਲਈ ਕਿਹਾ ਸੀ ਪਰ ਅਸੀਂ ਦੋ ਦਿਨ ਦੇ ਦਿੱਤੇ। ਪ੍ਰੰਤੂ ਕੀਤੇ ਇਹ ਵਾਅਦੇ ਹਵਾ ਵਿੱਚ ਹੀ ਲਟਕ ਕੇ ਰਹਿ ਗਏ।ਅੱਜ 25 ਮਾਰਚ ਹੋ ਗਿਆ ਹੈ ਨਾ ਫਰਵਰੀ ਦੀ ਪੈਨਸ਼ਨ ਮਿਲੀ ਨਾ ਮੈਡੀਕਲ ਬਿਲਾਂ ਦੀ ਅਦਾਇਗੀ ਹੋਈ ਜੋ ਕਿ ਹਰ ਮਹੀਨੇ ਕਰਨੀ ਬਣਦੀ ਹੈ।ਬਿਰਧ ਤੇ ਬਿਮਾਰ ਪੈਨਸ਼ਨਰ ਮੰਜਿਆਂ 'ਤੇ ਪਏ ਤੜਫ ਰਹੇ ਨੇ ਪਰ ਮੈਨੇਜਮੈਂਟ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਮੈਡੀਕਲ ਬਿਲ ਇੱਕ ਸਾਲ ਤੋਂ ਪੈਂਡਿੰਗ ਪਏ ਹਨ। 2016 ਦੇ ਪੇ ਕਮਿਸ਼ਨ ਦੇ ਗਰੇਡਾਂ ਦੇ ਬਕਾਇਆਂ ਦੀ ਅਦਾਇਗੀ ਨਹੀਂ ਹੋਈ, ਇਹਨਾਂ ਬਕਾਇਆਂ ਨੂੰ ਉਡੀਕਦੇ ਸਾਡੇ ਕਈ ਪੈਨਸ਼ਨਰ , ਮੀਆਂ ਬੀਵੀ ਪਰਮਾਤਮਾ ਨੂੰ ਪਿਆਰੇ ਹੋ ਚੁੱਕੇ ਹਨ ਹੁਣ ਉਹਨਾਂ ਦਾ ਬਕਾਇਆ ਕਿਸ ਨੂੰ ਦਿੱਤਾ ਜਾਵੇਗਾ। ਉਪਰੋਕਤ ਬੁਲਾਰਿਆਂ ਨੇ ਮੈਨੇਜਮੈਂਟ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਮੈਨੇਜਮੈਂਟ ਬਜ਼ੁਰਗਾਂ ਦਾ ਸਬਰ ਨਾ ਪਰਖੇ ਤੇ ਸੜਕਾਂ 'ਤੇ ਉਤਰਨ ਅਤੇ ਕੋਈ ਹੋਰ ਸਖਤ ਕਦਮ ਚੁੱਕਣ ਲਈ ਮਜਬੂਰ ਨਾ ਕਰੇ। ਉਪਰੋਕਤ ਬੁਲਾਰਿਆਂ ਨੇ ਪੀ ਆਰ ਟੀ ਸੀ ਦੇ ਸਮੁੱਚੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਉਪਰੋਕਤ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਕਿਸੇ ਤਰ੍ਹਾਂ ਦੇ ਵੀ ਸਖਤ ਐਕਸ਼ਨ ਲਈ ਤਿਆਰ ਰਹਿਣ ,ਕਦੇ ਵੀ ਕੇਂਦਰੀ ਬਾਡੀ ਵੱਲੋਂ ਕਿਸੇ ਤਰ੍ਹਾਂ ਦੇ ਵੀ ਐਕਸ਼ਨ ਦਾ ਸੱਦਾ ਆ ਸਕਦਾ ਹੈ । ਹਕ ਲੈਣ ਲਈ ਸੰਘਰਸ਼ ਦਾ ਬਿਗਲ ਕਦੇ ਵੀ ਵਜ ਸਕਦਾ ਹੈ।

# ਸਰਹੱਦ ਪਾਰ ਦੇ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼, ਨਾਬਾਲਗ ਸਮੇਤ ਛੇ ਦੋਸ਼ੀ ਅੰਮ੍ਰਿਤਸਰ ਵਿੱਚ ਕਾਬੂ; ਸੱਤ ਆਧੁਨਿਕ ਪਿਸਤੌਲ ਵੀ ਕੀਤੇ ਬਰਾਮਦ

**➢ ਪੁਰਤਗਾਲ ਤੋਂ ਸਰਗਰਮ ਵਿਦੇਸ਼ੀ ਹੈਂਡਲਰ ਦੇ ਸੰਪਰਕ ਵਿੱਚ ਸਨ ਗ੍ਰਿਫ਼ਤਾਰ ਕੀਤੇ ਮੁਲਜ਼ਮ: ਡੀਜੀਪੀ ਗੌਰਵ ਯਾਦਵ ➢ ਅਪਰਾਧਿਕ ਤੱਤਾਂ ਨੂੰ ਅੱਗੇ ਸਪਲਾਈ ਕਰਨੀ ਸੀ ਬਰਾਮਦ ਕੀਤੀ ਖੇਪ: ਸੀਪੀ ਅੰਮ੍ਰਿਤਸਰ ਗੁਰਪ੍ਰੀਤ ਭੁੱਲਰ**




ਚੰਡੀਗੜ੍ਹ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਨਾਬਾਲਗ ਸਮੇਤ ਛੇ ਮੁਲਜ਼ਮਾਂ ਨੂੰ ਸੱਤ ਆਧੁਨਿਕ ਪਿਸਤੌਲ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰ ਦੇ ਇੱਕ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਬੁਰਜ ਦੇ ਗੁਰਪ੍ਰੀਤ ਸਿੰਘ ਉਰਫ਼ ਗੋਪੀ (27), ਬਟਾਲਾ ਦੇ ਸੁੰਦਰ ਨਗਰ ਦੇ ਮਨੀਸ਼ ਕੁਮਾਰ ਉਰਫ਼ ਜੈਰੀ (24), ਅੰਮ੍ਰਿਤਸਰ ਦੇ ਪਿੰਡ ਚੂਚਕਵਾਲ ਦੇ ਸਰੂਪ ਸਿੰਘ ਉਰਫ਼ ਰੂਪ (27), ਅੰਮ੍ਰਿਤਸਰ ਦੇ ਪਿੰਡ ਫਤਿਹਪੁਰ ਰਾਜਪੂਤਾ ਦੇ ਚਮਕੌਰ ਸਿੰਘ (20) ਅਤੇ ਤਰਨਤਾਰਨ ਦੇ ਭਿਖੀਵਿੰਡ ਦੇ ਵੰਸ਼ ਸ਼ਰਮਾ (23) ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਪੰਜ 9 ਐਮ.ਐਮ. ਗਲੌਕ ਪਿਸਤੌਲ ਅਤੇ ਦੋ .30 ਬੋਰ ਪਿਸਤੌਲ ਸ਼ਾਮਲ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਇੱਕ ਪੁਰਤਗਾਲ ਅਧਾਰਤ ਵਿਦੇਸ਼ੀ ਹੈਂਡਲਰ ਦੇ ਸੰਪਰਕ ਵਿੱਚ ਸਨ, ਜੋ ਡਰੋਨ ਰਾਹੀਂ ਪਾਕਿਸਤਾਨ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਿੱਚ ਉਨ੍ਹਾਂ ਦੀ ਸਹਾਇਤਾ ਕਰਦਾ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮ ਹਥਿਆਰਾਂ ਦੀ ਇਨ੍ਹਾਂ ਖੇਪਾਂ ਨੂੰ ਪ੍ਰਾਪਤ ਕਰਕੇ ਅੱਗੇ ਅਪਰਾਧਿਕ ਤੱਤਾਂ ਨੂੰ ਸਪਲਾਈ ਕਰਦੇ ਸਨ। ਡੀਜੀਪੀ ਨੇ ਕਿਹਾ ਕਿ ਪੂਰੇ ਨੈੱਟਵਰਕ ਨੂੰ ਖਾਤਮੇ ਲਈ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਵਾਸਤੇ ਹੋਰ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਖੁਫ਼ੀਆ ਇਤਲਾਹ 'ਤੇ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਯੋਜਨਾਬੱਧ ਢੰਗ ਨਾਲ ਇੱਕ ਨਾਬਾਲਗ ਸਣੇ ਗੁਰਪ੍ਰੀਤ ਉਰਫ਼ ਗੋਪੀ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ 9 ਐਮ.ਐਮ. ਗਲੌਕ ਪਿਸਤੌਲ ਬਰਾਮਦ ਕੀਤੇ । ਹੋਰ ਪੁੱਛਗਿੱਛ ਤੋਂ ਬਾਅਦ ਹੋਏ ਖੁਲਾਸੇ 'ਤੇ ਉਨ੍ਹਾਂ ਦੇ ਸਾਥੀਆਂ ਮਨੀਸ਼ ਉਰਫ਼ ਜੈਰੀ, ਸਰੂਪ ਉਰਫ਼ ਰੂਪ ਅਤੇ ਚਮਕੌਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਤਿੰਨ ਹੋਰ 9 ਐਮ.ਐਮ. ਗਲੌਕ ਪਿਸਤੌਲ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਬਾਅਦ ਵਿੱਚ ਦੋਸ਼ੀ ਚਮਕੌਰ ਸਿੰਘ ਵੱਲੋਂ ਦਿੱਤੀ ਜਾਣਕਾਰੀ 'ਤੇ, ਵੰਸ਼ ਸ਼ਰਮਾ ਨੂੰ ਵੀ ਦੋ .30 ਬੋਰ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ । ਸੀ.ਪੀ. ਨੇ ਕਿਹਾ ਕਿ ਦੋਸ਼ੀ ਮਨੀਸ਼ ਉਰਫ਼ ਜੈਰੀ ਪਿਛਲੇ ਸਾਲ ਬਟਾਲਾ ਵਿਖੇ ਪੁਲਿਸ ਅਧਿਕਾਰੀਆਂ 'ਤੇ ਹੋਈ ਗੋਲੀਬਾਰੀ ਦੀ ਵਾਰਦਾਤ ਵਿੱਚ ਸ਼ਾਮਲ ਸੀ ਅਤੇ ਫਰਾਰ ਚੱਲ ਰਿਹਾ ਸੀ। ਇਸੇ ਤਰ੍ਹਾਂ ਦੋਸ਼ੀ ਸਰੂਪ ਉਰਫ਼ ਰੂਪ ਦਾ ਵੀ ਅਪਰਾਧਿਕ ਪਿਛੋਕੜ ਹੈ ਅਤੇ ਉਸ ਵਿਰੁੱਧ ਐਨ.ਡੀ.ਪੀ.ਐਸ. ਐਕਟ ਅਤੇ ਚੋਰੀ ਦੇ ਕਈ ਮਾਮਲੇ ਦਰਜ ਹਨ।

# ਆਲ ਇੰਡੀਆ ਬ੍ਰਾਹਮਣ ਮਹਾਸਭਾ ਨੇ ਚੈਤਰ ਸ਼ੁਕਲ ਪ੍ਰਤਿਪਦਾ ਵਿਕਰਮ ਸੰਵਤ 2083 ਲਈ ਕੈਲੰਡਰ ਜਾਰੀ ਕੀਤਾ



ਪਟਿਆਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਚੈਤ ਸ਼ੁਕਲ ਪ੍ਰਤੀਪਦਾ ਬਿਕਰਮ ਸੰਮਤ 2083 ਨੂੰ ਸਭਾ ਦੇ ਚੇਅਰਮੈਨ ਡਾ. ਬੀ.ਐਲ. ਭਾਰਦਵਾਜ ਦੀ ਪ੍ਰਧਾਨਗੀ ਹੇਠ ਆਲ ਇੰਡੀਆ ਬ੍ਰਾਹਮਣ ਮਹਾਸਭਾ (ਰਜਿ) ਅਤੇ ਬ੍ਰਾਹਮਣ ਸਭਾ ਪੰਜਾਬ (ਰਜਿ:) ਦੁਆਰਾ ਜਾਰੀ ਕੀਤਾ ਗਿਆ।

ਡਾ. ਬੀ.ਐਲ. ਭਾਰਦਵਾਜ ਨੇ ਬ੍ਰਾਹਮਣ ਏਕਤਾ ਬਾਰੇ ਗੱਲ ਕੀਤੀ ਅਤੇ ਚੇਅਰਮੈਨ ਸ਼੍ਰੀ ਪ੍ਰਮੋਦ ਚੰਦ ਸ਼ਰਮਾ ਨੇ ਸਨਾਤਨੀਆਂ ਨੂੰ ਹਿੰਦੂ ਨਵੇਂ ਸਾਲ ਬਾਰੇ ਵਿਸਥਾਰ ਵਿੱਚ ਦੱਸਿਆ। ਸ਼੍ਰੀ ਮੇਘ ਚੰਦ ਸ਼ਰਮਾ, ਸ਼੍ਰੀ ਸਤਬੀਰ ਸਿੰਘ ਖੱਟੜਾ, ਸ਼੍ਰੀ ਵਿਨੈ ਸ਼ਰਮਾ ਅਤੇ ਸ਼੍ਰੀ ਯੁਵਰਾਜ ਸ਼ਰਮਾ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਸਮਾਗਮ ਵਿੱਚ ਸ਼੍ਰੀ ਮੇਘ ਚੰਦ ਸ਼ਰਮਾ, ਸ਼੍ਰੀ ਵਿਸ਼ਨੂੰ ਸ਼ਰਮਾ ਦੇ ਸਤਬੀਰ ਸਿੰਘ ਖਰੜ, ਸ਼੍ਰੀ ਹਰਵਿੰਦਰ ਸ਼ੁਕਲਾ, ਸ਼੍ਰੀ ਪ੍ਰੇਮ ਸਾਗਰ ਸ਼ਰਮਾ, ਸ਼ਿਮਲਾ ਤੋਂ ਸ਼੍ਰੀ ਅਰਬਿਦ ਕਾਲੀਆ, ਪੰਚਕੂਲਾ ਤੋਂ ਸ਼੍ਰੀ ਦੀਪਕ ਕਾਲੀਆ, ਸ਼੍ਰੀ ਵਰਿੰਦਰ ਮੋਹਨ ਸ਼ਰਮਾ ਨੇ ਵੀ ਸ਼ਿਰਕਤ ਕੀਤੀ। ਸ਼੍ਰੀ ਰਾਕੇਸ਼ ਸ਼ਰਮਾ, ਪ੍ਰਧਾਨ ਸ਼੍ਰੀ ਬਨਵਾਰੀ ਲਾਲ ਗੌੜ, ਸ਼੍ਰੀ ਸਤਪਾਲ ਭਾਰਦਵਾਜ, ਸ਼੍ਰੀ ਵਿਨੇ ਸ਼ਰਮਾ, ਸ਼੍ਰੀ ਬਾਬਾ ਸਿੰਘ, ਸ਼ਾਰਦਾ ਰਾਮ ਅਤਰੀ, ਸ਼੍ਰੀ ਸੁਨੀਲ ਕੁਮਾਰੀ ਨੀਲੂ, ਸ਼੍ਰੀ ਸਾਧੂ ਰਾਮ ਜੀ, ਸ਼੍ਰੀ ਰਾਜ ਜੋਸ਼ੀ ਸੂਬੇਦਾਰ, ਸ਼੍ਰੀ ਰਾਮ ਸ਼ਰਨ ਸ਼ਰਮਾ, ਸ਼੍ਰੀ ਸੱਜੂ ਸ਼ਰਮਾ, ਸ਼੍ਰੀ ਲਵਨੀਸ਼ ਸ਼ਰਮਾ (ਲੱਕੀ), ਸ਼੍ਰੀ ਭੂਸ਼ਣ ਸ਼ਰਮਾ ਅਤੇ ਸੈਂਕੜੇ ਸਨਾਤਨੀਆਂ ਨੇ ਭਾਗ ਲਿਆ। ਸ਼੍ਰੀ ਰਾਜਿੰਦਰ ਸ਼ਰਮਾ ਨੇ ਆਏ ਹੋਏ ਸਾਰੇ ਸਨਾਤਨੀਆਂ ਦਾ ਧੰਨਵਾਦ ਕੀਤਾ।

# ਅੱਖਾਂ ਦਾ ਮੁਫਤ ਚੈਕਅਪ ਕੈਂਪ ਲਗਾਇਆ



ਪਟਿਆਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜੈਤੋ ਦੀ ਸਮਾਜ ਸੇਵੀ ਸੰਸਥਾ ਵੱਲੋਂ ਫਾਜ਼ਿਲਕਾ ਦੇ ਸ਼੍ਰੀ ਰਾਮ ਸ਼ਰਣਮ ਆਸ਼ਰਮ ਵਿਖੇ ਮੁਫ਼ਤ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ।ਜਿਸ ਵਿੱਚ 752 ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ 182 ਮਰੀਜ਼ਾਂ ਨੂੰ ਅਪਰੇਸ਼ਨਾਂ ਲਈ ਚੁਣਿਆ ਗਿਆ ਇਸ ਮੌਕੇ ਬੋਲਦਿਆਂ ਹੋਇਆਂ ਨਰੇਸ਼ ਮਿੱਤਲ ਨੇ ਦੱਸਿਆ ਕਿ ਲਾਇਨ ਆਈ ਕੇਅਰ ਸੈਂਟਰ ਜੈਤੋ, ਜੋ ਕਿ ਪ੍ਰਸਿੱਧ ਸਮਾਜ ਸੇਵੀ ਸੰਸਥਾ ਲਾਇਨ ਕਲੱਬ ਜੈਤੋ ਗੰਗਸਰ ਦੁਆਰਾ ਚਲਾਇਆ ਜਾਂਦਾ ਹੈ, ਨੇ ਫਾਜ਼ਿਲਕਾ ਦੇ ਸ਼੍ਰੀ ਰਾਮ ਸ਼ਰਣਮ ਆਸ਼ਰਮ ਵਿਖੇ ਇੱਕ ਵਿਸ਼ਾਲ, ਮੁਫ਼ਤ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ। ਕੈਂਪ ਦਾ ਉਦਘਾਟਨ ਮਾਣਯੋਗ ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ, ਵਿਧਾਇਕ, ਫਾਜ਼ਿਲਕਾ ਦੁਆਰਾ ਕੀਤਾ ਗਿਆ। ਉਪਰੋਕਤ ਜਾਣਕਾਰੀ ਦਿੰਦੇ ਹੋਏ, ਲਾਇਨ ਆਈ ਕੇਅਰ ਸੈਂਟਰ ਦੇ ਚੇਅਰਮੈਨ ਲਾਇਨ ਰਾਕੇਸ਼ ਰੋਮਾਣਾ, ਡਾਇਰੈਕਟਰ ਲਾਇਨ ਪ੍ਰਦੀਪ ਸਿੰਗਲਾ, ਅਤੇ ਕੈਂਪ ਚੇਅਰਮੈਨ ਲਾਇਨ ਨਰੇਸ਼ ਮਿੱਤਲ ਨੇ ਦੱਸਿਆ ਕਿ ਡਾ. ਆਕ੍ਰਿਤੀ ਸਿੰਗਲਾ ਅਤੇ ਉਨ੍ਹਾਂ ਦੀ ਟੀਮ, ਜਿਸ ਵਿੱਚ ਪ੍ਰਿਯੰਕਾ ਯਾਦਵ, ਅੰਜਨਾ ਕੁਮਾਰੀ, ਡਿੰਪਲ, ਸਿਮਰਨ ਕੌਰ, ਸੁਖਬੀਰ ਸਿੰਘ, ਜਾਨੂ ਅਤੇ ਗੁਰਪ੍ਰੀਤ ਕੌਰ ਸ਼ਾਮਲ ਹਨ, ਨੇ 752 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ। ਚੈੱਕਅਪ ਦੌਰਾਨ, ਛੋਟੀਆਂ ਬਿਮਾਰੀਆਂ ਵਾਲੇ 570 ਮਰੀਜ਼ਾਂ ਨੂੰ ਮੁਫ਼ਤ ਦਵਾਈ ਦਿੱਤੀ ਗਈ, ਅਤੇ 182 ਮਰੀਜ਼ਾਂ ਨੂੰ ਸਰਜਰੀ ਲਈ ਚੁਣਿਆ ਗਿਆ। ਇਨ੍ਹਾਂ ਸਾਰੇ ਮਰੀਜ਼ਾਂ ਦਾ ਜੈਤੋ ਦੇ ਲਾਇਨ ਆਈ ਕੇਅਰ ਸੈਂਟਰ ਵਿਖੇ ਮੁਫ਼ਤ ਆਪ੍ਰੇਸ਼ਨ ਕੀਤਾ ਜਾਵੇਗਾ, ਅਤੇ ਆਪ੍ਰੇਸ਼ਨ ਤੋਂ ਬਾਅਦ ਐਨਕਾਂ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ। ਫਾਜ਼ਿਲਕਾ ਤੋਂ ਜੈਤੋ ਅਤੇ ਆਪ੍ਰੇਸ਼ਨ ਤੋਂ ਬਾਅਦ ਵਾਪਸ ਫਾਜ਼ਿਲਕਾ ਜਾਣ ਲਈ ਆਵਾਜਾਈ, ਲੰਗਰ, ਚਾਹ, ਪਾਣੀ ਅਤੇ ਰਿਹਾਇਸ਼ ਸੰਸਥਾ ਵੱਲੋਂ ਮੁਫ਼ਤ ਪ੍ਰਦਾਨ ਕੀਤੀ ਜਾਵੇਗੀ। ਇਸ ਕੈਂਪ ਨੂੰ ਫਾਜ਼ਿਲਕਾ ਤੋਂ ਲਾਇਨ ਨਰਿੰਦਰ ਸਚਦੇਵਾ, ਲਾਇਨ ਅਲੋਕ ਕਟਾਰੀਆ, ਲਾਇਨ ਰਾਜੀਵ ਕੁੱਕੜ, ਲਾਇਨ ਗੌਰਵ ਕੁੱਕੜ, ਲਾਇਨ ਗੋਲਡੀ ਲੂਥਰਾ, ਲਾਇਨ ਅਜੈ ਸਿੰਘ ਸਾਵਨ ਸੁੱਖਾ ਅਤੇ ਜੈਤੋ ਗੰਗਸਰ ਤੋਂ ਪ੍ਰਧਾਨ ਲਾਇਨ ਕੁਲਭੂਸ਼ਣ ਮਹੇਸ਼ਵਰੀ, ਸਕੱਤਰ ਲਾਇਨ ਮਨੂ ਗੋਇਲ, ਖਜ਼ਾਨਚੀ ਲਾਇਨ ਆਸ਼ੂ ਮਿੱਤਲ, ਜ਼ੋਨ ਚੇਅਰਪਰਸਨ ਲਾਇਨ ਭੂਸ਼ਣ ਰੋਮਾਣਾ, ਲਾਇਨ ਟੀਨੂ ਸ਼ਰਮਾ ਅਤੇ ਲਾਇਨ ਪੁਰਸ਼ੋਤਮ ਸਿੰਗਲਾ ਨੇ ਸਹਿਯੋਗ ਦਿੱਤਾ। ਜ਼ਿਕਰਯੋਗ ਹੈ ਕਿ ਇਹ ਕੈਂਪ ਸਵਰਗੀ ਸ਼੍ਰੀ ਹਰੀ ਚੰਦ ਧੂੜੀਆ ਦੇ ਪਰਿਵਾਰ ਅਤੇ ਲਾਇਨ ਕਲੱਬ ਫਾਜ਼ਿਲਕਾ ਵਿਸ਼ਾਲ ਦੇ ਸਹਿਯੋਗ ਨਾਲ ਲਗਾਇਆ ਗਿਆ।

# ਮਲਕਪੁਰ ਜੱਟਾਂ ਸਕੂਲ ਦਾ ਨਵੋਦਿਆ ਵਿਦਿਆਲਿਆ ਨਤੀਜਾ ਸ਼ਾਨਦਾਰ ਰਿਹਾ



ਘਨੌਰ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਦਿਨੀਂ ਹੋਈ ਨਵੋਦਿਆ ਦੀ ਪ੍ਰੀਖਿਆ ਵਿੱਚ ਮਲਕਪੁਰ ਜੱਟਾਂ ਬਲਾਕ ਘਨੌਰ ਦੀ ਵਿਦਿਆਰਥਣ ਗੁਰਮਨਦੀਪ ਕੌਰ ਦੇ ਪਾਸ ਕਰਨ ਤੇ ਪਿੰਡ,ਬਲਾਕ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਘਨੌਰ ਸ.ਸੁਰਜੀਤ ਸਿੰਘ ਅਤੇ ਸੈਂਟਰ ਹੈਡ ਟੀਚਰ ਮੈਮ ਲਲਿਤ ਬੰਗਾ ਵਲੋਂ ਸਕੂਲ ਮੁਖੀ ਤੇ ਗਾਇਡ ਅਧਿਆਪਕ ਸੁਖਮਨਵਿੰਦਰ ਸਿੰਘ ਅਤੇ ਕਮਲਜੀਤ ਕੌਰ ਕਾਹਲੋ ਨੂੰ ਵਧਾਈ ਦਿੰਦਿਆਂ ਸਕੂਲ ਅਧਿਆਪਕਾਂ ਦੀ ਪ੍ਰਸੰਸਾ ਕੀਤੀ ਹੈ ਓਹਨਾ ਕਿਹਾ ਕਿ ਮਲਕਪੁਰ ਜੱਟਾਂ ਸਕੂਲ ਦੇ ਬੱਚੇ ਹਮੇਸ਼ਾ ਖੇਡਾਂ ਅਤੇ ਹੋਰ ਸਹਿ ਵਿੱਦਿਅਕ ਗਤੀਵਿਧੀਆਂ ਵਿੱਚ ਰਾਜ ਪੱਧਰ ਤੱਕ ਪੁਜੀਸ਼ਨਾ ਹਾਂਸਲ ਕਰਦੇ ਹਨ। ਬੱਚੀ ਦੇ ਪਿਤਾ ਪਿੰਡ ਦੇ ਮੌਜੂਦਾ ਸਰਪੰਚ ਸ,ਗੁਰਿੰਦਰਸਿੰਘਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ,ਚੇਅਰਮੈਨਸ,ਦਲਵੀਰ ਸਿੰਘ, ਅਤੇ ਬਲਾਕ ਰਿਸੋਰਸ ਪਰਸਨ ਨਿਰਭੈ ਸਿੰਘ ਜਰਗ ਵੱਲੋਂ ਮਿਹਨਤੀ ਸਕੂਲ ਅਧਿਆਪਕਾਂ ਦੀ ਜ਼ੋਰਦਾਰ ਪ੍ਰਸੰਸਾ ਕੀਤੀ।

# ਚੇਅਰਮੈਨ ਧਮੋਲੀ ਵੱਲੋਂ ਟ੍ਰੇਡ ਯੂਨੀਅਨ ਮੀਟਿੰਗ ਵਿੱਚ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਸਮਾਂਬੱਧ ਹੱਲ 'ਤੇ ਜ਼ੋਰ



ਪਟਿਆਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਟ੍ਰੇਡ ਕਮਿਸ਼ਨ ਦੇ ਵਾਈਸ ਚੇਅਰਮੈਨ ਸ਼੍ਰੀ ਗੁਰਪ੍ਰੀਤ ਸਿੰਘ ਧਮੋਲੀ ਅਤੇ ਐਸ.ਡੀ.ਐਮ ਸ਼੍ਰੀ ਗੁਰਦੇਵ ਸਿੰਘ ਧੰਮ ਦੀ ਅਗਵਾਈ ਹੇਠ ਟ੍ਰੇਡ ਯੂਨੀਅਨ ਦੀ ਇਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਕਰੀਬ 40 ਦੁਕਾਨਦਾਰਾਂ ਨੇ ਭਾਗ ਲਿਆ ਅਤੇ ਆਪਣੇ ਵਿਚਾਰ ਸਾਂਝੇ ਕੀਤੇ।

ਚੇਅਰਮੈਨ ਸ਼੍ਰੀ ਗੁਰਪ੍ਰੀਤ ਸਿੰਘ ਧਮੋਲੀ ਨੇ ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੂੰ ਕਿਹਾ ਕਿ ਉਹ ਹਰੇਕ ਦੁਕਾਨਦਾਰ ਕੋਲ ਨਿੱਜੀ ਤੌਰ 'ਤੇ ਪਹੁੰਚ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਅਤੇ ਉਨ੍ਹਾਂ ਦਾ ਹੱਲ ਕਰਨ ਲਈ ਵਚਨਬੱਧ ਹਨ। ਓਹਨਾ ਵਪਾਰੀ ਵਰਗ ਨੂੰ ਜਾਗਰੂਕ ਕਰਨ ਲਈ ਵੀ ਜ਼ੋਰ ਦਿੱਤਾ ਗਿਆ ਤਾਂ ਜੋ ਉਹ ਆਪਣੇ ਹੱਕਾਂ ਅਤੇ ਸਰਕਾਰੀ ਯੋਜਨਾਵਾਂ ਬਾਰੇ ਜਾਣੂ ਹੋ ਸਕਣ।

ਇਸ ਮੌਕੇ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਆਉਣ ਵਾਲੇ ਸਮੇਂ ਵਿੱਚ ਸਾਰੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀ ਵੀ ਇਸ ਪ੍ਰਕਿਰਿਆ ਵਿੱਚ ਸ਼ਾਮਲ ਹੋਣਗੇ, ਤਾਂ ਜੋ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਨਿਪਟਾਰਾ ਕੀਤਾ ਜਾ ਸਕੇ।

ਮੀਟਿੰਗ ਦੌਰਾਨ ਚੇਅਰਮੈਨ ਸ੍ਰੀ ਗੁਰਪ੍ਰੀਤ ਸਿੰਘ ਧਮੋਲੀ ਨੇ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਵਪਾਰੀ ਵਰਗ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਹਿੱਤਾਂ ਦੀ ਰੱਖਿਆ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਮੀਟਿੰਗ ਦੇ ਅੰਤ 'ਤੇ ਸਾਰੇ ਹਾਜ਼ਰ ਵਪਾਰੀਆਂ ਨੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਮੀਟਿੰਗਾਂ ਜਾਰੀ ਰੱਖਣ ਦੀ ਅਪੀਲ ਕੀਤੀ।

ਇਸ ਮੌਕੇ ਚੇਅਰਮੈਨ ਵਿਨੋਦ ਸਿੰਗਲਾ, ਮੈਂਬਰ ਪੰਜਾਬ ਟ੍ਰੇਡ ਕਮਿਸ਼ਨ ਪੰਜਾਬ ਸੰਜੀਵ ਗੁਪਤਾ, ਚਰਨਜੀਤ ਸਿੰਘ ਐਸ ਕੇ , ਪੁਨੀਤ ਬੁੱਧੀਰਾਜਾ , ਨਿਰਮਲ ਝਨੇੜੀ, ਰਜਤ ਗੋਇਲ, ਰਾਜਨ, ਗੌਤਮ ਅਤੇ ਵੰਸ਼ , ਰਾਕੇਸ਼ ਸਕਲਾਨੀ ਤੋਂ ਇਲਾਵਾ ਸਬੰਧਤ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

# ਖਰਾਬ ਮੌਸਮ ਚ ਪੱਕੇ ਮੋਰਚੇ ਵਿਚ ਡਟੇ ਜੰਗਲਾਤ ਕਾਮੇ; ਮੋਰਚੇ ਦੇ ਦਬਾਅ ਨਾਲ ਵਰਕਰਾਂ ਦੇ ਪੈਸੇ ਜਾਰੀ




ਪਟਿਆਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜੰਗਲਾਤ ਵਰਕਰਜ ਯੂਨੀਅਨ ਪਟਿਆਲਾ ਵੱਲੋਂ ਆਪਣੀਆਂ ਰਹਿੰਦੀਆਂ ਤਨਖਾਹਾਂ ਅਤੇ ਮਾਨਯੋਗ ਹਾਈਕੋਰਟ ਕੇਸਾਂ ਦੇ ਬਕਾਏ ਜਾਰੀ ਕਰਾਉਣ ਲਈ ਲਾਇਆ ਪੱਕਾ ਮੋਰਚਾ ਅੱਜ ਗਿਆਰਵੇਂ ਦਿਨ ਵਿੱਚ ਦਾਖਲ ਹੋ ਗਿਆ ਅੱਜ ਵੱਡੀ ਗਿਣਤੀ ਵਿੱਚ ਜੰਗਲਾਤ ਕਾਮੇ ਖਰਾਬ ਮੌਸਮ ਦੀ ਪਰਵਾਹ ਨਾ ਕਰਦੇ ਹੋਏ ਵਣ ਮੰਡਲ ਦਫਤਰ ਪਟਿਆਲਾ ਅੱਗੇ ਇਕੱਤਰ ਹੋਏ ਅੱਜ ਦੇ ਇਸ ਇਕੱਠ ਦੀ ਅਗਵਾਈ ਜਸਵਿੰਦਰ ਸਿੰਘ ਸੌਜਾ, ਜਗਤਾਰ ਸਿੰਘ ਸ਼ਾਹਪੁਰ, ਜੋਗਾ ਸਿੰਘ ਵਜੀਦਪੁਰ, ਨਰੇਸ ਬੋਸਰ ਤੇ ਸ਼ੇਰ ਸਿੰਘ ਸਰਹਿੰਦ ਨੇ ਕੀਤੀ ਇਕੱਤਰ ਹੋਏ ਕਾਮਿਆਂ ਨੂੰ ਸਬੋਧਨ ਕਰਦਿਆਂ ਆਗੂਆ ਨੇ ਕਿਹਾ ਕਿ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਬਾਰੇ ਇਸ ਦਫਤਰ ਅੱਗੇ ਨੌ ਮਾਰਚ ਤੋਂ ਚੱਲ ਰਿਹਾ ਪੱਕਾ ਮੋਰਚਾ ਅੱਜ ਖਰਾਬ ਮੌਸਮ ਚ,ਉਸ ਸਮੇਂ ਗਰਮੀ ਵਿੱਚ ਆ ਗਿਆ ਜਦੋਂ ਭੜਕੇ ਜੰਗਲਾਤ ਕਾਮਿਆਂ ਨੇ ਫੈਸਲਾ ਕੀਤਾ ਕਿ ਉਹ ਮਾਰਚ ਕਰਕੇ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਮੰਗ ਪੱਤਰ ਦੇ ਕੇ ਹੋ ਰਹੀ ਜਿਆਦਤੀ ਬਾਰੇ ਜਾਣੂ ਕਿਰਾਇਆ ਕਿ ਇਹ ਅਧਿਕਾਰੀ ਲਗਾਤਾਰ ਦਫਤਰ ਤੋ ਗੈਰ ਹਾਜਰ ਰਹਿੰਦਾ ਹੈ ਜਿਸ ਨਾਲ ਦਫਤਰ ਦਾ ਕੰਮ ਕਾਰ ਵੀ ਪ੍ਰਭਾਵਿਤ ਹੋ ਰਿਹਾ ਹੈ। ਅੱਜ ਦੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਪੰਜਾਬ ਸਵਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਆਗੂਆਂ ਦਰਸ਼ਨ ਬੇਲੂ ਮਾਜਰਾ,ਜਸਵੀਰ ਖੋਖਰ,ਰਾਜਪਾਲ ਲਸੋਈ ਤੇ ਧਰਮਪਾਲ ਲੌਟ ਨੇ ਕਿਹਾ ਕਿ ਜੇਕਰ ਇਸ ਅਧਿਕਾਰੀ ਵੱਲੋਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਉਹ ਮਜਬੂਰ ਹੋ ਕੇ ਫੈਡਰੇਸ਼ਨ ਨਾਲ ਸੰਬੰਧਿਤ ਬਾਕੀ ਜਥੇਬੰਦੀਆਂ ਇਸ ਧਰਨੇ ਵਿੱਚ ਝੋਕ ਦੇਣਗੇ ਅਤੇ ਇਸ ਧਰਨੇ ਨੂੰ ਇੱਥੋਂ ਬਦਲਕੇ ਵਿਜੀਲੈਂਸ ਦਫਤਰ ਅੱਗੇ ਲੈ ਜਾਣਗੀਆਂ ਤੇ ਉੱਥੇ ਇਸ ਅਧਿਕਾਰੀ ਦੇ ਭਰਿਸ਼ਟਾਚਾਰ ਦੇ ਕੱਚੇ ਚਿੱਠੇ ਵਿਜੀਲੈਂਸ ਨੂੰ ਦੱਸਣ ਲਈ ਮਜਬੂਰ ਹੋਣਗੇ ਉਹਨਾਂ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਅਧਿਕਾਰੀ ਨੂੰ ਕੰਧ ਤੇ ਲਿਖਿਆ ਪੜ ਲੈਣਾ ਚਾਹੀਦਾ ਹੈ ਨਹੀਂ ਤਾਂ ਇਹ ਸੰਘਰਸ਼ ਵਿਆਪਕ ਰੂਪ ਧਾਰ ਜਾਵੇਗਾ ਮੋਰਚੇ ਦੀ ਉਸ ਸਮੇਂ ਜਿੱਤ ਹੋਈ ਜਦੋ ਡਿਪਟੀ ਕਮਿਸ਼ਨਰ ਦਫਤਰ ਵੱਲੋ ਖਜਾਨਾ ਅਫਸਰ ਨਾਲ ਤਾਲਮੇਲ ਕਰਕੇ ਕਰਮਚਾਰੀਆਂ ਦਾ ਕੇਸਾਂ ਦਾ ਬਕਾਇਆ ਜਾਰੀ ਕਰਵਾਇਆ ਜਿਸ ਨਾਲ ਕਰਮਚਾਰੀਆਂ ਚ, ਖੁਸੀ ਦੀ ਲਹਿਰ ਦੋੜ ਗਈ ਅੱਜ ਦੀ ਇਕੱਤਰਤਾ ਵਿੱਚ ਹੋਰਨਾਂ ਤੋਂ ਇਲਾਵਾ ਹੇਠ ਲਿਖੇ ਆਗੂ ਭੂਪਿੰਦਰ ਸਿੰਘ ਰੌਣੀ,ਗੁਰਜਿੰਦਰ ਸਿੰਘ,ਅਮਰਜੀਤ ਬੋਸਰ,ਜੀਤ ਖਾਨ, ਸਤਨਾਮ ਸੌਜਾ,ਕਿਰਨਾ ਨਾਭਾ,ਗੁਰਮੀਤ ਕੋਰ ਨਾਭਾ,ਨਾਜਮਾ ਬੇਗਮ ਜਸਪਾਲ ਕੋਰ ਸਰਹਿੰਦ ਰਣਜੀਤ ਕੌਰ ਲਚਕਾਣੀ, ਅਮਰਜੀਤ ਕੌਰ ਭਾਦਸੋ ਆਦਿ ਨੇ ਸੰਬੋਧਨ ਕੀਤਾ।

# ਅਮਨ ਅਰੋੜਾ ਨੇ ਪਹਿਲੇ ਨਵਰਾਤੇ ਮੌਕੇ ਹਲਕਾ ਸੁਨਾਮ ਵਾਸੀਆਂ ਨੂੰ ਦਿੱਤਾ ਤੋਹਫਾ; ਰੇਲਵੇ ਅੰਡਰ ਬ੍ਰਿਜ ਵਿਖੇ ਆਵਾਜਾਈ ਕਾਰਵਾਈ ਸ਼ੁਰੂ



ਸੁਨਾਮ ਊਧਮ ਸਿੰਘ ਵਾਲਾ, 25 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਹਿਲੇ ਨਵਰਾਤੇ ਦੇ ਪਵਿੱਤਰ ਮੌਕੇ 'ਤੇ ਹਲਕਾ ਵਾਸੀਆਂ ਨੂੰ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਕਰੀਬ 09 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਰੇਲਵੇ ਅੰਡਰ ਬ੍ਰਿਜ (ਆਰ.ਯੂ.ਬੀ.) ਦਾ ਤੋਹਫ਼ਾ ਦਿੱਤਾ। ਬੱਸ ਸਟੈਂਡ ਸੁਨਾਮ ਦੇ ਨੇੜੇ ਸਥਿਤ ਇਸ ਅੰਡਰ ਬ੍ਰਿਜ 'ਤੇ ਅੱਜ ਆਵਾਜਾਈ ਦੀ ਸ਼ੁਰੂਆਤ ਕਰਵਾਈ ਗਈ। ਇਸ ਪ੍ਰੋਜੈਕਟ ਦੇ ਚਾਲੂ ਹੋਣ ਨਾਲ ਇੰਦਰਾ ਬਸਤੀ ਸਾਈਡ ਅਤੇ ਸ਼ਹਿਰ ਦੇ ਮੁੱਖ ਹਿੱਸੇ ਵਿਚਕਾਰ ਸਿੱਧੀ ਕੁਨੈਕਟੀਵਿਟੀ ਸਥਾਪਤ ਹੋ ਗਈ ਹੈ, ਜੋ ਕਿ ਸਾਲਾਂ ਤੋਂ ਹਲਕਾ ਵਾਸੀਆਂ ਦੀ ਇੱਕ ਮੁੱਖ ਮੰਗ ਸੀ।

ਇਸ ਅੰਡਰ ਬ੍ਰਿਜ ਦੇ ਬਣਨ ਨਾਲ ਸਭ ਤੋਂ ਵੱਡਾ ਲਾਭ ਇਹ ਹੋਇਆ ਹੈ ਕਿ ਹੁਣ ਲੋਕਾਂ ਨੂੰ ਰੇਲਵੇ ਫਾਟਕ ਬੰਦ ਰਹਿਣ ਕਾਰਨ ਹੋਣ ਵਾਲੀ ਲੰਬੀ ਉਡੀਕ ਤੋਂ ਛੁਟਕਾਰਾ ਮਿਲ ਗਿਆ ਹੈ। ਪਹਿਲਾਂ ਲੋਕਾਂ ਨੂੰ ਘੰਟਿਆਂ ਤੱਕ ਇੰਤਜ਼ਾਰ ਕਰਨਾ ਪੈਂਦਾ ਸੀ। ਹੁਣ ਇਸ ਅੰਡਰ ਬ੍ਰਿਜ ਦੇ ਚਾਲੂ ਹੋਣ ਨਾਲ ਇਹ ਸਾਰੀਆਂ ਸਮੱਸਿਆਵਾਂ ਕਾਫ਼ੀ ਹੱਦ ਤੱਕ ਖਤਮ ਹੋ ਗਈਆਂ ਹਨ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪ੍ਰੋਜੈਕਟ ਮੁਕੰਮਲ ਕਰਵਾਉਣ ਵਿੱਚ ਉਹਨਾਂ ਦੇ ਮੀਡੀਆ ਸਲਾਹਕਾਰ ਜਤਿੰਦਰ ਜੈਨ ਅਤੇ ਸ਼੍ਰੀ ਯਾਦਵਿੰਦਰ ਨਿਰਮਾਣ ਨੇ ਅਹਿਮ ਯੋਗਦਾਨ ਪਾਇਆ, ਜਿਸ ਲਈ ਕੈਬਨਿਟ ਮੰਤਰੀ ਨੇ ਇਹਨਾਂ ਦੋਵੇਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਖੇਤਰ ਵਿੱਚ ਵਿਕਾਸ ਦੇ ਨਵੇਂ ਮਾਪਦੰਡ ਸਥਾਪਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਟੀਚਾ ਲੋਕਾਂ ਦੀਆਂ ਰੋਜ਼ਮਰ੍ਹਾ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਅਤੇ ਉਨ੍ਹਾਂ ਨੂੰ ਸੁਵਿਧਾਜਨਕ ਜੀਵਨ ਪ੍ਰਦਾਨ ਕਰਨਾ ਹੈ।

ਉਨ੍ਹਾਂ ਕਿਹਾ ਕਿ ਇਹ ਰੇਲਵੇ ਅੰਡਰ ਬ੍ਰਿਜ ਸਿਰਫ਼ ਇੱਕ ਆਵਾਜਾਈ ਪ੍ਰੋਜੈਕਟ ਨਹੀਂ, ਸਗੋਂ ਇਲਾਕੇ ਦੀ ਆਰਥਿਕ ਅਤੇ ਸਮਾਜਿਕ ਤਰੱਕੀ ਦਾ ਦਰਵਾਜ਼ਾ ਵੀ ਹੈ। ਇਸ ਨਾਲ ਵਪਾਰਕ ਗਤੀਵਿਧੀਆਂ ਨੂੰ ਹੋਰ ਬਲ ਮਿਲੇਗਾ ਅਤੇ ਸਥਾਨਕ ਕਾਰੋਬਾਰ ਨੂੰ ਵੀ ਨਵੀਂ ਉਡਾਣ ਮਿਲੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਇਸ ਅੰਡਰ ਬ੍ਰਿਜ ਦੇ ਸ਼ੈੱਡ ਦੀ ਉਚਾਈ ਇਸ ਹਿਸਾਬ ਨਾਲ ਰਖਵਾਈ ਗਈ ਹੈ ਕਿ ਬੱਸਾਂ ਅਤੇ ਟਰੱਕਾਂ ਵਰਗੇ ਵੱਡੇ ਵਾਹਨ ਵੀ ਆਰਾਮ ਨਾਲ ਬਿਨਾਂ ਕਿਸੇ ਰੁਕਾਵਟ ਦੇ ਲੰਘ ਸਕਣ, ਜਿਸ ਨਾਲ ਆਵਾਜਾਈ ਹੋਰ ਵੀ ਸੁਚਾਰੂ ਅਤੇ ਪ੍ਰਭਾਵਸ਼ਾਲੀ ਬਣੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਨੂੰ ਤਿਆਰ ਕਰਨ ਦੌਰਾਨ ਤਕਨੀਕੀ ਪੱਖਾਂ ਦਾ ਖਾਸ ਧਿਆਨ ਰੱਖਿਆ ਗਿਆ ਹੈ, ਤਾਂ ਜੋ ਲੰਬੇ ਸਮੇਂ ਤੱਕ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਕਿਹਾ ਕਿ ਮਿਆਰੀ ਸਮੱਗਰੀ ਅਤੇ ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਇਸ ਅੰਡਰ ਬ੍ਰਿਜ ਨੂੰ ਮਜ਼ਬੂਤ ਅਤੇ ਸੁਰੱਖਿਅਤ ਬਣਾਇਆ ਗਿਆ ਹੈ। ਉਨ੍ਹਾਂ ਇਸ ਮੌਕੇ ਰੇਲਵੇ ਵਿਭਾਗ ਅਤੇ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਅਤੇ ਸਥਾਨਕ ਪ੍ਰਸ਼ਾਸਨ ਦੇ ਅਧਿਕਾਰੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਮਿਲਜੁਲ ਕੇ ਟੀਮ ਵਜੋਂ ਕੰਮ ਕਰਦਿਆਂ ਇਸ ਪ੍ਰੋਜੈਕਟ ਨੂੰ ਸਮੇਂ ਸਿਰ ਪੂਰਾ ਕੀਤਾ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਹ ਵੀ ਭਰੋਸਾ ਦਿਵਾਇਆ ਕਿ ਹਲਕਾ ਸੁਨਾਮ ਦੇ ਸਰਵਪੱਖੀ ਵਿਕਾਸ ਲਈ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਹੋਰ ਪ੍ਰੋਜੈਕਟ ਲਿਆਂਦੇ ਜਾਣਗੇ। ਉਨ੍ਹਾਂ ਕਿਹਾ ਕਿ ਸੜਕਾਂ, ਨਿਕਾਸੀ ਪ੍ਰਣਾਲੀ, ਪਾਣੀ ਸਪਲਾਈ ਅਤੇ ਹੋਰ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਵੇਂ ਬਣੇ ਅੰਡਰ ਬ੍ਰਿਜ ਦੀ ਵਰਤੋਂ ਦੌਰਾਨ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ, ਤਾਂ ਜੋ ਸੁਰੱਖਿਅਤ ਅਤੇ ਸੁਚਾਰੂ ਆਵਾਜਾਈ ਯਕੀਨੀ ਬਣਾਈ ਜਾ ਸਕੇ। ਇਸ ਮੌਕੇ ਇਲਾਕਾ ਵਾਸੀਆਂ ਵੱਲੋਂ ਵੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕੈਬਨਿਟ ਮੰਤਰੀ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਗਿਆ ਕਿ ਇਹ ਪ੍ਰੋਜੈਕਟ ਉਨ੍ਹਾਂ ਲਈ ਇੱਕ ਵੱਡੀ ਰਾਹਤ ਸਾਬਤ ਹੋਵੇਗਾ।

ਇਸ ਮੌਕੇ ਹਲਕਾ ਵਾਸੀਆਂ ਵੱਲੋਂ ਵੱਡੇ ਪੱਧਰ ਉੱਤੇ ਲੱਡੂ ਵੰਡ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਆਪ ਦੇ ਵੱਖ-ਵੱਖ ਅਹੁਦੇਦਾਰ ਅਤੇ ਵੱਡੀ ਗਿਣਤੀ ਹਲਕਾ ਵਾਸੀ ਹਾਜ਼ਰ ਸਨ।

# ਚੇਤ ਦੇ ਪਹਿਲੇ ਨਰਾਤੇ 'ਤੇ ਮਨੀਸ਼ ਸਿਸੋਦੀਆ ਨੇ ਸਿਹਤ ਮੰਤਰੀ ਨਾਲ ਮਾਤਾ ਸ੍ਰੀ ਕਾਲੀ ਦੇਵੀ ਜੀ ਦਾ ਲਿਆ ਅਸ਼ੀਰਵਾਦ

## ਮੰਦਿਰ ਨਿਰਮਾਣ ਕਾਰਜਾਂ ਦਾ ਸਿਸੋਦੀਆ ਤੇ ਸਿਹਤ ਮੰਤਰੀ ਵੱਲੋਂ ਜਾਇਜ਼ਾ, ਪੰਜਾਬ ਸਰਕਾਰ ਦੇ ਉਪਰਾਲਿਆਂ ਦੀ ਸ਼ਲਾਘਾ

**ਪਟਿਆਲਾ, 25 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਚੇਤ ਦੇ ਪਹਿਲੇ ਨਰਾਤੇ ਦੇ ਪਾਵਨ ਅਵਸਰ 'ਤੇ ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਨੇ ਪਟਿਆਲਾ ਦੇ ਪ੍ਰਸਿੱਧ ਮੰਦਿਰ ਮਾਤਾ ਸ੍ਰੀ ਕਾਲੀ ਦੇਵੀ ਵਿਖੇ ਆਪਣੇ ਪਰਿਵਾਰ ਸਮੇਤ ਮੱਥਾ ਟੇਕਿਆ। ਉਨ੍ਹਾਂ ਦੇ ਨਾਲ ਸੂਬੇ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਨੇ ਨਵਰਾਤਰੇ ਦੀਆਂ ਸਮੂਹ ਸ਼ਰਧਾਲੂਆਂ ਨੂੰ ਲੱਖ-ਲੱਖ ਵਧਾਈਆਂ ਦਿੰਦਿਆਂ ਸਾਰੇ ਦੇਸ਼ ਵਾਸੀਆਂ ਲਈ ਖੁਸ਼ਹਾਲੀ, ਸ਼ਾਂਤੀ ਅਤੇ ਤਰੱਕੀ ਦੀ ਕਾਮਨਾ ਕੀਤੀ।

ਸ੍ਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੇ ਹਨ ਕਿ ਉਨ੍ਹਾਂ ਨੂੰ ਚੇਤ ਦੇ ਪਹਿਲੇ ਨਰਾਤੇ 'ਤੇ ਇਸ ਪ੍ਰਾਚੀਨ ਅਤੇ ਧਾਰਮਿਕ ਮਹੱਤਤਾ ਵਾਲੇ ਮੰਦਰ ਵਿੱਚ ਦਰਸ਼ਨ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਮੰਦਰ ਵਿੱਚ ਹਵਨ ਵੀ ਕੀਤਾ ਅਤੇ ਕਿਹਾ ਕਿ ਇਸ ਪਵਿੱਤਰ ਸਥਾਨ 'ਤੇ ਆ ਕੇ ਉਨ੍ਹਾਂ ਨੂੰ ਆਤਮਿਕ ਸ਼ਾਂਤੀ ਅਤੇ ਨਵੀਂ ਊਰਜਾ ਪ੍ਰਾਪਤ ਹੋਈ ਹੈ।

ਉਨ੍ਹਾਂ ਨੇ ਦੇਸ਼ ਦੀ ਖੁਸ਼ਹਾਲੀ ਅਤੇ ਲੋਕਾਂ ਦੀ ਭਲਾਈ ਲਈ ਪ੍ਰਾਰਥਨਾ ਕਰਦਿਆਂ ਕਿਹਾ ਕਿ ਜਦੋਂ ਤੱਕ ਮਾਤਾ ਦੀ ਅਸੀਸ ਸਾਡੇ ਸਿਰ 'ਤੇ ਹੈ, ਕੋਈ ਵੀ ਤਾਕਤ ਸਾਡੇ ਦੇਸ਼ ਦਾ ਕੁਝ ਵੀ ਵਿਗਾੜ ਨਹੀਂ ਸਕਦੀ। ਉਨ੍ਹਾਂ ਨੇ ਲੋਕਾਂ ਨੂੰ ਆਪਸੀ ਇਕਤਾ ਅਤੇ ਭਾਈਚਾਰੇ ਨਾਲ ਰਹਿਣ ਦਾ ਸੰਦੇਸ਼ ਵੀ ਦਿੱਤਾ।

ਇਸ ਦੌਰਾਨ ਉਨ੍ਹਾਂ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਮੇਅਰ ਕੁੰਦਨ ਗੋਗੀਆ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨਾਲ ਮੰਦਰ ਵਿੱਚ ਚੱਲ ਰਹੇ ਨਿਰਮਾਣ ਕਾਰਜਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਇਸ ਮੰਦਰ ਦੀ ਵੱਡੀ ਮਾਨਤਾ ਹੈ ਅਤੇ ਇਹ ਸਥਾਨ ਸ਼ਰਧਾਲੂਆਂ ਲਈ ਵਿਸ਼ੇਸ਼ ਆਸਥਾ ਦਾ ਕੇਂਦਰ ਹੈ। ਉਨ੍ਹਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਦਰ ਦੇ ਵਿਕਾਸ ਲਈ ਨਿਰਮਾਣ ਕਾਰਜ ਜਾਰੀ ਹਨ ਅਤੇ ਪੰਜਾਬ ਸਰਕਾਰ ਵੱਲੋਂ ਅਗਲੇ ਨਰਾਤਿਆਂ ਤੱਕ ਇਸ ਦਾ ਨਿਰਮਾਣ ਕਾਰਜ ਮੁਕੰਮਲ ਕਰ ਲਿਆ ਜਾਵੇਗਾ।

ਸ੍ਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਕਿਸੇ ਵੀ ਧਾਰਮਿਕ ਸਥਾਨ ਦੇ ਨਿਰਮਾਣ ਜਾਂ ਸੇਵਾ ਵਿੱਚ ਅਹੰਕਾਰ ਦੀ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਕਿਸੇ ਨੂੰ ਵੀ ਇਹ ਗਰੂਰ ਨਹੀਂ ਕਰਨਾ ਚਾਹੀਦਾ ਕਿ ਮੰਦਰ ਉਸਦੀ ਵਜ੍ਹਾ ਨਾਲ ਬਣਿਆ ਹੈ। ਸਨਾਤਨ ਧਰਮ ਵਿੱਚ ਨਿਮਰਤਾ ਅਤੇ ਸੇਵਾ ਦੀ ਭਾਵਨਾ ਸਭ ਤੋਂ ਵੱਡੀ ਹੈ ਅਤੇ ਅਹੰਕਾਰ ਲਈ ਕੋਈ ਥਾਂ ਨਹੀਂ ਹੈ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਉਨ੍ਹਾਂ ਨੂੰ ਭਵਿੱਖ ਵਿੱਚ ਕਿਸੇ ਹੋਰ ਮੰਦਰ ਦੇ ਨਿਰਮਾਣ ਜਾਂ ਸੇਵਾ ਦਾ ਮੌਕਾ ਮਿਲਦਾ ਹੈ ਤਾਂ ਉਹ ਇਸ ਨੂੰ ਵੀ ਪੂਰੀ ਸ਼ਰਧਾ ਨਾਲ ਨਿਭਾਉਣਗੇ।

ਇਸ ਮੌਕੇ ਉਨ੍ਹਾਂ ਦੇ ਨਾਲ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਮੇਅਰ ਕੁੰਦਨ ਗੋਗੀਆ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ, ਮੰਦਰ ਐਡਵਾਈਜਰੀ ਮੈਨੇਜਿੰਗ ਕਮੇਟੀ ਦੇ ਮੈਂਬਰ ਸੀ ਏ ਅਜੇ ਅਲੀਪੁਰੀਆ, ਸੰਜੇ ਸਿੰਗਲਾ ਤੇ ਡਾ ਰਾਜ ਕੁਮਾਰ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ ਸਮੇਤ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

# ਐਨਕੈਪ ਅਧੀਨ ਪਟਿਆਲਾ 'ਚ ਬਡੂੰਗਰ ਦੇ ਸ਼ਮਸ਼ਾਨਘਾਟ ਵਿਖੇ ਪੰਜਾਬ ਦਾ ਪਹਿਲਾ ਹਵਾ ਪ੍ਰਦੂਸ਼ਣ ਕੰਟਰੋਲ ਯੰਤਰ ਲਗਾਇਆ



**ਪਟਿਆਲਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰੀ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਨਗਰ ਨਿਗਮ ਨੇ ਮੇਅਰ ਕੁੰਦਨ ਗੋਗੀਆ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਪਰਸਨ ਰੀਨਾ ਗੁਪਤਾ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਦੀ ਮੌਜੂਦਗੀ ਵਿੱਚ ਇੱਥੇ ਬਡੂੰਗਰ ਸ਼ਮਸ਼ਾਨਘਾਟ ਵਿਖੇ ਸੂਬੇ ਦੇ ਪਹਿਲੇ ਹਵਾ ਪ੍ਰਦੂਸ਼ਣ ਕੰਟਰੋਲ ਯੰਤਰ (ਏ.ਪੀ.ਸੀ.ਡੀ) ਦਾ ਉਦਘਾਟਨ ਕੀਤਾ ਗਿਆ।

ਪਟਿਆਲਾ ਵਿਖੇ ਇਹ ਯੰਤਰ ਰਾਸ਼ਟਰੀ ਸਾਫ਼ ਹਵਾ ਪ੍ਰੋਗਰਾਮ (ਐਨਕੈਪ) ਅਧੀਨ ਇੱਕ ਪਾਇਲਟ ਪ੍ਰੋਜੈਕਟ ਵਜੋਂ ਲਗਾਇਆ ਗਿਆ ਹੈ, ਇਸ ਪਹਿਲਕਦਮੀ ਨੂੰ ਸਾਰੇ ਗੈਰ-ਪ੍ਰਾਪਤੀ (ਨਾਨ ਅਟੇਨਮੈਂਟ) ਸ਼ਹਿਰਾਂ ਵਿੱਚ ਦੁਹਰਾਉਣ ਅਤੇ ਬਾਅਦ ਵਿੱਚ ਪੂਰੇ ਪੰਜਾਬ ਵਿੱਚ ਲਗਾਇਆ ਜਾਵੇਗਾ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਪਰਸਨ, ਰੀਨਾ ਗੁਪਤਾ ਨੇ ਕਿਹਾ, ਹਵਾ ਗੁਣਵੱਤਾ ਪ੍ਰਬੰਧਨ ਅਜਿਹੇ ਹੱਲ ਦੀ ਮੰਗ ਕਰਦਾ ਹੈ ਜੋ ਵਿਗਿਆਨਕ ਤੌਰ 'ਤੇ ਸਹੀ ਅਤੇ ਸਮਾਜਿਕ ਤੌਰ 'ਤੇ ਸਵੀਕਾਰਯੋਗ ਹੋਣ। ਉਨ੍ਹਾਂ ਕਿਹਾ ਕਿ ਪਰੰਪਰਾਗਤ ਸਸਕਾਰ ਅਭਿਆਸ ਸਾਡੇ ਸੱਭਿਆਚਾਰਕ ਤਾਣੇ-ਬਾਣੇ ਦਾ ਇੱਕ ਅਨਿੱਖੜਵਾਂ ਅੰਗ ਹਨ, ਅਤੇ ਇਹ ਪਹਿਲਕਦਮੀ ਦਰਸਾਉਂਦੀ ਹੈ ਕਿ ਤਕਨਾਲੋਜੀ ਪਰੰਪਰਾ ਦੇ ਰਲ ਕੇ ਵਾਤਾਵਰਣ ਸੰਭਾਲ ਦੀ ਜ਼ਿੰਮੇਵਾਰੀ ਨਾਲ ਕਿਵੇਂ ਮੇਲ ਖਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਹਵਾ ਪ੍ਰਦੂਸ਼ਣ ਨਿਯੰਤਰਣ ਯੰਤਰ ਦੀ ਸਥਾਪਨਾ ਪ੍ਰਦੂਸ਼ਣ ਨੂੰ ਉਸ ਦੇ ਪੈਦਾ ਹੋਣ ਵਾਲੇ ਸਰੋਤ 'ਤੇ ਘਟਾਉਣ ਵੱਲ ਇੱਕ ਮੋਹਰੀ ਕਦਮ ਹੈ, ਅਤੇ ਬੋਰਡ ਸਭ ਲਈ ਸਾਫ਼ ਹਵਾ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਪੰਜਾਬ ਦੇ ਸਾਰੇ ਗੈਰ-ਪ੍ਰਾਪਤੀ ਸ਼ਹਿਰਾਂ ਵਿੱਚ ਇਸ ਮਾਡਲ ਨੂੰ ਸਥਾਪਤ ਕਰਨ ਲਈ ਵਚਨਬੱਧ ਹੈ।

ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਦੀ ਸਾਫ਼ ਹਵਾ ਰਣਨੀਤੀ ਵਿੱਚ ਇੱਕ ਮਹੱਤਵਪੂਰਨ ਤਰੱਕੀ ਨੂੰ ਦਰਸਾਉਂਦੀ ਹੈ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਕਿਹਾ ਕਿ ਐਨ ਕੈਪ ਅਧੀਨ ਇਹ ਪਾਇਲਟ ਪ੍ਰੋਜੈਕਟ ਦੂਜੇ ਸ਼ਹਿਰਾਂ ਲਈ ਇੱਕ ਮਾਡਲ ਵਜੋਂ ਕੰਮ ਕਰੇਗਾ ਅਤੇ ਨਾਲ ਹੀ ਸਾਡੀਆਂ ਰਵਾਇਤਾਂ ਤੇ ਪ੍ਰੰਪਰਾਵਾਂ ਦਾ ਸਤਿਕਾਰ ਕਰਦੇ ਹੋਏ ਹਵਾ ਪ੍ਰਦੂਸ਼ਣ ਵਿੱਚ ਕਮੀ ਨੂੰ ਵੀ ਯਕੀਨੀ ਬਣਾਏਗਾ। ਨਵਾਂ ਸਥਾਪਿਤ ਏਪੀਸੀਡੀ ਕਣ ਪਦਾਰਥ ਦੇ ਨਿਕਾਸ (ਪੀਐਮ 10 ਅਤੇ ਪੀਐਮ 2.5) ਨੂੰ ਮਹੱਤਵਪੂਰਨ ਤੌਰ 'ਤੇ ਘਟਾਉਣ ਲਈ ਤਿਆਰ ਕੀਤਾ ਗਿਆ ਹੈ, ਇਸ ਤਰ੍ਹਾਂ ਸ਼ਹਿਰੀ ਹਵਾ ਪ੍ਰਦੂਸ਼ਣ ਵਿੱਚ ਇੱਕ ਮਹੱਤਵਪੂਰਨ ਪਰ ਅਕਸਰ ਅਣਦੇਖੇ ਕੀਤੇ ਜਾਣ ਵਾਲੇ ਯੋਗਦਾਨ ਨੂੰ ਘੱਟ ਕਰਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਜਿਹੇ ਉਪਰਾਲੇ ਹਵਾ ਪ੍ਰਦੂਸ਼ਣ ਨੂੰ ਉਸਦੇ ਸਰੋਤ 'ਤੇ ਹੀ ਘਟਾਉਣ ਦੀ ਵਿਆਪਕ ਰਣਨੀਤੀ ਨਾਲ ਮੇਲ ਖਾਂਦਾ ਹੈ, ਜੋ ਕਿ ਪ੍ਰਭਾਵਸ਼ਾਲੀ ਹਵਾ ਗੁਣਵੱਤਾ ਪ੍ਰਬੰਧਨ ਅਤੇ ਜਨਤਕ ਸਿਹਤ ਸੁਰੱਖਿਆ ਲਈ ਜ਼ਰੂਰੀ ਹੈ। ਇਸ ਦੌਰਾਨ ਪੀਪੀਸੀਬੀ ਦੇ ਮੈਂਬਰ ਸਕੱਤਰ, ਡਾ. ਲਵਨੀਤ ਦੂਬੇ ਨੇ ਕਿਹਾ ਕਿ ਸ਼ਮਸ਼ਾਨਘਾਟ, ਭਾਵੇਂ ਵਿਅਕਤੀਗਤ ਤੌਰ 'ਤੇ ਮਾਮੂਲੀ ਹਵਾ ਪ੍ਰਦੂਸ਼ਣ ਦਾ ਯੋਗਦਾਨ ਪਾਉਂਦਾ ਹੈ, ਪਰ ਇਹ ਸਮੂਹਿਕ ਤੌਰ 'ਤੇ ਸ਼ਹਿਰੀ ਹਵਾ ਦੀ ਗੁਣਵੱਤਾ ਨੂੰ ਪ੍ਰਭਾਵਤ ਕਰਦਾ ਹੈ। ਇਨ੍ਹਾਂ ਥਾਵਾਂ 'ਤੇ ਪ੍ਰਦੂਸ਼ਣ ਨਿਯੰਤਰਣ ਯੰਤਰਾਂ ਨੂੰ ਲਗਾ ਕੇ, ਅਸੀਂ ਆਪਣੀਆਂ ਸਾਫ਼ ਹਵਾ ਕਾਰਜ ਯੋਜਨਾਵਾਂ ਵਿੱਚ ਇੱਕ ਮਹੱਤਵਪੂਰਨ ਪਾੜੇ ਨੂੰ ਦੂਰ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਪੀਪੀਸੀਬੀ ਯੋਜਨਾਬੱਧ ਵਿਸਥਾਰ ਤੋਂ ਪਹਿਲਾਂ ਪ੍ਰਭਾਵਸ਼ੀਲਤਾ ਅਤੇ ਜ਼ਰੂਰੀ ਸੁਧਾਰਾਂ ਨੂੰ ਮਾਪਣ ਲਈ ਏਪੀਸੀਡੀ ਦੀ ਸਥਾਪਨਾ ਤੋਂ ਪਹਿਲਾਂ ਅਤੇ ਬਾਅਦ ਦਾ ਅਧਿਐਨ ਵੀ ਕਰ ਰਿਹਾ ਹੈ।

# ਦੰਗਲ ਮੇਲਾ ਚੇਤ ਚੌਦਾਂ ਮਾਛੀਵਾੜੇ ਦਾ 'ਚ ਪਹਿਲਵਾਨਾਂ ਨੇ ਦਿਖਾਏ ਜੌਹਰ



**ਮਾਛੀਵਾੜਾ ਸਾਹਿਬ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਾਚੀਨ ਚੇਤ ਮੇਲਾ ਦੰਗਲ ਕਮੇਟੀ ਮਾਛੀਵਾੜਾ ਸਾਹਿਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 20 ਵਾਂ ਚੇਤ ਮਹੀਨੇ ਦਾ ਵਿਸ਼ਾਲ ਕੁਸ਼ਤੀ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿੱਚ ਦੂਰ ਦੁਰਾਡੇ ਤੋਂ ਪਹੁੰਚੇ ਚੋਟੀ ਦੇ ਪਹਿਲਵਾਨਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।

ਪ੍ਰਾਚੀਨ ਚੇਤ ਦੰਗਲ ਕਮੇਟੀ ਪੁਰਾਣੀ ਸਬਜ਼ੀ ਮੰਡੀ ਮਾਛੀਵਾੜਾ ਸਾਹਿਬ ਦੇ ਪ੍ਰਧਾਨ ਸੁਖਦੇਵ ਸਿੰਘ ਬਿੱਟੂ ਨੇ ਦੱਸਿਆ ਕਿ ਇਸ ਮੇਲੇ ਤੇ ਮੁੱਖ ਮਹਿਮਾਨ ਦੇ ਤੌਰ ਤੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸਮਾਜ ਸੇਵੀ ਆੜ੍ਹਤੀ ਕਪਿਲ ਅਨੰਦ ਪ੍ਰਧਾਨ ਬਲਾਕ ਕਾਂਗਰਸ ਸ਼ਹਿਰੀ ਮਾਛੀਵਾੜਾ ਸਾਹਿਬ ਕੌਂਸਲਰ ਤੇ ਸਮਾਜ ਸੇਵਕ ਸੁਰਿੰਦਰ ਕੁਮਾਰ ਸ਼ਿੰਦੀ, ਬਲਾਕ ਪ੍ਰਧਾਨ ਕਾਂਗਰਸ ਪਰਵਿੰਦਰ ਤਿਵਾੜੀ, ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ।ਇਸ ਮੌਕੇ ਤੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ,ਪ੍ਰਧਾਨ ਕਪਿਲ ਆਨੰਦ , ਚੇਅਰਮੈਨ ਸੁਖਵਿੰਦਰ ਸਿੰਘ ਗਿੱਲ ਅਤੇ ਕੌਂਸਲਰ ਸੁਰਿੰਦਰ ਕੁਮਾਰ ਸ਼ਿੰਦੀ ਵੱਲੋਂ ਪਹਿਲਵਾਨਾਂ ਦੀ ਹੱਥ ਜੋੜੀ ਕਰਵਾਈ ਗਈ। ਇਸ ਮੌਕੇ ਉਹਨਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪ੍ਰਚੀਨ ਚੇਤ ਮੇਲਾ ਦੰਗਲ ਕਮੇਟੀ ਮਾਛੀਵਾੜਾ ਸਾਹਿਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦੰਗਲ ਕੁਸ਼ਤੀ ਮੇਲਾ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਹੈ ਤੇ ਪਹਿਲਵਾਨਾਂ ਵੱਲੋਂ ਲੜੀਆਂ ਜਾਂਦੀਆਂ ਕੁਸ਼ਤੀਆਂ ਸਾਨੂੰ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਇੱਕ ਵੱਡਾ ਸੁਨੇਹਾ ਦਿੰਦੀਆਂ ਹਨ, ਉਥੇ ਹੀ ਨੌਜਵਾਨਾਂ ਅਤੇ ਸਮਾਜ ਨੂੰ ਚੰਗਾ ਅਤੇ ਨਰੋਆ ਬਣਾਉਣ ਦੇ ਲਈ ਕੁਸ਼ਤੀ ਅਤੇ ਖੇਡ ਮੇਲੇ ਕਰਵਾਉਣਾ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਖੇਡ ਮੇਲੇ ਅਤੇ ਕੁਸ਼ਤੀਆਂ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ ।ਇਸ ਮੌਕੇ ਆਪ ਆਗੂ ਰਣਜੀਤ ਸਿੰਘ ਜੀਤੀ, ਰੁਪਿੰਦਰ ਸਿੰਘ ਰੂਬੀ ,ਜਗਮੀਤ ਮੱਕੜ ਕੌਂਸਲਰ,,ਪ੍ਰਵੀਨ ਮੱਕੜ , ਨਵਜੀਤ ਸਿੰਘ ਓਟਾਲ ਪੀ.ਏ.,ਪਹਿਲਵਾਨ ਕੁਲਵਿੰਦਰ ਸਿੰਘ ਕਿੰਦਾ, ਪਰਮਜੀਤ ਸਿੰਘ ਨੀਲੋਂ,ਡਾਕਟਰ ਮਦਨ ਸਿੰਘ, ਜੀਤੀ ਪਹਿਲਵਾਨ , ਕੌਂਸਲਰ ਨੀਰਜ ਕੁਮਾਰ, ਅਮਨਦੀਪ ਸਿੰਘ ਤਨੇਜਾ ਆਦਿ ਹਾਜ਼ਰ ਸਨ ।

# ਏ.ਡੀ.ਸੀ. ਵੱਲੋਂ ਐਲਪੀਜੀ ਸਪਲਾਈ ਦਾ ਜਾਇਜ਼ਾ; ਵੱਡੇ ਹਸਪਤਾਲਾਂ ਤੇ ਸਕੂਲਾਂ ਨੂੰ ਪੀਐਨਜੀ ਕਨੈਕਸ਼ਨ ਲੈਣ 'ਤੇ ਜ਼ੋਰ



**ਪਟਿਆਲਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜੀ) ਸਿਮਰਪ੍ਰੀਤ ਕੌਰ ਨੇ ਅੱਜ ਜ਼ਿਲ੍ਹਾ ਪਟਿਆਲਾ ਵਿੱਚ ਘਰੇਲੂ ਅਤੇ ਵਪਾਰਕ ਐਲਪੀਜੀ ਸਪਲਾਈ ਦਾ ਨਿਰੀਖਣ ਕੀਤਾ।

ਹਸਪਤਾਲਾਂ, ਸਕੂਲਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਵਿੱਚ ਗੈਸ ਦੀ ਉਪਲਬਧਤਾ ਦਾ ਜਾਇਜ਼ਾ ਲੈਂਦੇ ਹੋਏ, ਏ.ਡੀ.ਸੀ. ਨੇ ਸਿਹਤ ਅਤੇ ਸਿੱਖਿਆ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਵੱਡੇ ਹਸਪਤਾਲਾਂ ਅਤੇ ਉਹ ਸਕੂਲ ਜਿੱਥੇ ਗੈਸ ਦੀ ਖਪਤ ਵੱਧ ਹੈ, ਦੀ ਸੂਚੀ ਤਿਆਰ ਕੀਤੀ ਜਾਵੇ। ਉਨ੍ਹਾਂ ਜ਼ੋਰ ਦਿੱਤਾ ਕਿ ਅਜਿਹੀਆਂ ਸੰਸਥਾਵਾਂ ਨੂੰ ਪਾਈਪਡ ਨੈਚਰਲ ਗੈਸ (ਪੀਐਨਜੀ) ਕੁਨੈਕਸ਼ਨ ਲੈਣ ਲਈ ਪ੍ਰੇਰਿਤ ਕੀਤਾ ਜਾਵੇ, ਤਾਂ ਜੋ ਗੈਸ ਦੀ ਸਪਲਾਈ ਹੋਰ ਸੁਚਾਰੂ ਅਤੇ ਨਿਰੰਤਰ ਬਣੀ ਰਹੇ।

ਸਿਮਰਪ੍ਰੀਤ ਕੌਰ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹੇ ਵਿੱਚ ਘਰੇਲੂ ਐਲਪੀਜੀ ਦੀ ਕੋਈ ਘਾਟ ਨਹੀਂ ਹੈ ਅਤੇ ਉਨ੍ਹਾਂ ਨੇ ਨਾਲ ਹੀ ਖਪਤਕਾਰਾਂ ਨੂੰ ਅਪੀਲ ਵੀ ਕੀਤੀ ਕਿ ਉਹ ਘਬਰਾਹਟ ਵਿੱਚ ਆਕੇ ਵਾਧੂ ਬੁਕਿੰਗ ਨਾ ਕਰਨ, ਕਿਉਂਕਿ ਇਸ ਨਾਲ ਸਪਲਾਈ ਪ੍ਰਣਾਲੀ 'ਤੇ ਬੇਲੋੜਾ ਦਬਾਅ ਪੈਂਦਾ ਹੈ।

ਸਹਾਇਕ ਸਿਵਲ ਸਰਜਨ ਡਾ. ਰਚਨਾ ਨੇ ਦੱਸਿਆ ਕਿ ਹੁਣ ਤੱਕ ਕਿਸੇ ਵੀ ਹਸਪਤਾਲ ਵੱਲੋਂ ਐਲਪੀਜੀ ਸਪਲਾਈ ਸਬੰਧੀ ਕੋਈ ਸਮੱਸਿਆ ਸਾਹਮਣੇ ਨਹੀਂ ਆਈ। ਇਸੇ ਤਰ੍ਹਾਂ, ਜ਼ਿਲ੍ਹਾ ਸਿੱਖਿਆ ਅਧਿਕਾਰੀ ਸ਼ਾਲੂ ਮਹਿਰਾ ਨੇ ਵੀ ਦੱਸਿਆ ਕਿ ਕਿਸੇ ਵੀ ਸਕੂਲ ਵੱਲੋਂ ਐਲਪੀਜੀ ਦੀ ਘਾਟ ਬਾਰੇ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ।

ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ ਦੱਸਿਆ ਕਿ ਗੈਸ ਏਜੰਸੀਆਂ ਨੂੰ ਖਪਤਕਾਰਾਂ ਨੂੰ ਈ-ਕੇਵਾਈਸੀ ਬਾਰੇ ਜਾਗਰੂਕ ਕਰਨ ਲਈ ਕਿਹਾ ਗਿਆ ਹੈ, ਜੋ ਘਰ-ਘਰ ਜਾ ਕੇ ਜਾਂ ਮੋਬਾਈਲ ਐਪਸ ਰਾਹੀਂ ਕੀਤੀ ਜਾ ਸਕਦੀ ਹੈ। ਉਨ੍ਹਾਂ ਹੋਰ ਦੱਸਿਆ ਕਿ ਵਪਾਰਕ ਸਥਾਨਾਂ 'ਤੇ ਘਰੇਲੂ ਐਲਪੀਜੀ ਸਿਲੰਡਰਾਂ ਦੀ ਗੈਰਕਾਨੂੰਨੀ ਵਰਤੋਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਜਾਂਚ ਟੀਮਾਂ ਵੱਲੋਂ ਏਜੰਸੀਆਂ 'ਤੇ ਨਿਯਮਿਤ ਛਾਪੇਮਾਰੀ ਕਰਕੇ ਸਟਾਕ ਅਤੇ ਸਪਲਾਈ ਦੀ ਨਿਗਰਾਨੀ ਕੀਤੀ ਜਾ ਰਹੀ ਹੈ।

ਤੇਲ ਕੰਪਨੀਆਂ ਦੇ ਪ੍ਰਤਿਨਿਧੀਆਂ ਨਾਭਾ ਐਲਪੀਜੀ ਬੋਟਲਿੰਗ ਪਲਾਂਟ (ਆਈਓਸੀਐਲ) ਦੇ ਡੀਜੀਐਮ ਕਮਲ ਮਹੇਸ਼ਵਰੀ ਅਤੇ, ਬੀਪੀਸੀਐਲ ਦੇ ਸੇਲਜ਼ ਮੈਨੇਜਰ ਰਾਘਵ ਗੁਪਤਾ ਨੇ ਦੱਸਿਆ ਕਿ ਘਰੇਲੂ ਐਲਪੀਜੀ ਸਪਲਾਈ ਵਿੱਚ ਕੋਈ ਰੁਕਾਵਟ ਨਹੀਂ ਹੈ। ਉਨ੍ਹਾਂ ਕਿਹਾ ਕਿ ਮਾਰਚ ਮਹੀਨੇ ਵਿੱਚ ਸਪਲਾਈ ਜਨਵਰੀ ਅਤੇ ਫਰਵਰੀ ਦੇ ਬਰਾਬਰ ਹੀ ਆ ਰਹੀ ਹੈ, ਪਰ ਘਰੇਲੂ ਸਿਲੰਡਰਾਂ ਦੀ ਬੁਕਿੰਗ ਲਗਭਗ ਤਿੰਨ ਗੁਣਾ ਵੱਧ ਗਈ ਹੈ,

# ਕੋਹਲੀ ਅਤੇ ਜੌੜਾਮਾਜਰਾ ਵੱਲੋਂ ਨਿਊ ਖੇੜੀ ਦੀਆਂ ਨਵੀਆਂ ਗਲੀਆਂ ਦਾ ਉਦਘਾਟਨ

**ਪਟਿਆਲਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਦੇਣ ਦੇ ਉਦੇਸ਼ ਨਾਲ ਪਟਿਆਲਾ ਸ਼ਹਿਰੀ ਹਲਕੇ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਵੱਲੋਂ ਗ੍ਰਾਮ ਪੰਚਾਇਤ ਨਿਊ ਖੇੜੀ ਵਿੱਚ ਨਵੀਂ ਤਿਆਰ ਹੋਈਆਂ ਗਲੀਆਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਓਹਨਾ ਸਰਬਸਮਤੀ ਨਾਲ 5 ਲੱਖ ਰੁਪਏ ਵਿਕਾਸ ਕਾਰਜ ਲਈ ਲੋਕ ਅਰਪਿਤ ਕੀਤੇ।

ਇਹ ਵਿਕਾਸ ਕਾਰਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਸਹਿਯੋਗ ਨਾਲ ਸਫਲਤਾਪੂਰਵਕ ਪੂਰੇ ਕੀਤੇ ਗਏ ਹਨ, ਜਿਸ ਨਾਲ ਪਿੰਡ ਦੇ ਵਸਨੀਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਪ੍ਰਦਾਨ ਹੋਣਗੀਆਂ। ਅਜੀਤ ਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਵਿਕਾਸ ਕਾਰਜ ਜਾਰੀ ਰਹਿਣਗੇ ਤਾਂ ਜੋ ਲੋਕਾਂ ਨੂੰ ਸੁਵਿਧਾਵਾਂ ਵਿੱਚ ਕੋਈ ਕਮੀ ਨਾ ਆਵੇ। ਇਸ ਮੌਕੇ ਪਿੰਡ ਦੇ ਸਰਪੰਚ ਬਲਵਿੰਦਰਜੀਤ ਸਿੰਘ ਸੰਧੂ, ਬੀ.ਡੀ.ਪੀ.ਓ ਪਟਿਆਲਾ ਹਰਮਿੰਦਰ ਸਿੰਘ, ਜੇ.ਈ ਨਿਤਿਨ ਗੋਇਲ, ਪੰਚਾਇਤ ਸਕੱਤਰ ਗੁਰਦੀਪ ਸਿੰਘ ਧਾਲੀਵਾਲ, ਪੰਚ ਪਰਮਜੀਤ ਸਿੰਘ, ਜਸਵੰਤ ਸਿੰਘ, ਬਲਜੀਤ ਸਿੰਘ, ਇੰਦਰਜੀਤ ਸਿੰਘ, ਨੀਧੀ ਖੋਸਲਾ, ਜਸਲੀਨ ਕੌਰ, ਦਮਨਪ੍ਰੀਤ ਕੌਰ, ਸ਼ੀਨੂ ਗਰਗ, ਚੀਮਨਾ ਰਾਣੀ ਅਤੇ ਸਮੂਹ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਵਿਧਾਇਕ ਕੁਲਵੰਤ ਸਿੰਘ ਨੇ ਪੰਜਾਬ ਵਾਸੀਆਂ ਨੂੰ ਚੇਤ ਦੇ ਨਰਾਤਿਆਂ ਦੀਆਂ ਦਿੱਤੀਆਂ ਮੁਬਾਰਕਾਂ

**ਮੁਹਾਲੀ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



?ਮੋਹਾਲੀ ਤੋਂ ਵਿਧਾਇਕ ਸਰਦਾਰ ਕੁਲਵੰਤ ਸਿੰਘ ਨੇ ਅੱਜ ਚੇਤ ਦੇ ਨਰਾਤਿਆਂ ਦੇ ਪਵਿੱਤਰ ਤਿਉਹਾਰ ਦੇ ਸ਼ੁਭ ਮੌਕੇ 'ਤੇ ਸਮੂਹ ਪੰਜਾਬੀਆਂ ਅਤੇ ਦੇਸ਼-ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਹਾਰਦਿਕ ਵਧਾਈਆਂ ਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ।

?ਆਪਣੇ ਇੱਕ ਵਿਸ਼ੇਸ਼ ਸੰਦੇਸ਼ ਵਿੱਚ ਸਰਦਾਰ ਕੁਲਵੰਤ ਸਿੰਘ ਨੇ ਕਿਹਾ ਕਿ ਨਰਾਤਿਆਂ ਦਾ ਇਹ ਤਿਉਹਾਰ ਸਾਡੀ ਅਮੀਰ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਦਾ ਪ੍ਰਤੀਕ ਹੈ, ਜੋ ਸਾਨੂੰ ਬਦੀ ਉੱਤੇ ਨੇਕੀ ਦੀ ਜਿੱਤ ਅਤੇ ਮਾਤਰ-ਸ਼ਕਤੀ ਦੇ ਸਤਿਕਾਰ ਦਾ ਮਾਰਗ ਦਿਖਾਉਂਦਾ ਹੈ।

ਨਰਾਤਿਆਂ ਦੇ ਪਹਿਲੇ ਦਿਨ ਵਿਧਾਇਕ ਨੇ ਮਾਤਾ ਸ਼ੈਲਪੁੱਤਰੀ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਉਹ ਆਪਣੀ ਅਪਾਰ ਕਿਰਪਾ ਸਮੁੱਚੀ ਮਨੁੱਖਤਾ ਅਤੇ ਸੰਸਾਰ ਭਰ ਵਿੱਚ ਬਣਾਈ ਰੱਖਣ। ਉਨ੍ਹਾਂ ਅਰਦਾਸ ਕੀਤੀ ਕਿ ਇਹ ਨਰਾਤੇ ਹਰ ਘਰ ਵਿੱਚ ਖੁਸ਼ਹਾਲੀ, ਸ਼ਾਂਤੀ ਅਤੇ ਚੜ੍ਹਦੀ ਕਲਾ ਲੈ ਕੇ ਆਉਣ। ਉਨ੍ਹਾਂ ਸਮੂਹ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਦਿਹਾੜੇ ਨੂੰ ਆਪਸੀ ਪ੍ਰੇਮ, ਸਦਭਾਵਨਾ ਅਤੇ ਭਾਈਚਾਰਕ ਸਾਂਝ ਨਾਲ ਮਨਾਉਣ।

?ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਪੰਜਾਬ ਦੀ ਧਰਤੀ ਹਮੇਸ਼ਾ ਹਰੀ-ਭਰੀ ਰਹੇ ਅਤੇ ਸੂਬੇ ਦੇ ਲੋਕ ਤੰਦਰੁਸਤ ਅਤੇ ਖੁਸ਼ਹਾਲ ਜੀਵਨ ਬਤੀਤ ਕਰਨ।

# ਬੀ.ਕਾਮ.ਛੇਵੇਂ ਸਮੈਸਟਰ ਦੇ ਐਲਾਨੇ ਨਤੀਜੇ ਵਿੱਚ ਸਰਕਾਰੀ ਕਾਲਜ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ




**ਮਾਛੀਵਾੜਾ ਸਾਹਿਬ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਘੋਸ਼ਿਤ ਬੀ.ਕਾਮ.ਸਮੈਸਟਰ ਪੰਜਵਾਂ ਦੇ ਨਤੀਜਿਆਂ ਵਿੱਚ ਸਥਾਨਕ ਸਰਕਾਰੀ ਕਾਲਜ ਮਾਛੀਵਾੜਾ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਨੰਦਿਨੀ ਵੈਦ ਅਤੇ ਕਾਮਰਸ ਵਿਭਾਗ ਦੇ ਮੁੱਖੀ ਪ੍ਰੋ.ਅਜੈ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਵੱਲੋਂ ਲਈਆਂ ਗਈਆਂ ਸਮੈਸਟਰ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਨੇ ਸ਼ਾਨਦਾਨ ਪ੍ਰਦਰਸ਼ਨ ਕਰਦੇ ਹੋਏ ਇੱਕ ਵਾਰ ਫਿਰ ਆਪਣੇ ਨਾਲ ਕਾਲਜ ਦਾ ਨਾਂ ਰੋਸ਼ਨ ਕੀਤਾ ਹੈ।

ਬੀ.ਕਾਮ. ਸਮੈਸਟਰ ਪੰਜਵਾਂ ਦੀ ਵਿਦਿਆਰਥਣ ਅਰਪੀਤਾ ਤੇ ਸੌਮਿਆ ਨੇ 481/600(80%)ਅੰਕ ਲੈ ਕੇ ਪਹਿਲਾ ਸਥਾਨ,ਮੁਸਕਾਨ ਨੇ 478/600(79.67%)ਅੰਕ ਲੈ ਕੇ ਦੂਜਾ, ਸਿਮਰਨਦੀਪ ਕੌਰ ਨੇ 474/600(79%)ਅੰਕ ਲੈ ਕੇ ਤੀਜਾ ,ਕਨਿਕਾ ਨੇ466/600 (77.66% ) ਅੰਕ ਲੈ ਕੇ ਚੌਥਾ, ਹਰਜੋਤ ਕੌਰ ਨੇ 464 /600 (77.64%) ਅੰਕ ਲੈ ਕੇ ਪੰਜਵਾਂ ਸਥਾਨ ਹਾਸਲ ਕੀਤਾ।ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ ਪਰਦੀਪ ਸਿੰਘ ਨੇ ਸਮੁੱਚੇ ਕਾਮਰਸ ਵਿਭਾਗ ਨੂੰ ਵਧਾਈ ਦਿੱਤੀ ਤੇ ਇਹਨਾਂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਜੀਵਨ ਵਿੱਚ ਅੱਗੇ ਚੰਗੀਆਂ ਪ੍ਰਾਪਤੀਆਂ ਲਈ ਕਾਮਨਾ ਕੀਤੀ। ਵਿਭਾਗ ਮੁੱਖੀ ਪ੍ਰੋਫੈਸਰ ਅਜੈ ਕੁਮਾਰ ਵੱਲੋਂ ਵੀ ਵਿਦਿਆਰਥੀਆਂ ਨੂੰ ਜੀਵਨ ਵਿੱਚ ਅੱਗੇ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਹਨਾਂ ਇਸ ਨਤੀਜੇ ਲਈ ਕਾਲਜ ਸਟਾਫ ਵਿਦਿਆਰਥੀਆਂ ਤੇ ਉਨਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਚੰਗੇ ਭਵਿੱਖ ਦੀ ਕਾਮਨਾ ਕੀਤੀ।ਇਸ ਮੌਕੇ ਵਾਈਸ ਪ੍ਰਿੰਸੀਪਲ ਪ੍ਰੋ. ਪ੍ਰਦੀਪ ਸਿੰਘ, ਪ੍ਰੋ. ਕਮਲਜੀਤ ਕੌਰ ਬਾਂਗਾ, ਪ੍ਰੋ. ਅਮਰੀਸ਼ ਖੁੱਲਰ, ਪ੍ਰੋ ਚੰਦਨ ਕੁਮਾਰ , ਪ੍ਰੋ. ਰਾਜ ਕੁਮਾਰ, ਪ੍ਰੋ. ਸੁਨੀਲ ਨਾਗਪਾਲ, ਰਿਸੋਰਸ ਪਰਸਨ ਜਸਕਿਰਨ ਕੌਰ , ਗਗਨਦੀਪ ਕੌਰ, ਕੁਨੀਕਾ ਰਾਣੀ ਵੀ ਹਾਜ਼ਰ ਸਨ।

# ਸਰਕਾਰ ਬੇਅਦਬੀਆਂ ਖਿਲਾਫ ਸਖਤ ਕਾਨੂੰਨ ਬਣਾਉਣ 'ਚ ਨਾਕਾਮਯਾਬ : ਹਾਜੀ ਬਿੱਟੂ ਚੌਹਾਨ



**ਮਲੇਰਕੋਟਲਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬੇਅਦਬੀਆਂ ਖਿਲਾਫ ਸਖਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਭਾਈ ਗੁਰਜੀਤ ਸਿੰਘ ਖਾਲਸਾ ਪਿਛਲੇ 17 ਮਹੀਨਿਆਂ ਤੋਂ ਟਾਵਰ 'ਤੇ ਬੈਠ ਕੇ ਸੰਘਰਸ਼ ਕਰ ਰਹੇ ਹਨ, ਪਰ ਮਾਨ ਸਰਕਾਰ ਵੱਲੋਂ ਆਪਣੇ ਬੱਜਟ ਸੈਸ਼ਨ ਦੌਰਾਨ ਬੇਅਦਬੀਆਂ ਦੇ ਮੁੱਦੇ ਨੂੰ ਲੈ ਕੇ ਧਾਰੀ ਹੋਈ ਚੁੱਪੀ ਕਈ ਸਵਾਲ ਖੜੇ ਕਰਦੀ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਹਾਜੀ ਬਿੱਟੂ ਚੌਹਾਨ ਮਾਲੇਰਕੋਟਲਾ ਨੇ ਕੀਤਾ ਕਿ ਆਏ ਦਿਨ ਬੇਅਦਬੀਆਂ ਦੇ ਮਾਮਲੇ ਵਧ ਰਹੇ ਹਨ, ਜੋ ਬੇਅਦਬੀਆਂ ਖਿਲਾਫ਼ ਸਖਤ ਕਾਨੂੰਨ ਦੀ ਵਿਵਸਥਾ ਨਾ ਹੋਣ ਦਾ ਨਤੀਜਾ ਹਨ, ਜਦਕਿ ਬੇਅਦਬੀ ਖਿਲਾਫ ਬਿੱਲ ਸਬੰਧੀ ਸਿਲੈਕਟ ਕਮੇਟੀ ਨੇ ਵੀ ਚੁੱਪੀ ਧਾਰੀ ਹੈ।

ਉਨ੍ਹਾਂ ਨੂੰ ਕਿਹਾ ਕਿ ਬੇਅਦਬੀਆਂ ਖਿਲਾਫ ਸਖਤ ਕਾਨੂੰਨ ਅਮਲ ਵਿੱਚ ਲਿਆਂਦਾ ਜਾਵੇ ਤਾਂ ਕਿ ਕਦੇ ਵੀ ਕੋਈ ਵੀ ਵੱਖ-ਵੱਖ ਧਰਮਾਂ ਦੇ ਪਵਿੱਤਰ ਗ੍ਰੰਥਾਂ ਦਾ ਅਪਮਾਨ ਨਾ ਕਰ ਸਕੇ ਅਤੇ ਅਜਿਹਾ ਕਰਨ ਬਾਰੇ ਸੋਚ ਵੀ ਨਾ ਸਕੇ।

# ਸੂਫ਼ੀ ਸੰਗੀਤ ਅਤੇ ਪਟਿਆਲਾ ਘਰਾਣੇ ਨੂੰ ਸਾਂਭਣ ਵਾਲਾ ਸਨੀ ਹੰਸ

**ਪਟਿਆਲਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੀ ਧਰਤੀ ਸੱਭਿਆਚਾਰਕ ਵਿਰਾਸਤ ਵਜੋਂ ਜਾਣੀ ਜਾਂਦੀ ਹੈ। ਅਤੇ ਇਸ ਧਰਤੀ ਤੇ ਅਨੇਕਾਂ ਕਈ ਕਲਾਕਾਰ ਪੈਦਾ ਹੋਏ,ਜਿਨਾਂ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਆਪਣਾ ਚੰਗਾ ਨਾਮਣਾ ਖੱਟਿਆ ਹੈ। ਭਾਵੇਂ ਉਹ ਖੇਤਰ ਕਿਸੇ ਗੀਤ ਦਾ ਹੋਵੇ, ਸੰਗੀਤ ਦਾ ਹੋਵੇ, ਨਾਟਕ ਦਾ ਹੋਵੇ, ਫਿਲਮਾਂ ਦਾ ਹੋਵੇ ਜਾਂ ਹੋਰ ਕੋਈ ਕੋਮਲ ਕਲਾਵਾਂ ਹੋਣ ।ਜਿਨਾਂ ਦੀ ਅਕਸਰ ਚਰਚਾ ਹੁੰਦੀ ਹੈ ਪਰ ਇਥੇ ਇਸ ਗੱਲ ਦਾ ਜ਼ਿਕਰ ਕਰਨਾ ਬਹੁਤ ਜਰੂਰੀ ਬਣਦਾ ਹੈ ਕਿ ਪਟਿਆਲਾ ਦੀ ਇਸ ਧਰਤੀ ਦੇ ਵਿੱਚ ਉੱਤਰ ਖੇਤਰੀ ਸਭਿਆਚਾਰ ਕੇਂਦਰ ਦੇ ਵਿੱਚ ਕੰਮ ਕਰ ਰਹੇ ਰਘਵੀਰ ਸਿੰਘ ਉਰਫ ਸਨੀ ਹੰਸ ਇੱਕ ਅਜਿਹਾ ਕਲਾਕਾਰ ਹੈ ਜਿਸ ਨੇ ਪਟਿਆਲਾ ਕਰਾਣਾ ਅਤੇ ਸੂਫੀ ਗਾਇਕੀ ਨਾਲ ਸੰਗੀਤ ਦੇ ਖੇਤਰ ਵਿੱਚ ਆਪਣੀ ਉਹ ਥਾਂ ਬਣਾਈ ਹੈ ਜਿਸ ਦੀ ਜਿੰਨੀ ਚਰਚਾ ਕੀਤੀ ਜਾਵੇ ਉਨੀ ਥੋੜੀ ਹੈ ਸੱਭਿਆਚਾਰਕ ਮੇਲਿਆਂ ਦੀ ਸ਼ਾਨ ਤੇ ਧਾਰਮਿਕ ਸਮਾਗਮਾਂ ਵਿੱਚ ਲਗਾਤਾਰ ਕਾਰਜਸ਼ੀਲ ਰਹਿਣ ਵਾਲਾ ਸਨੀ ਹੰਸ ਐਮਏ ਦਾ ਸੰਗੀਤ ਦੇ ਵਿੱਚ ਵਿਦਿਆ ਹਾਸਿਲ ਕੀਤੀ ਅਤੇ ਉਸ ਤੋਂ ਮਗਰੋਂ ਸਮੇਂ-ਸਮੇਂ ਸਿਰ ਜਿੱਥੇ ਉਹ ਬਾਲ ਕਲਾਕਾਰਾਂ ਅਤੇ ਦੂਜੇ ਸੰਗੀਤ ਪ੍ਰੇਮੀਆਂ ਨੂੰ ਸਿੱਖਿਆ ਦੇ ਰਿਹਾ ਹੈ ਉਥੇ ਨਾਲ ਹੀ ਉਹ ਆਪਣੀ ਗਾਇਕੀ ਨਾਲ ਲੋਕਾਂ ਨੂੰ ਅਜਿਹਾ ਕੀਲ ਕੇ ਰੱਖ ਦਿੰਦਾ ਹੈ ਕਿ ਲੋਕ ਵਾਰ ਵਾਰ ਉਸ ਦੀ ਗਾਇਕੀ ਤੇ ਸੰਗੀਤ ਦੇ ਕਾਇਲ ਹੋ ਜਾਂਦੇ ਹਨ ਪਿਛਲੇ ਦਿਨੀ ਪਟਿਆਲੇ ਦੇ ਸ਼ੀਸ਼ ਮਹਿਲ ਚ ਲੱਗੇ ਕਰਾਫਟ ਮੇਲੇ ਦੌਰਾਨ ਵੀ ਉਸ ਨੇ ਆਪਣੀ ਕਲਾ ਦੇ ਜੌਹਰ ਦਿਖਾਏ ਇਸੇ ਕਰਕੇ ਉਸ ਨੂੰ ਹੁਣ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਬੁਲਾਇਆ ਜਾਣ ਲੱਗ ਪਿਆ ਅਤੇ ਸਨੀ ਹੰਸ ਆਪਣੇ ਉਸਤਾਦ ਹੰਸ ਰਾਜ ਹੰਸ ਨੂੰ ਪੂਰੀ ਤਰ੍ਹਾਂ ਨਾਲ ਸਮਰਪਿਤ ਉਹਨਾਂ ਦੇ ਨਕਸ਼ੇ ਕਦਮ ਤੇ ਚੱਲਦੇ ਹੋਏ ਹੀ ਉਹ ਉਹਨਾਂ ਦੇ ਆਸ਼ੀਰਵਾਦ ਨਾਲ ਕਈ ਵੱਡੇ ਵੱਡੇ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰ ਚੁੱਕਿਆ ਹੈ।

ਗੁਲਾਮ ਅਲੀ ਖਾਂ ਗਾਇਕੀ ਤੋਂ ਪ੍ਰਭਾਵਿਤ ਸਨੀ ਹੰਸ ਨੇ ਉਸਤਾਦ ਗਾਇਕ ਪੂਰਨ ਸ਼ਾਹ ਕੋਟੀ ਤੋਂ ਵੀ ਸੰਗੀਤ ਦੀ ਤਾਲੀਮ ਹਾਸਲ ਕੀਤੀ। ਮੇਰਾ ਪਟਿਆਲਾ ਮੇਰਾ ਮਾਣ ਨਾਲ ਸਨਮਾਨਿਤ ਐਵਾਰਡ ਹਾਸਲ ਕਰਨ ਵੇਲੇ ਸੈਂਟਰਲ ਸਟੇਟ ਲਾਇਬ੍ਰੇਰੀ ਵਿੱਚ ਆਪਣੀ ਸੂਫ਼ੀ ਸੰਗੀਤ ਅਤੇ ਗੀਤਾਂ ਦਾ ਅਜਿਹਾ ਕ੍ਰਿਸ਼ਮਾ ਕਰ ਵਿਖਾਇਆ ਕਿ ਸੰਗੀਤ ਪ੍ਰੇਮੀਆਂ ਨੂੰ ਝੂਮਣ ਲਾ ਦਿੱਤਾ। ਸਨੀ ਹੰਸ ਕੋਲ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਆਪਣੇ ਨਰੋਏ ਅਤੇ ਸਫ਼ਰ ਸੁਥਰੇ ਗੀਤਾਂ ਦਾ ਚੰਗਾ ਭੰਡਾਰ ਹੈ। ਜਿਸ ਕਾਰਨ ਸਰੋਤੇ ਕਦੇ ਵੀ ਨਿਰਾਸ਼ ਨਹੀਂ ਹੁੰਦੇ। ਸਗੋਂ ਸਰੋਤਿਆਂ ਦੀ ਫਰਮਾਇਸ਼ ਤੇ ਲਗਾਤਾਰ ਆਪਣੀ ਅਦਾਕਾਰੀ ਅਤੇ ਸੂਫਿਆਨਾ ਗਾਇਕੀ ਦੇ ਰੰਗ ਬਿਖੇਰਦਾ ਹੈ।

# ਚੇਤ ਦੇ ਪਹਿਲੇ ਨਰਾਤੇ ਮੌਕੇ ਰਾਣਾ ਗੁਰਜੀਤ ਸਿੰਘ ਵੱਲੋਂ ਦੇਸ਼ ਵਾਸੀਆਂ ਨੂੰ ਵਧਾਈਆਂ

**ਕਪੂਰਥਲਾ,25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਕਪੂਰਥਲਾ ਤੋਂ ਕਾਂਗਰਸ ਵਿਧਾਇਕ ਸ੍ਰੀ ਰਾਣਾ ਗੁਰਜੀਤ ਸਿੰਘ ਨੇ ਚੇਤ ਦੇ ਪਹਿਲੇ ਨਰਾਤੇ ਦੇ ਪਵਿੱਤਰ ਅਵਸਰ 'ਤੇ ਦੇਸ਼ ਵਾਸੀਆਂ ਨੂੰ ਵਧਾਈਆ ਅਤੇ ਹਾਰਦਿਕ ਸ਼ੁਭ ਕਾਮਨਾਵਾਂ ਦਿੱਤੀਆਂ ਹਨ। ਰਾਣਾ ਗੁਰਜੀਤ ਸਿੰਘ ਨੇ ਆਪਣੇ ਸੰਦੇਸ਼ ਵਿੱਚ ਇਸ ਪਵਿੱਤਰ ਤਿਉਹਾਰ ਦੀ ਮਹੱਤਤਾ ਬਾਰੇ ਕਿਹਾ ਕਿ ਨਰਾਤੇ ਸਾਡੇ ਸੰਸਕਾਰਾਂ, ਆਸਥਾ ਅਤੇ ਆਤਮਿਕ ਸ਼ਕਤੀ ਦਾ ਪ੍ਰਤੀਕ ਹਨ, ਜੋ ਮਨੁੱਖ ਨੂੰ ਸਚਾਈ ਅਤੇ ਨੇਕੀ ਦੇ ਰਾਹ 'ਤੇ ਤੁਰਨ ਲਈ ਪ੍ਰੇਰਿਤ ਕਰਦੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਚੇਤ ਦੇ ਨਰਾਤੇ ਸਾਡੇ ਜੀਵਨ ਵਿੱਚ ਨਵੀਂ ਊਰਜਾ, ਆਤਮਿਕ ਸ਼ਾਂਤੀ ਅਤੇ ਖੁਸ਼ਹਾਲੀ ਲਿਆਉਂਦੇ ਹਨ। ਇਹ ਦਿਨ ਸਾਨੂੰ ਮਾਤਾ ਰਾਣੀ ਦੀ ਭਗਤੀ ਵਿੱਚ ਲੀਨ ਹੋ ਕੇ ਆਪਣੇ ਅੰਦਰਲੀ ਸ਼ਕਤੀ ਨੂੰ ਜਾਗਰੂਕ ਕਰਨ ਦਾ ਸੁਨੇਹਾ ਦਿੰਦੇ ਹਨ।

ਸ੍ਰੀ ਰਾਣਾ ਗੁਰਜੀਤ ਸਿੰਘ ਨੇ ਅਰਦਾਸ ਕੀਤੀ ਕਿ ਮਾਤਾ ਸ਼ੈਲਪੁੱਤਰੀ ਜੀ ਆਪਣੀ ਅਸੀਮ ਕਿਰਪਾ ਸਾਰਿਆਂ 'ਤੇ ਬਣਾਈ ਰੱਖਣ ਅਤੇ ਹਰ ਘਰ ਵਿੱਚ ਸੁੱਖ-ਸ਼ਾਂਤੀ, ਚੜ੍ਹਦੀ ਕਲਾ ਅਤੇ ਖੁਸ਼ਹਾਲੀ ਦਾ ਵਾਸ ਹੋਵੇ। ਉਨ੍ਹਾਂ ਕਿਹਾ ਕਿ ਇਹ ਪਵਿੱਤਰ ਦਿਨ ਸਾਨੂੰ ਆਪਸੀ ਭਾਈਚਾਰੇ, ਸਾਂਝ ਅਤੇ ਪ੍ਰੇਮ ਦੇ ਸੰਦੇਸ਼ ਨੂੰ ਮਜ਼ਬੂਤ ਕਰਨ ਦਾ ਮੌਕਾ ਦਿੰਦੇ ਹਨ। ਉਨ੍ਹਾਂ ਨੇ ਸਭ ਨੂੰ ਅਪੀਲ ਕੀਤੀ ਕਿ ਇਸ ਪਵਿੱਤਰ ਮੌਕੇ 'ਤੇ ਮਨੁੱਖਤਾ ਦੀ ਭਲਾਈ, ਸਹਿਯੋਗ ਅਤੇ ਸਮਾਜਿਕ ਸਦਭਾਵਨਾ ਨੂੰ ਵਧਾਵਾਂ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿਣ।

# ਐਗਜ਼ਿਮ ਬੈਂਕ ਪਟਿਆਲਾ ਹੈਂਡੀਕ੍ਰਾਫਟ ਸੋਸਾਇਟੀ ਵੱਲੋਂ ਓਡੀਓਪੀ ਪਹਿਲਕਦਮੀ ਰਾਹੀਂ ਫੁਲਕਾਰੀ ਸ਼ਿਲਪਕਾਰੀ ਨੂੰ ਉਤਸ਼ਾਹਿਤ

**ਪਟਿਆਲਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਕ ਜ਼ਿਲ੍ਹਾ ਇੱਕ ਉਤਪਾਦ ਪਹਿਲਕਦਮੀ ਪਟਿਆਲਾ, ਪੰਜਾਬ ਦੇ ਪਿੰਡ ਥੂਹਾ ਵਿਖੇ ਫੁਲਕਾਰੀ ਕਲੱਸਟਰ ਨੂੰ ਮਜ਼ਬੂਤ ਕਰਦੀ ਹੈ - ਇੱਕ ਜ਼ਿਲ੍ਹਾ ਇੱਕ ਉਤਪਾਦ ਪਹਿਲਕਦਮੀ ਦੇ ਤਹਿਤ, ਪਟਿਆਲਾ ਦੇ ਪਿੰਡ ਥੂਹਾ ਵਿੱਚ ਫੁਲਕਾਰੀ ਕਲੱਸਟਰ ਵਿਖੇ ਫੁਲਕਾਰੀ ਕਢਾਈ ਦੀ ਰਵਾਇਤੀ ਸ਼ਿਲਪਕਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ। ਇਹ ਪ੍ਰੋਗਰਾਮ ਐਕਸਪੋਰਟ-ਇੰਪੋਰਟ ਬੈਂਕ ਆਫ਼ ਇੰਡੀਆ ਦੇ ਕੀਮਤੀ ਸਮਰਥਨ ਨਾਲ ਲਾਗੂ ਕੀਤਾ ਜਾ ਰਿਹਾ ਹੈ, ਜਿਸਦਾ ਉਦੇਸ਼ ਪੇਂਡੂ ਕਾਰੀਗਰਾਂ ਨੂੰ ਮਜ਼ਬੂਤ ਕਰਨਾ ਅਤੇ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣਾ ਹੈ। ਫੁਲਕਾਰੀ ਕਲੱਸਟਰ ਨੂੰ ਪਟਿਆਲਾ ਹੈਂਡੀਕ੍ਰਾਫਟ ਲਿਮਟਿਡ ਦੁਆਰਾ ਵਿਕਸਤ ਅਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਜੋ ਕਿ ਕਈ ਸਾਲਾਂ ਤੋਂ ਪੇਂਡੂ ਮਹਿਲਾ ਕਾਰੀਗਰਾਂ ਦੇ ਸਸ਼ਕਤੀਕਰਨ ਲਈ ਕੰਮ ਕਰ ਰਹੀ ਹੈ। ਇਸ ਪਹਿਲਕਦਮੀ ਰਾਹੀਂ, ਕਾਰੀਗਰ ਸਿਖਲਾਈ, ਡਿਜ਼ਾਈਨ ਵਿਕਾਸ ਸਹਾਇਤਾ, ਆਧੁਨਿਕ ਔਜ਼ਾਰ ਅਤੇ ਮਾਰਕੀਟ ਲਿੰਕੇਜ ਦੇ ਮੌਕੇ ਪ੍ਰਾਪਤ ਕਰ ਰਹੇ ਹਨ। ਇਹ ਪ੍ਰੋਜੈਕਟ ਮਹਿਲਾ ਕਾਰੀਗਰਾਂ ਦੇ ਹੁਨਰ ਨੂੰ ਵਧਾਉਣ, ਉਤਪਾਦ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਫੁਲਕਾਰੀ ਉਤਪਾਦਾਂ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਬਾਜ਼ਾਰ ਪਹੁੰਚ ਨੂੰ ਵਧਾਉਣ 'ਤੇ ਕੇਂਦ੍ਰਿਤ ਹੈ। ਐਗਜ਼ਿਮ ਬੈਂਕ ਦੇ ਸਹਿਯੋਗ ਨਾਲ, ਕਲੱਸਟਰ ਪੇਂਡੂ ਕਾਰੀਗਰਾਂ ਲਈ ਟਿਕਾਊ ਰੋਜ਼ੀ-ਰੋਟੀ ਨੂੰ ਯਕੀਨੀ ਬਣਾਉਣ ਲਈ ਸਿਖਲਾਈ ਸਹੂਲਤਾਂ, ਡਿਜ਼ਾਈਨ ਸਹਾਇਤਾ ਪ੍ਰਣਾਲੀਆਂ ਅਤੇ ਮਾਰਕੀਟਿੰਗ ਪਹਿਲਕਦਮੀਆਂ ਵਰਗੇ ਬੁਨਿਆਦੀ ਢਾਂਚੇ ਦਾ ਵਿਕਾਸ ਵੀ ਕਰ ਰਿਹਾ ਹੈ। ਇਸ ਮੌਕੇ ਬੋਲਦਿਆਂ, ਫੁਲਕਾਰੀ ਵਿੱਚ ਰਾਸ਼ਟਰੀ ਪੁਰਸਕਾਰ ਜੇਤੂ ਅਤੇ ਪਟਿਆਲਾ ਹੈਂਡੀਕ੍ਰਾਫਟ ਡਬਲਯੂਸੀ ਆਈਐਸ ਲਿਮਟਿਡ ਦੀ ਸੰਸਥਾਪਕ ਰੇਖਾ ਮਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਪਹਿਲਕਦਮੀ ਨਾ ਸਿਰਫ਼ ਰਵਾਇਤੀ ਸ਼ਿਲਪਕਾਰੀ ਨੂੰ ਸੁਰੱਖਿਅਤ ਰੱਖੇਗੀ ਬਲਕਿ ਪੇਂਡੂ ਖੇਤਰਾਂ ਵਿੱਚ ਔਰਤਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਕਰੇਗੀ। ਥੂਹਾ ਵਿਖੇ ਓਡੀਓਪੀ-ਸਮਰਥਿਤ ਫੁਲਕਾਰੀ ਕਲੱਸਟਰ ਤੋਂ ਕਾਰੀਗਰ-ਅਗਵਾਈ ਵਾਲੇ ਵਿਕਾਸ ਲਈ ਇੱਕ ਮਜ਼ਬੂਤ ਮਾਡਲ ਬਣਨ ਦੀ ਉਮੀਦ ਹੈ, ਜੋ ਪੇਂਡੂ ਔਰਤਾਂ ਦੀ ਆਰਥਿਕ ਸੁਤੰਤਰਤਾ ਨੂੰ ਮਜ਼ਬੂਤ ਕਰਦੇ ਹੋਏ ਰਵਾਇਤੀ ਕਢਾਈ ਕਲਾ ਨੂੰ ਵਿਸ਼ਾਲ ਬਾਜ਼ਾਰਾਂ ਤੱਕ ਪਹੁੰਚਣ ਵਿੱਚ ਮਦਦ ਕਰੇਗਾ। ਇਸ ਵਰਕ ਸ਼ਾਪ ਵਿੱਚ ਫੁਲਕਾਰੀ ਦੇ ਖੇਤਰ ਵਿੱਚ ਸਭ ਤੋਂ ਵਧੀਆ ਕੰਮ ਲਈ ਦਸ ਮਾਸਟਰ ਕਾਰੀਗਰ ਔਰਤਾਂ (ਫੁਲਕਾਰੀ) ਨੂੰ ਸਨਮਾਨਿਤ ਕੀਤਾ ਗਿਆ.ਐਕਸਿਮ ਬੈਂਕ ਆਫ਼ ਇੰਡੀਆ, ਮੁੰਬਈ ਦੇ ਸਹਿਯੋਗ ਨਾਲ ਇੱਕ ਜ਼ਿਲ੍ਹਾ ਇੱਕ ਉਤਪਾਦ (ਓਡੀਓਪੀ) ਪਹਿਲਕਦਮੀ। ਇਹ ਵਰਕਸ਼ਾਪ ਸ਼੍ਰੀਮਤੀ ਰੇਖਾ ਮਾਨ (ਰਾਸ਼ਟਰੀ ਪੁਰਸਕਾਰ ਜੇਤੂ), ਪ੍ਰਧਾਨ, ਦ ਪਟਿਆਲਾ ਹੈਂਡੀਕ੍ਰਾਫਟ ਡਬਲਯੂਸੀਆਈਐਸ ਲਿਮਟਿਡ ਦੁਆਰਾ ਆਯੋਜਿਤ ਕੀਤੀ ਗਈ ਸੀ, ਜਿਸਦਾ ਉਦੇਸ਼ ਫੁਲਕਾਰੀ ਦੇ ਰਵਾਇਤੀ ਸ਼ਿਲਪਕਾਰੀ ਨੂੰ ਉਤਸ਼ਾਹਿਤ ਕਰਨਾ ਅਤੇ ਮਜ਼ਬੂਤ ਕਰਨਾ ਅਤੇ ਹੁਨਰ ਵਧਾਉਣ ਅਤੇ ਬਾਜ਼ਾਰ ਦੇ ਮੌਕਿਆਂ ਰਾਹੀਂ ਕਾਰੀਗਰਾਂ ਦਾ ਸਮਰਥਨ ਕਰਨਾ ਸੀ।

ਇਸ ਵਰਕਸ਼ਾਪ ਵਿੱਚ ਸ਼੍ਰੀ ਵੀਰੇਂਦਰ ਮੋਂਗੀਆ, ਏਜੀਐਮ, ਐਕਸਿਮ ਬੈਂਕ ਆਫ ਇੰਡੀਆ, ਚੰਡੀਗੜ੍ਹ, ਡਾ. ਸ਼ਿਵਕ ਕੁਮਾਰ, ਡਾਇਰੈਕਟਰ, ਕੇਵੀਆਈਸੀ, ਚੰਡੀਗੜ੍ਹ, ਐਚਸੀਐਸਐਸਸੀ, ਸ਼੍ਰੀ ਅਰਸ਼ਜੀਤ ਸਿੰਘ, ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ (ਡੀਆਈਸੀ), ਪਟਿਆਲਾ,ਸ਼੍ਰੀ ਕੌਸ਼ਲ ਗਿਰੀ,ਮੁੱਖ ਮੈਨੇਜਰ, ਐਕਸਿਮ ਬੈਂਕ ਆਫ ਇੰਡੀਆ, ਮੁੰਬਈ, ਸ਼੍ਰੀ ਤੇਜਸਵੀ ਸਵਾਮੀਨਾਧ ਕਰੇ, ਡੀਐਮ, ਐਕਸਿਮ ਬੈਂਕ ਆਫ ਇੰਡੀਆ, ਮੁੰਬਈ, ਸ਼੍ਰੀ ਰਾਘਵ ਗੁਪਤਾ, ਮੈਨੇਜਰ (ਐਲਪੀਜੀ ਸੇਲਜ਼) ਇੰਡੀਅਨ ਆਇਲ ਕਾਰਪੋਰੇਸ਼ਨ, ਪਟਿਆਲਾ ਸ਼੍ਰੀ ਦਵਿੰਦਰਪਾਲ ਸਿੰਘ ਅਤੇ ਸ਼੍ਰੀ ਰਾਕੇਸ਼ ਠਾਕੁਰ, ਡਾਇਰੈਕਟਰ, ਟੀਪੀਐਚਐਲ ਦੇ ਨਾਲ ਸਥਾਨਕ ਕਾਰੀਗਰਾਂ ਅਤੇ ਫੁਲਕਾਰੀ ਸ਼ਿਲਪ ਨਾਲ ਜੁੜੇ ਸਵੈ-ਸਹਾਇਤਾ ਸਮੂਹਾਂ ਦੇ ਮੈਂਬਰਾਂ ਨੇ ਭਾਗ ਲਿਆ।

# 98 ਸਾਲਾ ਬਜ਼ੁਰਗ ਔਰਤ ਨੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕੈਂਸਰ ਦਾ ਨਕਦ ਰਹਿਤ ਇਲਾਜ ਕਰਵਾਇਆ; ਪੰਜਾਬ ਸਰਕਾਰ ਨੇ ਲੋਕ-ਪੱਖੀ ਸਿਹਤ ਮਾਡਲ ਪ੍ਰਤੀ ਵਚਨਬੱਧਤਾ ਦਾ ਪ੍ਰਤੱਖ ਪ੍ਰਮਾਣ ਕੀਤਾ ਪੇਸ਼

## ਮੁੱਖ ਮੰਤਰੀ ਸਿਹਤ ਯੋਜਨਾ ਨੇ ਬਜ਼ੁਰਗਾਂ ਲਈ ਵਿੱਤੀ ਬੋਝ ਤੋਂ ਬਿਨਾਂ ਸਨਮਾਨਜਨਕ ਅਤੇ ਨਕਦੀ ਰਹਿਤ ਸਿਹਤ ਸੇਵਾਵਾਂ ਯਕੀਨੀ ਬਣਾਈਆਂ : ਡਾ. ਬਲਬੀਰ ਸਿੰਘ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਆਰੀ ਅਤੇ ਸਨਮਾਨਜਨਕ ਸਿਹਤ ਸੇਵਾਵਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਸੂਬੇ ਦੇ ਲੋੜਵੰਦ ਨਾਗਰਿਕਾਂ ਨੂੰ ਵੀ ਬਿਨਾਂ ਕਿਸੇ ਵਿੱਤੀ ਬੋਝ ਦੇ ਸਮੇਂ ਸਿਰ ਡਾਕਟਰੀ ਇਲਾਜ ਮਿਲ ਸਕੇ। ਇਸੇ ਤਹਿਤ ਮੋਗਾ ਦੀ ਇੱਕ 98 ਸਾਲਾ ਬਜ਼ੁਰਗ ਔਰਤ ਨੇ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਕੈਂਸਰ ਦਾ ਨਕਦੀ ਰਹਿਤ ਇਲਾਜ ਕਰਵਾ ਕੇ ਲਾਭ ਪ੍ਰਾਪਤ ਕੀਤਾ ਹੈ।

ਇਸ ਯੋਜਨਾ ਦੇ ਸਭ ਤੋਂ ਬਜ਼ੁਰਗ ਲਾਭਪਾਤਰੀਆਂ ਵਿੱਚੋਂ ਇੱਕ, ਮੁਖਤਿਆਰ ਕੌਰ ਦਾ ਸਿਹਤ ਕਾਰਡ ਰਾਹੀਂ ਕੀਮੋਥੈਰੇਪੀ ਨਾਲ ਸਬੰਧਤ ਵਿਸ਼ੇਸ਼ ਇਲਾਜ ਪੂਰੀ ਤਰ੍ਹਾਂ ਮੁਫ਼ਤ ਕੀਤਾ ਗਿਆ। ਉਮਰ ਦੇ ਇਸ ਪੜਾਅ 'ਤੇ ਜਿੱਥੇ ਲਗਾਤਾਰ ਡਾਕਟਰੀ ਸਹਾਇਤਾ ਦੀ ਬਹੁਤ ਲੋੜ ਹੁੰਦੀ ਹੈ, ਉੱਥੇ ਨਕਦ-ਰਹਿਤ ਇਲਾਜ ਦੀ ਸਹੂਲਤ ਨੇ ਇਹ ਯਕੀਨੀ ਬਣਾਇਆ ਕਿ ਵਿੱਤੀ ਤੰਗੀਆਂ-ਤੁਰਸ਼ੀਆਂ ਕਾਰਨ ਕੋਈ ਵੀ ਮਰੀਜ਼ ਲੋੜੀਂਦੇ ਡਾਕਟਰੀ ਇਲਾਜ ਤੋਂ ਵਾਂਝਾ ਨਾ ਰਹੇ।




ਇਸ ਇਲਾਜ ਵਿੱਚ ਕੀਮੋਥੈਰੇਪੀ ਪ੍ਰਣਾਲੀ ਦੇ ਹਿੱਸੇ ਵਜੋਂ ਉੱਨਤ ਦਵਾਈਆਂ ਅਤੇ ਸਹਾਇਕ ਥੈਰੇਪੀ ਸ਼ਾਮਲ ਹੈ, ਜਿਸ ਲਈ ਨਿਰੰਤਰ ਨਿਗਰਾਨੀ ਅਤੇ ਸਮੇਂ ਸਿਰ ਡਾਕਟਰੀ ਦਖਲ ਦੀ ਲੋੜ ਹੁੰਦੀ ਹੈ। ਹਸਪਤਾਲ ਵਿੱਚ ਸਿਹਤ ਕਾਰਡ ਦੀ ਤਸਦੀਕ ਹੋਣ ਉਪਰੰਤ ਇਲਾਜ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਨਿਰੰਤਰ ਦੇਖਭਾਲ ਯਕੀਨੀ ਬਣਾਈ ਜਾ ਰਹੀ ਹੈ।

ਬਜ਼ੁਰਗ ਮੈਂਬਰਾਂ ਦੀ ਦੇਖਭਾਲ ਕਰਨ ਵਾਲੇ ਪਰਿਵਾਰਾਂ ਲਈ, ਵਾਰ-ਵਾਰ ਹਸਪਤਾਲ ਜਾਣ ਅਤੇ ਵਿਸ਼ੇਸ਼ ਇਲਾਜ ਦਾ ਖਰਚਾ ਅਕਸਰ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਮੁੱਖ ਮੰਤਰੀ ਸਿਹਤ ਯੋਜਨਾ ਵਿੱਤੀ ਤਣਾਅ ਤੋਂ ਬਿਨਾਂ ਮਿਆਰੀ ਸਿਹਤ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਕੇ ਇਸ ਪਾੜੇ ਨੂੰ ਪੂਰਿਆ ਜਾ ਰਿਹਾ ਹੈ, ਜਿਸ ਨਾਲ ਪਰਿਵਾਰ ਪੂਰੀ ਤਰ੍ਹਾਂ ਮਰੀਜ਼ ਦੀ ਸਿਹਤਯਾਬੀ ਅਤੇ ਭਲਾਈ 'ਤੇ ਧਿਆਨ ਕੇਂਦਰਿਤ ਕਰ ਸਕਦੇ ਹਨ।

ਇਸ ਯੋਜਨਾ ਦੇ ਚੰਗੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਮੁੱਖ ਮੰਤਰੀ ਸਿਹਤ ਯੋਜਨਾ ਇਹ ਯਕੀਨੀ ਬਣਾ ਰਹੀ ਹੈ ਕਿ ਪੰਜਾਬ ਭਰ ਦੇ ਬਜ਼ੁਰਗ ਮਰੀਜ਼ਾਂ ਦਾ ਸਨਮਾਨ ਉਨ੍ਹਾਂ ਨੂੰ ਬਰਕਰਾਰ ਰੱਖਦੇ ਹੋਏ ਬਿਨਾਂ ਕਿਸੇ ਵਿੱਤੀ ਮੁਸ਼ਕਲ ਦੇ ਸਮੇਂ ਸਿਰ ਅਤੇ ਲੋੜੀਂਦੀ ਡਾਕਟਰੀ ਸਹਾਇਤਾ ਮਿਲੇ। ਜ਼ਿੰਦਗੀ ਦੇ ਇਸ ਪੜਾਅ 'ਤੇ ਇਲਾਜ ਤੱਕ ਪਹੁੰਚ ਬਹੁਤ ਅਹਿਮ ਹੈ ਅਤੇ ਇਹ ਯੋਜਨਾ ਪਰਿਵਾਰਾਂ ਨੂੰ ਪੂਰੇ ਭਰੋਸੇ ਨਾਲ ਉਹ ਦੇਖਭਾਲ ਪ੍ਰਦਾਨ ਕਰਨ ਦੇ ਯੋਗ ਬਣਾ ਰਹੀ ਹੈ।

ਮੁੱਖ ਮੰਤਰੀ ਸਿਹਤ ਯੋਜਨਾ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਸਿਹਤ ਬੀਮਾ ਪ੍ਰਦਾਨ ਕਰਦੀ ਹੈ, ਜਿਸ ਨਾਲ ਲਾਭਪਾਤਰੀ ਪੰਜਾਬ ਦੇ ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਕਰਵਾ ਸਕਦੇ ਹਨ।

ਹੁਣ ਤੱਕ 9 ਲੱਖ ਤੋਂ ਵੱਧ ਸਿਹਤ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਲਾਭਪਾਤਰੀ 900 ਤੋਂ ਵੱਧ ਸੂਚੀਬੱਧ ਹਸਪਤਾਲਾਂ ਵਿੱਚ 2300 ਤੋਂ ਵੱਧ ਮੈਡੀਕਲ ਪੈਕੇਜਾਂ ਰਾਹੀਂ ਇਲਾਜ ਕਰਵਾ ਰਹੇ ਹਨ। ਪੰਜਾਬ ਸਰਕਾਰ ਵਲੋਂ ਨਿਵਾਸੀਆਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਇਸ ਯੋਜਨਾ ਤਹਿਤ ਨਕਦੀ ਰਹਿਤ ਸਿਹਤ ਸੇਵਾਵਾਂ ਦਾ ਲਾਭ ਲੈਣ ਲਈ ਮਨੋਨੀਤ ਕੇਂਦਰਾਂ 'ਤੇ ਆਪਣੇ ਸਿਹਤ ਕਾਰਡ ਜ਼ਰੂਰ ਬਣਵਾਉਣ।

# ਪਨਗਰੇਨ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਵੱਲੋਂ ਮੁੱਖ ਮੰਤਰੀ ਨਾਲ ਮੁਲਾਕਾਤ



**ਲੁਧਿਆਣਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪਨਗਰੇਨ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ।

ਇਸ ਦੌਰਾਨ ਡਾ. ਗਿੱਲ ਨੇ ਮੁੱਖ ਮੰਤਰੀ ਰਾਹਤ ਫੰਡ ਲਈ 21 ਲੱਖ ਰੁਪਏ ਦਾ ਚੈੱਕ ਮੁੱਖ ਮੰਤਰੀ ਸਾਹਿਬ ਨੂੰ ਸੌਂਪਿਆ। ਉਨ੍ਹਾਂ ਕਿਹਾ ਕਿ ਇਹ ਯੋਗਦਾਨ ਲੋਕ ਭਲਾਈ ਦੇ ਕੰਮਾਂ ਲਈ ਦਿੱਤਾ ਗਿਆ ਹੈ, ਤਾਂ ਜੋ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਕੀਤੀ ਜਾ ਸਕੇ।

ਮੁਲਾਕਾਤ ਦੌਰਾਨ ਦੋਹਾਂ ਵਿਚਕਾਰ ਆਉਣ ਵਾਲੇ ਹਾੜੀ ਦੇ ਸੀਜ਼ਨ ਨੂੰ ਲੈ ਕੇ ਵੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਵਿੱਚ ਅਨਾਜ ਦੀ ਖਰੀਦ, ਸਟੋਰੇਜ ਅਤੇ ਪ੍ਰਬੰਧਾਂ ਨੂੰ ਸੁਚਾਰੂ ਬਣਾਉਣ ਲਈ ਤਿਆਰੀਆਂ 'ਤੇ ਖ਼ਾਸ ਧਿਆਨ ਦਿੱਤਾ ਗਿਆ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਯੋਗਦਾਨ ਲਈ ਡਾ. ਤੇਜਪਾਲ ਸਿੰਘ ਗਿੱਲ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਰਕਾਰ ਕਿਸਾਨਾਂ ਅਤੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਪੋਸਟ ਗ੍ਰੈਜੂਏਟ ਗਵਰਨਮੈਂਟ ਕਾਲਜ ਫੌਰ ਗਰਲਸ, ਸੈਕਟਰ-11, ਚੰਡੀਗੜ੍ਹ ਵਿਖੇ 67ਵੀਂ ਐਨੂਅਲ ਕਨਵੋਕੇਸ਼ਨ-2026

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੋਸਟ ਗ੍ਰੈਜੂਏਟ ਗਵਰਨਮੈਂਟ ਕਾਲਜ ਫੌਰ ਗਰਲਸ, ਸੈਕਟਰ-11, ਚੰਡੀਗੜ੍ਹ ਦੀ 67ਵੀਂ ਐਨੂਅਲ ਕਨਵੋਕੇਸ਼ਨ ਬੜੇ ਹੀ ਅਕਾਦਮਿਕ ਗੌਰਵ ਅਤੇ ਮਾਣ ਨਾਲ ਆਯੋਜਿਤ ਕੀਤੀ ਗਈ, ਜਿਸ ਵਿੱਚ 1500 ਗ੍ਰੈਜੂਏਟ ਵਿਦਿਆਰਥਣਾਂ ਦੀਆਂ ਅਕਾਦਮਿਕ ਉਪਲਬਧੀਆਂ ਦਾ ਉਤਸਵ ਮਨਾਇਆ ਗਿਆ।




ਇਸ ਕਨਵੋਕੇਸ਼ਨ ਸਮਾਰੋਹ ਦੀ ਸ਼ੋਭਾ ਦੇਸ਼ ਦੇ ਉੱਘੇ ਇਤਿਹਾਸਕਾਰ ਅਤੇ ਸਿੱਖਿਆ ਸ਼ਾਸਤਰੀ, ਪਦਮ ਸ਼੍ਰੀ ਪ੍ਰੋਫੈਸਰ ਡਾ. ਰਘੁਵੇਂਦਰ ਤਨਵਰ ਨੇ ਮੁੱਖ ਮਹਿਮਾਨ ਦੇ ਰੂਪ ਵਿੱਚ ਵਧਾਈ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਵਿਦਵਾਨ ਅਤੇ ਭਾਰਤ ਦੇ ਮੋਹਰੀ ਸਮਕਾਲੀਨ ਇਤਿਹਾਸਕਾਰਾਂ ਵਿੱਚੋਂ ਇੱਕ, ਪ੍ਰੋਫੈਸਰ ਤਨਵਰ ਵਰਤਮਾਨ ਵਿੱਚ ਇੰਡੀਅਨ ਕੌਂਸਲ ਆਵ ? ਹਿਸਟੌਰੀਕਲ ਰਿਸਰਚ ਦੇ ਚੇਅਰਮੈਨ ਦੇ ਰੂਪ ਵਿੱਚ ਸੇਵਾ ਨਿਭਾ ਰਹੇ ਹਨ। ਉਨ੍ਹਾਂ ਨੇ ਇੰਡੀਅਨ ਕੌਂਸਲ ਆਵ ? ਫਿਲਾਸਫੀਕਲ ਰਿਸਰਚ (ਆਈਸੀਪੀਆਰ/ICPR) ਦੇ ਚੇਅਰਮੈਨ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ/"73) ਦੇ ਨੈਸ਼ਨਲ ਫੈਲੋ ਅਤੇ ਇੰਡੀਅਨ ਹਿਸਟਰੀ ਕਾਂਗਰਸ ਦੇ ਪ੍ਰਧਾਨ ਸਹਿਤ ਅਨੇਕ ਮਹੱਤਵਪੂਰਨ ਅਕਾਦਮਿਕ ਅਤੇ ਪ੍ਰਸ਼ਾਸਨਿਕ ਅਹੁਦਿਆਂ 'ਤੇ ਕਾਰਜ ਕੀਤਾ ਹੈ।

ਉਹ ਅਨੁਸੰਧਾਨ ਨੈਸ਼ਨਲ ਰਿਸਰਚ ਫਾਊਂਡੇਸ਼ਨ, ਇੰਡੀਅਨ ਇੰਸਟੀਟਿਊਟ ਆਵ ? ਐਡਵਾਂਸਡ ਸਟਡੀ, ਪ੍ਰਧਾਨ ਮੰਤਰੀ ਅਜਾਇਬ ਘਰ ਅਤੇ ਲਾਇਬ੍ਰੇਰੀ ਸੋਸਾਇਟੀ ਅਤੇ ਇੰਡੀਅਨ ਕੌਂਸਲ ਆਵ ? ਸੋਸ਼ਲ ਸਾਇੰਸ ਰਿਸਰਚ ਜਿਹੀਆਂ ਪ੍ਰਤਿਸ਼ਠਿਤ ਰਾਸ਼ਟਰੀ ਸੰਸਥਾਵਾਂ ਨਾਲ ਵੀ ਜੁੜੇ ਰਹੇ ਹਨ।

ਆਪਣੇ ਕਨਵੋਕੇਸ਼ਨ ਸੰਬੋਧਨ ਵਿੱਚ, ਪ੍ਰੋਫੈਸਰ ਤਨਵਰ ਨੇ ਗ੍ਰੈਜੂਏਟ ਹੋਣ ਵਾਲੀਆਂ ਵਿਦਿਆਰਥਣਾਂ ਨੂੰ ਇਮਾਨਦਾਰੀ ਨਾਲ ਗਿਆਨ ਪ੍ਰਾਪਤ ਕਰਨ, ਰਾਸ਼ਟਰੀ ਕਦਰਾਂ-ਕੀਮਤਾਂ ਨੂੰ ਅਪਣਾਉਣ ਅਤੇ ਸਮਾਜ ਦੇ ਪ੍ਰਤੀ ਸਾਰਥਕ ਯੋਗਦਾਨ ਦੇਣ ਲਈ ਪ੍ਰੇਰਿਤ ਕੀਤਾ।

ਇਸ ਅਵਸਰ 'ਤੇ ਕਾਲਜ ਦੀ ਵਿਸ਼ਿਸ਼ਟ ਸਾਬਕਾ ਵਿਦਿਆਰਥਣ ਪ੍ਰੋਫੈਸਰ ਡਾ. ਰੀਚਾ ਤਨਵਰ ਦੀ ਗਰਿਮਾਮਈ ਉਪਸਥਿਤੀ ਵੀ ਰਹੀ, ਜੋ ਜੈਂਡਰ ਸਟਡੀਜ਼ ਦੀ ਪ੍ਰਤਿਸ਼ਠਿਤ ਵਿਦਵਾਨ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸੈਂਟਰ ਫੌਰ ਵੂਮੈਨਸ ਸਟਡੀਜ਼ ਦੀ ਸਾਬਕਾ ਡਾਇਰੈਕਟਰ ਹਨ। ਉਨ੍ਹਾਂ ਨੇ ਸੰਨ 1976 ਵਿੱਚ ਇਸੇ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਸੀ।

ਇਸ ਅਵਸਰ 'ਤੇ ਕਾਲਜ ਦੇ ਪ੍ਰਿੰਸੀਪਲ ਪ੍ਰੋਫੈਸਰ ਡਾ. ਅਨੀਤਾ ਕੌਸ਼ਲ ਨੇ ਸੰਸਥਾ ਦੀਆਂ ਸ਼ਾਨਦਾਰ ਉਪਲਬਧੀਆਂ 'ਤੇ ਪ੍ਰਕਾਸ਼ ਪਾਇਆ। ਸੰਨ 1956 ਵਿੱਚ ਸਥਾਪਿਤ ਅਤੇ ਪੰਜਾਬ ਯੂਨੀਵਰਸਿਟੀ ਨਾਲ ਸਬੰਧਿਤ ਇਹ ਕਾਲਜ ਮਹਿਲਾ ਉੱਚ ਸਿੱਖਿਆ ਦਾ ਇੱਕ ਪ੍ਰਮੁੱਖ ਕੇਂਦਰ ਬਣਿਆ ਹੋਇਆ ਹੈ।

ਅਕਾਦਮਿਕ ਵਰ੍ਹੇ 2025-26 ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਉਤਕ੍ਰਿਸ਼ਟ ਉਪਲਬਧੀਆਂ ਪ੍ਰਾਪਤ ਕੀਤੀਆਂ। ਦੀਕਸ਼ਾ ਮੱਕੜ ਨੇ ਯੂਜੀਸੀ-ਨੈੱਟ (ਲੋਕ ਪ੍ਰਸ਼ਾਸਨ) ਵਿੱਚ 100 ਪ੍ਰਸੈਂਟਾਇਲ ਦੇ ਨਾਲ ਆਲ ਇੰਡੀਆ ਪੱਧਰ 'ਤੇ ਪਹਿਲਾ ਸਥਾਨ (ਰੈਂਕ 1) ਪ੍ਰਾਪਤ ਕੀਤਾ, ਜਦਕਿ 19 ਤੋਂ ਅਧਿਕ ਵਿਦਿਆਰਥਣਾਂ ਨੇ ਵਿਭਿੰਨ ਵਿਸ਼ਿਆਂ ਵਿੱਚ ਯੂਜੀਸੀ-ਨੈੱਟ ਪਾਸ ਕੀਤਾ। ਕਾਲਜ ਨੇ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਦੋਹਾਂ ਪੱਧਰਾਂ 'ਤੇ ਕਈ ਗੋਲਡ ਮੈਡਲ ਵੀ ਪ੍ਰਾਪਤ ਕੀਤੇ ਅਤੇ 50 ਤੋਂ ਅਧਿਕ ਵਿਦਿਆਰਥਣਾਂ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਸਥਾਨ ਪ੍ਰਾਪਤ ਕਰਨ ਵਿੱਚ ਸਫ਼ਲ ਰਹੀਆਂ।

ਐੱਨਸੀਸੀ ਕੈਡਿਟਾਂ ਨੇ ਕਾਲਜ ਦਾ ਨਾਮ ਰੋਸ਼ਨ ਕੀਤਾ। ਕੈਡਿਟ ਮਹਿਕ ਠਾਕੁਰ ਨੂੰ ਗਣਤੰਤਰ ਦਿਵਸ ਕੈਂਪ 2026 ਵਿੱਚ ਆਲ ਇੰਡੀਆ ਬੈਸਟ ਕੈਡਿਟ ਐਲਾਨਿਆ ਗਿਆ ਅਤੇ ਉਨ੍ਹਾਂ ਨੂੰ ਮਾਣਯੋਗ ਪ੍ਰਧਾਨ ਮੰਤਰੀ ਦੁਆਰਾ ਸਨਮਾਨਿਤ ਕੀਤਾ ਗਿਆ। ਖੇਡਾਂ ਦੇ ਖੇਤਰ ਵਿੱਚ ਵਿਨਤੀ ਨੇ ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤਿਆ, ਜਦਕਿ ਹੋਰ ਵਿਦਿਆਰਥਣਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਉਤਕ੍ਰਿਸ਼ਟ ਪ੍ਰਦਰਸ਼ਨ ਕੀਤਾ।

ਸੱਭਿਆਚਾਰਕ ਖੇਤਰ ਵਿੱਚ ਕਾਲਜ ਨੇ ਆਪਣੀ ਸ੍ਰੇਸ਼ਠਤਾ ਬਣਾਈ ਰੱਖਦੇ ਹੋਏ ਲਗਾਤਾਰ ਗਿਆਰ੍ਹਵੀਂ ਵਾਰ ਪੰਜਾਬ ਯੂਨੀਵਰਸਿਟੀ ਜ਼ੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਵਿੱਚ ਓਵਰਆਲ ਟਰਾਫੀ ਜਿੱਤੀ।

ਵਾਤਾਵਰਣ ਸੰਭਾਲ਼ ਦੇ ਖੇਤਰ ਵਿੱਚ ਉਤਕ੍ਰਿਸ਼ਟ ਪ੍ਰਯਾਸਾਂ ਲਈ ਕਾਲਜ ਨੂੰ 'ਸਸਟੇਨੇਬਲ ਕੈਂਪਸ' ਦੇ ਰੂਪ ਵਿੱਚ ਵੀ ਮਾਨਤਾ ਪ੍ਰਾਪਤ ਹੋਈ।

ਕਨਵੋਕੇਸ਼ਨ ਸਮਾਰੋਹ ਦਾ ਸਮਾਪਨ ਅਕਾਦਮਿਕ ਉਤਕ੍ਰਿਸ਼ਟਤਾ, ਚਰਿੱਤਰ ਨਿਰਮਾਣ ਅਤੇ ਰਾਸ਼ਟਰ ਨਿਰਮਾਣ ਦੇ ਪ੍ਰਤੀ ਨਵੀਂ ਪ੍ਰਤੀਬੱਧਤਾ ਨਾਲ ਹੋਇਆ।

# ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਲਿਮਟਿਡ ਨੇ ਭਾਰਤੀ ਫ਼ੌਜ ਨਾਲ ਸਮਝੌਤਾ ਪੱਤਰ 'ਤੇ ਕੀਤੇ ਦਸਤਖ਼ਤ




**ਬਠਿੰਡਾ,25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਸਟ ਤਿਆਰੀ ਸੇਵਾਵਾਂ ਵਿੱਚ ਰਾਸ਼ਟਰੀ ਪੱਧਰ 'ਤੇ ਮੋਹਰੀ ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਲਿਮਟਿਡ ਨੇ ਭਾਰਤੀ ਫ਼ੌਜ ਨਾਲ ਸਮਝੌਤਾ ਪੱਤਰ (MoU) 'ਤੇ ਦਸਤਖ਼ਤ ਕੀਤੇ ਹਨ ਤਾਂ ਜੋ ਫ਼ੌਜੀ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਸਹਿਯੋਗ ਦਿੱਤਾ ਜਾ ਸਕੇ। ਇਸ ਵਿੱਚ ਮੌਜੂਦਾ ਜਵਾਨ, ਸੇਵਾਮੁਕਤ ਸੈਨਿਕ, ਵੀਰਤਾ ਪੁਰਸਕਾਰ ਪ੍ਰਾਪਤਕਰਤਾ, ਅਪੰਗ ਜਵਾਨ ਅਤੇ ਸੇਵਾ ਦੌਰਾਨ ਸ਼ਹੀਦ ਹੋਏ ਜਵਾਨਾਂ ਦੇ ਪਰਿਵਾਰ ਸ਼ਾਮਲ ਹਨ। ਇਸ ਸਮਝੌਤੇ ਅਧੀਨ ਏਈਐਸਐਲ ਭਾਰਤੀ ਫ਼ੌਜ ਦੇ ਵਿਦਿਆਰਥੀਆਂ ਨੂੰ ਆਪਣੇ ਪੈਨ ਇੰਡੀਆ ਸੈਂਟਰਾਂ ਅਤੇ ਬ੍ਰਾਂਚਾਂ ਵਿੱਚ ਕੋਰਸਾਂ ਵਿੱਚ ਦਾਖਲਾ ਲੈਣ ਲਈ ਵਿਸ਼ੇਸ਼ ਲਾਭ ਪ੍ਰਦਾਨ ਕਰੇਗਾ।

ਸਮਝੌਤੇ 'ਤੇ ਭਾਰਤੀ ਫ਼ੌਜ ਵੱਲੋਂ ਕਰਨਲ, ਸੈਰੇਮੋਨੀਅਲ ਐਂਡ ਵੈਲਫ਼ੇਅਰ ਅਤੇ ਏਈਐਸਐਲ ਵੱਲੋਂ ਡਾ. ਯਸ਼ ਪਾਲ, ਚੀਫ਼ ਅਕੈਡਮਿਕ ਐਂਡ ਬਿਜ਼ਨਸ ਹੈੱਡ, ਦਿੱਲੀ-ਐੱਨਸੀਆਰ ਨੇ ਦਸਤਖ਼ਤ ਕੀਤੇ।

ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀ.ਈ.ਓ. ਚੰਦਰ ਸ਼ੇਖਰ ਗਰੀਸਾ ਰੈੱਡੀ ਨੇ ਕਿਹਾ, ਭਾਰਤੀ ਫ਼ੌਜ ਨਾਲ ਸਾਂਝੇਦਾਰੀ ਕਰਕੇ ਅਸੀਂ ਆਪਣੇ ਬਹਾਦਰ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਸਨਮਾਨਿਤ ਕਰ ਰਹੇ ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਗੁਣਵੱਤਾ ਵਾਲੀ ਵਿਦਿਆ ਅਤੇ ਮਾਰਗਦਰਸ਼ਨ ਨਾਲ ਸਸ਼ਕਤ ਬਣਾ ਰਹੇ ਹਾਂ। ਸਕਾਲਰਸ਼ਿਪਾਂ, ਮੈਂਟਰਿੰਗ ਅਤੇ ਕਾਊਂਸਲਿੰਗ ਰਾਹੀਂ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਡੇ ਵੀਰਾਂ ਦੇ ਬੱਚੇ ਆਪਣੀ ਪੂਰੀ ਸਮਰੱਥਾ ਹਾਸਲ ਕਰਨ ਅਤੇ ਆਪਣੇ ਖੇਤਰ ਵਿੱਚ ਅਗਵਾਈ ਕਰਨ ਦੇ ਯੋਗ ਬਣਨ। ਰੈੱਡੀ ਨੇ ਕਿਹਾ, ਰਜਿਸਟ੍ਰੇਸ਼ਨ ਫ਼ੀਸ ਸਿਰਫ਼ ਅਦਾਇਗੀ ਯੋਗ ਹੈ, ਸੇਵਾ ਦੌਰਾਨ ਸ਼ਹੀਦ ਹੋਏ ਜਵਾਨਾਂ ਦੇ ਬੱਚਿਆਂ ਲਈ ਸਾਰੀਆਂ ਹੋਰ ਫ਼ੀਸਾਂ 'ਤੇ 100% ਛੋਟ ਹੋਵੇਗੀ।20% ਤੋਂ ਵੱਧ ਅਪੰਗਤਾ ਵਾਲੇ ਜਵਾਨਾਂ ਅਤੇ ਵੀਰਤਾ ਪੁਰਸਕਾਰ ਪ੍ਰਾਪਤਕਰਤਾਵਾਂ ਦੇ ਬੱਚਿਆਂ ਲਈ ਟਿਊਸ਼ਨ ਫ਼ੀਸ 'ਤੇ 100% ਛੋਟ ਅਤੇ ਮੌਜੂਦਾ ਅਤੇ ਸੇਵਾਮੁਕਤ ਜਵਾਨਾਂ ਦੇ ਬੱਚਿਆਂ ਲਈ ਟਿਊਸ਼ਨ ਫ਼ੀਸ 'ਤੇ 20% ਛੋਟ, ਜੋ ਹੋਰ ਸਕਾਲਰਸ਼ਿਪਾਂ ਕਟੌਤੀ ਕਰਨ ਤੋਂ ਬਾਅਦ ਲਾਗੂ ਹੋਵੇਗੀ।

ਹਾਲ ਹੀ ਵਿੱਚ ਏਈਐਸਐਲ ਨੇ ਸੈਂਟਰਲ ਰਿਜ਼ਰਵ ਪੁਲਿਸ ਫੋਰਸ ਫੈਮਿਲੀ ਵੈਲਫੇਅਰ ਐਸੋਸੀਏਸ਼ਨ (3→1) ਨਾਲ ਵੀ ਸਮਝੌਤਾ ਪੱਤਰ 'ਤੇ ਦਸਤਖ਼ਤ ਕੀਤੇ ਹਨ, ਜਿਸ ਅਧੀਨ ਭਾਰਤ ਭਰ ਵਿੱਚ ਜਵਾਨਾਂ ਦੇ ਬੱਚਿਆਂ ਅਤੇ ਪਰਿਵਾਰਾਂ ਨੂੰ ਵਿਆਪਕ ਵਿਦਿਅਕ ਸਹਾਇਤਾ, ਸਕਾਲਰਸ਼ਿਪਾਂ ਅਤੇ ਕਰੀਅਰ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਵੇਗਾ।

# ਡਿਪਟੀ ਕਮਿਸ਼ਨਰ, ਯੂਟੀ ਚੰਡੀਗੜ੍ਹ ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਨੇ ਆਗਾਮੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸਆਈਆਰ/SIR) ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ

**ਚੰਡੀਗੜ੍ਹ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ-ਅਤੇ-ਡਿਪਟੀ ਕਮਿਸ਼ਨਰ, ਯੂਟੀ ਚੰਡੀਗੜ੍ਹ ਸ਼੍ਰੀ ਨਿਸ਼ਾਂਤ ਕੁਮਾਰ ਯਾਦਵ ਨੇ 01-ਚੰਡੀਗੜ੍ਹ ਸੰਸਦੀ ਹਲਕੇ ਵਿੱਚ ਵੋਟਰ ਸੂਚੀ ਵਿੱਚ ਆਗਾਮੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸਆਈਆਰ/SIR) ਦੀਆਂ ਤਿਆਰੀਆਂ ਦੀ ਸਮੀਖਿਆ ਅਤੇ ਉਨ੍ਹਾਂ ਵਿੱਚ ਤੇਜ਼ੀ ਲਿਆਉਣ ਲਈ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਹ ਕਾਰਜ ਭਾਰਤ ਦੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੇ ਅਨੁਪਾਲਨ ਵਿੱਚ ਕੀਤਾ ਜਾ ਰਿਹਾ ਹੈ।

ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸਆਈਆਰ/SIR) ਅਪ੍ਰੈਲ 2026 ਤੋਂ ਸ਼ੁਰੂ ਹੋਣਾ ਨਿਰਧਾਰਿਤ ਹੈ। ਸਮਾਂ-ਸੀਮਾ ਨੂੰ ਲੈ ਕੇ ਗੰਭੀਰ ਚਿੰਤਾ ਵਿਅਕਤ ਕਰਦੇ ਹੋਏ ਅਤੇ ਤਰੁਟੀਰਹਿਤ ਚੋਣ ਡੇਟਾਬੇਸ ਦੀ ਜ਼ਰੂਰਤ 'ਤੇ ਬਲ ਦਿੰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਪੜਾਅ ਵਿੱਚ ਕਿਸੇ ਵੀ ਪ੍ਰਕਾਰ ਦੀ ਦੇਰੀ ਜਾਂ ਤਰੁਟੀ ਦਾ ਸਿੱਧਾ ਪ੍ਰਭਾਵ ਚੋਣ ਨਾਮਾਵਲੀ ਦੀ ਸ਼ੁੱਧਤਾ 'ਤੇ ਪਵੇਗਾ। ਉਨ੍ਹਾਂ ਨੇ ਸਾਰੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਤਿਆਰੀਆਂ ਨੂੰ ਸਰਬਉੱਚ ਪ੍ਰਾਥਮਿਕਤਾ ਦੇਣ ਅਤੇ ਸਮਾਂਬੱਧ ਅਤੇ ਤਰੁਟੀਰਹਿਤ ਢੰਗ ਨਾਲ ਪੂਰਾ ਕਰਨ।

ਸਮਾਵੇਸ਼ੀ ਅਤੇ ਪਾਰਦਰਸ਼ੀ ਚੋਣ ਪ੍ਰਕਿਰਿਆ ਦੇ ਮਹੱਤਵ ਨੂੰ ਰੇਖਾਂਕਿਤ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ, ÷ਸਵੱਛ, ਅਪਡੇਟਡ ਅਤੇ ਪ੍ਰਮਾਣਿਕ ਵੋਟਰ ਸੂਚੀ ਸੁਤੰਤਰ ਅਤੇ ਨਿਰਪੱਖ ਚੋਣਾਂ ਦੀ ਅਧਾਰਸ਼ਿਲਾ ਹੈ, ਅਤੇ ਇਸ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।

**ਮੀਟਿੰਗ ਦੇ ਦੌਰਾਨ ਦਿੱਤੇ ਗਏ ਪ੍ਰਮੁੱਖ ਨਿਰਦੇਸ਼:**

ਇਲੈਕਟਰ ਮੈਪਿੰਗ: 16.03.2026 ਤੱਕ ਮੈਪਿੰਗ 71% ਹੋਣ 'ਤੇ ਚਿੰਤਾ ਵਿਅਕਤ ਕਰਦੇ ਹੋਏ ਸਾਰੇ ਏਈਆਰਓਜ਼ (AEROs) ਨੂੰ ਤਤਕਾਲ 100% ਮੈਪਿੰਗ ਸੁਨਿਸ਼ਚਿਤ ਕਰਨ ਦੇ ਨਿਰਦੇਸ਼ ਦਿੱਤੇ ਗਏ। ਫਾਰਮਾਂ ਦਾ ਨਿਪਟਾਰਾ: ਸਾਰੇ ਲੰਬਿਤ ਫਾਰਮ 2-3 ਦਿਨਾਂ ਦੇ ਅੰਦਰ-ਅੰਦਰ ਨਿਸਤਾਰਣ ਸੁਨਿਸ਼ਚਿਤ ਕੀਤਾ ਜਾਵੇ, ਹਰੇਕ ਪੱਧਰ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇ।

ਡੇਟਾ ਗੁਣਵੱਤਾ ਡ੍ਰਾਇਵ: ਅਵਿਵਸਥਿਤ (ਗਿਬਰਿਸ਼) ਐਂਟਰੀਆਂ ਅਤੇ ਮਿਆਰ ਤੋਂ ਭਿੰਨ ਫੋਟੋਆਂ ਹਟਾਉਣ ਹਿਤ ਵਿਸ਼ੇਸ਼ ਮੁਹਿੰਮ ਪਹਿਲ ਦੇ ਅਧਾਰ 'ਤੇ ਚਲਾਈ ਜਾਵੇ। ਪੋਲਿੰਗ ਸਟੇਸ਼ਨ ਯੁਕਤੀਕਰਣ: ਏਈਆਰਓਜ਼ (AEROs) ਨੂੰ 2-3 ਦਿਨਾਂ ਦੇ ਅੰਦਰ ਪ੍ਰਸਤਾਵ ਪ੍ਰਸਤੁਤ ਕਰਨ ਦੇ ਨਿਰਦੇਸ਼ ਦਿੱਤੇ ਗਏ, ਤਾਕਿ ਵੋਟਰਾਂ ਦੀ ਸੁਵਿਧਾ ਅਤੇ ਪਹੁੰਚ ਬਿਹਤਰ ਹੋ ਸਕੇ। ਮੈਨਪਾਵਰ ਡਿਪਲਾਇਮੈਂਟ: ਨੋਡਲ ਅਫ਼ਸਰ (ਮੈਨਪਾਵਰ) ਦੁਆਰਾ ਲੋੜੀਂਦੀ ਮੈਨਪਾਵਰ ਅਤੇ ਵਲੰਟੀਅਰਾਂ ਦੀ ਵਿਵਸਥਾ ਕੀਤੀ ਜਾਵੇਗੀ। ਸਾਰੀਆਂ ਜ਼ਰੂਰਤਾਂ ਤਤਕਾਲ ਪ੍ਰਸਤੁਤ ਕੀਤੀਆਂ ਜਾਣ।

ਸਮਰੱਥਾ ਨਿਰਮਾਣ: ਈਆਰਓਜ਼ ,ਏਈਆਰਓਜ਼, ਬੀਐੱਲਓਜ਼, ਬੀਐੱਲਓ ਸੁਪਰਵਾਇਜ਼ਰਾਂ ਅਤੇ ਬੀਐੱਲਏਜ਼ ਲਈ ਜਲਦੀ ਹੀ ਵਿਆਪਕ ਟ੍ਰੇਨਿੰਗ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ, ਤਾਕਿ ਲਾਗੂਕਰਨ ਵਿੱਚ ਇੱਕਰੂਪਤਾ ਸੁਨਿਸ਼ਚਿਤ ਹੋ ਸਕੇ।

ਸਮੱਗਰੀ ਦੀ ਉਪਲਬਧਤਾ: ਸਾਰੀ ਜ਼ਰੂਰੀ ਸਮੱਗਰੀ ਉਪਲਬਧ ਹੈ, ਹਾਲਾਂਕਿ ਕਿਸੇ ਅਤਿਰਿਕਤ ਜ਼ਰੂਰਤ ਨੂੰ ਤੁਰੰਤ ਸੂਚਿਤ ਕੀਤਾ ਜਾਵੇ। ਗਣਨਾ ਫਾਰਮਾਂ ਦੀ ਛਪਾਈ ਨੋਡਲ ਅਫ਼ਸਰ (ਸਮੱਗਰੀ ਪ੍ਰਬੰਧਨ) ਦੇ ਜ਼ਰੀਏ ਕੀਤੀ ਜਾਵੇਗੀ।

ਸਵੀਪ (ਐੱਸਵੀਈਈਪੀ ਅਤੇ ਜਾਗਰੂਕਤਾ: ਇੱਕ ਮਜ਼ਬੂਤ ਸਵੀਪ (ਐੱਸਵੀਈਈਪੀ) ਯੋਜਨਾ ਤੁਰੰਤ ਲਾਗੂ ਕੀਤੀ ਜਾਵੇਗੀ, ਜਿਸ ਵਿੱਚ ਈਸੀਆਈਨੈੱਟ (ਈਸੀਆਈਐੱਨਈਟੀ), ਵੋਟਰ ਹੈਲਪਲਾਇਨ 1950, ਅਤੇ "BLO ਨਾਲ ਕਾਲ ਬੁੱਕ ਕਰੋ÷ ਜਿਹੀਆਂ ਡਿਜੀਟਲ ਸੁਵਿਧਾਵਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਮੀਡੀਆ ਅਤੇ ਆਊਟਰੀਚ ਰਣਨੀਤੀ: ਬੈਨਰ, ਪੋਸਟਰ, ਰੇਡੀਓ ਜਿੰਗਲ, ਐੱਸਐੱਮਐੱਸ ਮੁਹਿੰਮਾਂ ਅਤੇ ਇਸ਼ਤਿਹਾਰਾਂ ਦੇ ਜ਼ਰੀਏ ਵਿਆਪਕ ਸੰਚਾਰ ਯੋਜਨਾ ਜਲਦੀ ਹੀ ਸ਼ੁਰੂ ਕੀਤੀ ਜਾਵੇਗੀ।

ਸੋਸ਼ਲ ਮੀਡੀਆ ਨਿਗਰਾਨੀ: ਗਲਤ ਜਾਣਕਾਰੀ 'ਤੇ ਚਿੰਤਾ ਵਿਅਕਤ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਜਾਅਲੀ ਜਾਂ ਗੁੰਮਰਾਹਕੁੰਨ ਸਮੱਗਰੀ ਦੇ ਵਿਰੁੱਧ ਸਖ਼ਤ ਨਿਗਰਾਨੀ ਅਤੇ ਤੇਜ਼ ਕਾਰਵਾਈ ਦੇ ਨਿਰਦੇਸ਼ ਦਿੱਤੇ। ਪ੍ਰਮਾਣਿਕ ? ?ਜਾਣਕਾਰੀ ਦੇ ਨਿਯਮਿਤ ਪ੍ਰਸਾਰ ਹਿਤ ਸੋਸ਼ਲ ਮੀਡੀਆ ਟੀਮ ਨੂੰ ਮਜ਼ਬੂਤ ? ?ਕੀਤਾ ਜਾਵੇਗਾ।

BD×G ਸਹਾਇਤਾ ਪ੍ਰਣਾਲੀ: ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸਆਈਆਰ) ਅਵਧੀ ਦੇ ਦੌਰਾਨ ਰਾਜ ਸੰਪਰਕ ਕੇਂਦਰ (1950) ਅਤੇ ਬੀਐੱਲਓ ਹੈਲਪ ਡੈਸਕ 24 ਘੰਟੇ ਕੰਮ ਕਰਨਗੇ, ਤਾਕਿ ਨਾਗਰਿਕਾਂ ਨੂੰ ਨਿਰਵਿਘਨ ਸਹਾਇਤਾ ਮਿਲ ਸਕੇ।

ਜ਼ਿਲ੍ਹਾ ਚੋਣ ਅਫ਼ਸਰ-ਅਤੇ-ਡਿਪਟੀ ਕਮਿਸ਼ਨਰ ਨੇ ਚੰਡੀਗੜ੍ਹ ਦੇ ਨਾਗਰਿਕਾਂ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸਆਈਆਰ/ ਦੀ ਸਫ਼ਲਤਾ ਲਈ ਜਨ ਭਾਗੀਦਾਰੀ ਅਤਿਅੰਤ ਜ਼ਰੂਰੀ ਹੈ। ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ :

ਆਪਣੇ ਵੋਟਰ ਵੇਰਵਿਆਂ ਦੀ ਤਸਦੀਕ ਅਤੇ ਅਪਡੇਸ਼ਨ ਕਰਨ।

# ਮਹਾਂਕੁੰਭ ਵਾਇਰਲ ਗਰਲ ਮੋਨਾਲੀਸਾ ਦੇ ਵਿਆਹ 'ਤੇ ਨਵਾਂ ਵਿਵਾਦ, ਨਿਰਦੇਸ਼ਕ ਸਨੋਜ ਨੇ ਦੱਸਿਆ ਨਾਬਾਲਗ



**ਇੰਦੌਰ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਯਾਗਰਾਜ ਮਹਾਂਕੁੰਭ ਤੋਂ ਵਾਇਰਲ ਹੋਈ ਮੋਨਾਲੀਸਾ ਭੌਂਸਲੇ ਦੇ ਆਪਣੇ ਮੁਸਲਿਮ ਬੁਆਏਫ੍ਰੈਂਡ ਫ਼ਰਮਾਨ ਖ਼ਾਨ ਨਾਲ ਹੋਏ ਵਿਆਹ ਨੂੰ ਲੈ ਕੇ ਵਿਵਾਦ ਖ਼ਤਮ ਹੋਣ ਦਾ ਨਾਮ ਨਹੀਂ ਲੈ ਰਿਹਾ।

ਹੁਣ ਫ਼ਿਲਮ ਦਾ ਡਾਇਰੀ ਔਫ਼ ਮਨੀਪੁਰ ਦੇ ਨਿਰਦੇਸ਼ਕ ਸਨੋਜ ਮਿਸ਼ਰਾ ਨੇ ਵੱਡਾ ਦਾਅਵਾ ਕਰਦਿਆਂ ਕਿਹਾ ਹੈ ਕਿ ਮੋਨਾਲੀਸਾ ਨਾਬਾਲਗ ਹੋ ਸਕਦੀ ਹੈ ਅਤੇ ਉਸ ਦੀ ਅਸਲ ਉਮਰ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਦਸਤਾਵੇਜ਼ਾਂ 'ਚ ਹੇਰਾਫ਼ੇਰੀ ਕਰ ਕੇ ਇਹ ਵਿਆਹ ਕਰਵਾਇਆ ਗਿਆ ਹੈ।

ਨਿਰਦੇਸ਼ਕ ਸਨੋਜ ਮਿਸ਼ਰਾ ਨੇ ਦੱਸਿਆ ਕਿ ਉਹ ਸੱਚਾਈ ਸਾਹਮਣੇ ਲਿਆਉਣ ਲਈ ਮਹੇਸ਼ਵਰ ਪਹੁੰਚੇ ਹਨ ਅਤੇ ਮੋਨਾਲੀਸਾ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰ ਰਹੇ ਹਨ। ਮਹਾਂਕੁੰਭ ਦੇ ਸਮੇਂ ਮੋਨਾਲੀਸਾ ਦੀ ਉਮਰ ਲਗਭਗ 16 ਸਾਲ ਸੀ। ਜੇਕਰ ਇਸ ਉਮਰ 'ਚ ਉਸ ਦਾ ਵਿਆਹ ਹੋਇਆ ਹੈ ਤਾਂ ਇਸ ਦੀ ਪੂਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਮੋਨਾਲੀਸਾ ਦੀ ਸਹੀ ਉਮਰ ਦਾ ਪਤਾ ਲਗਾਉਣ ਲਈ ਮੈਡੀਕਲ ਜਾਂਚ ਦੀ ਮੰਗ ਕੀਤੀ ਹੈ।

ਸਨੋਜ ਮਿਸ਼ਰਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਫ਼ਿਲਮ ਦਾ ਡਾਇਰੀ ਔਫ਼ ਮਨੀਪੁਰ ਨੂੰ ਰੋਕਣ ਲਈ ਇੱਕ ਸੋਚੀ-ਸਮਝੀ ਸਾਜ਼ਿਸ਼ ਰਚੀ ਗਈ ਹੈ। ਉਨ੍ਹਾਂ ਕਿਹਾ ਕਿ ਇੱਕ ਪੂਰਾ ਈਕੋਸਿਸਟਮ ਇਸ ਵਿਆਹ ਨੂੰ ਸੱਚੇ ਪਿਆਰ ਦੀ ਕਹਾਣੀ ਵਜੋਂ ਪ੍ਰਚਾਰ ਰਿਹਾ ਹੈ ਜਦ ਕਿ ਹਕੀਕਤ ਕੁੱਝ ਹੋਰ ਹੋ ਸਕਦੀ ਹੈ।

ਉਨ੍ਹਾਂ ਸਵਾਲ ਉਠਾਇਆ ਕਿ ਮੋਨਾਲੀਸਾ ਕੇਰਲ ਤੋਂ ਮਹੇਸ਼ਵਰ ਲਈ ਨਿਕਲੀ ਸੀ, ਪਰ ਅਚਾਨਕ ਪੁਲਿਸ ਸਟੇਸ਼ਨ ਪਹੁੰਚ ਗਈ ਅਤੇ ਜਲਦਬਾਜ਼ੀ 'ਚ ਇੱਕ ਮੰਦਰ 'ਚ ਉਸ ਦਾ ਵਿਆਹ ਕਰਵਾ ਕੇ ਸਰਟੀਫ਼ਿਕੇਟ ਵੀ ਜਾਰੀ ਕਰ ਦਿੱਤਾ ਗਿਆ।

ਮਿਸ਼ਰਾ ਮੁਤਾਬਿਕ ਮੋਨਾਲੀਸਾ ਇਸ ਫ਼ਿਲਮ ਦਾ ਅਹਿਮ ਹਿੱਸਾ ਸੀ। ਫ਼ਿਲਮ ਲਗਭਗ 80 ਫ਼ੀਸਦੀ ਪੂਰੀ ਹੋ ਚੁੱਕੀ ਸੀ। ਹਾਲ ਹੀ 'ਚ ਮੋਨਾਲੀਸਾ ਨੇ ਉੱਤਰਾਖੰਡ ਦੇ **CM** ਪੁਸ਼ਕਰ ਸਿੰਘ ਧਾਮੀ ਅਤੇ **UP** ਦੇ **CM** ਯੋਗੀ ਆਦਿਤਿਆਨਾਥ ਨਾਲ ਵੀ ਮੁਲਾਕਾਤ ਕੀਤੀ ਸੀ। ਫ਼ਿਲਮ ਨੂੰ ਦੋ ਹਜ਼ਾਰ ਸਕਰੀਨਾਂ 'ਤੇ ਰੀਲੀਜ਼ ਕਰਨ ਦੀ ਯੋਜਨਾ ਸੀ, ਪਰ ਹੁਣ ਇਸ ਵਿਵਾਦ ਕਾਰਨ ਪੂਰਾ ਪ੍ਰੋਜੈਕਟ ਖ਼ਤਰੇ 'ਚ ਪੈ ਗਿਆ ਹੈ।

# ਆਪ ਸਰਕਾਰ ਨੇ 4 ਸਾਲਾਂ ਵਿਚ ਸਿਰਫ 2600 ਕਰੋੜ ਰੁਪਏ ਦਾ ਨਿਵੇਸ਼ ਲਿਆਂਦਾ ਸੁਖਬੀਰ ਸਿੰਘ ਬਾਦਲ ਨੇ ਆਰ ਟੀ ਆਈ ਜਾਣਕਾਰੀ ਨਾਲ ਦਿੱਤਾ ਹਵਾਲਾ

**➢ ਮੁੱਖ ਮੰਤਰੀ ਨੇ ਝੂਠ ਬੋਲਿਆ ਕਿ 1.55 ਲੱਖ ਕਰੋੜ ਰੁਪਏ ਦਾ ਨਿਵੇਸ਼ ਹੋਇਆ ➢ ਅਕਾਲੀ ਦਲ ਬੇਅਦਬੀ ਕੇਸਾਂ ਵਿਚ ਵੱਧ ਤੋਂ ਵੱਧ ਸਜ਼ਾਵਾਂ ਵਾਸਤੇ ਕੰਮ ਕਰੇਗਾ ➢ ਸਰਕਾਰ ਵੱਲੋਂ ਸਰਕਾਰੀ ਅਧਿਆਪਕਂ ਦੀ ਵਰਤੋਂ ਨਸ਼ੇੜੀਆਂ ਦੀ ਗਿਣਤੀ ਵਾਸਤੇ ਕਰਨ ਦੀ ਨਿਖੇਧੀ ਕੀਤੀ**

**ਸਮਾਣਾ, 25 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਨਵੈਸਟ ਪੰਜਾਬ ਦੇ ਨਾਂ 'ਤੇ 1.55 ਲੱਖ ਕਰੋੜ ਰੁਪਏ ਦਾ ਨਿਵੇਸ਼ ਹੋਣ ਦੇ ਨਾਂ 'ਤੇ ਵੱਡਾ ਧੋਖਾ ਕੀਤਾ ਹੈ ਜਦੋਂ ਕਿ ਅਸਲ ਵਿਚ ਸਿਰਫ 2600 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ।



ਅੱਜ ਇਥੇ ਸਮਾਣਾ ਦੇ ਹਲਕਾ ਇੰਚਾਰਜ ਸਰਦਾਰ ਜਗਮੀਤ ਸਿੰਘ ਹਰਿਆਊ ਦੀ ਅਗਵਾਈ ਹੇਠ ਹੋਈ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪਾਰਟੀ ਵੱਲੋਂ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ ਵਿਭਾਗ ਤੋਂ ਪ੍ਰਾਪਤ ਹੋਈ ਜਾਣਕਾਰੀ ਦੇ ਮੁਤਾਬਕ ਪਿਛਲੇ 4 ਸਾਲਾਂ ਵਿਚ ਸਿਰਫ 2600 ਕਰੋੜ ਰੁਪਏ ਦਾ ਨਿਵੇਸ਼ ਪੰਜਾਬ ਵਿਚ ਹੋਇਆ ਹੈ। ਉਹਨਾਂ ਹਿਕਾ ਕਿ ਆਪ ਸਰਕਾਰ ਦੇ ਰਾਜ ਵਿਚ ਜੋ 2600 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ, ਉਹ ਲੁਧਿਆਣਾ ਵਿਚ ਟਾਟਾ ਸਟੀਲ ਵੱਲੋਂ ਕੀਤਾ ਗਿਆ ਹੈ।

ਉਹਨਾਂ ਨੇ ਮੁੱਖ ਮੰਤਰੀ ਵੱਲੋਂ ਆਪ ਸਰਕਾਰ ਦੇ ਰਾਜ ਵਿਚ 1.55 ਲੱਖ ਕਰੋੜ ਰੁਪਏ ਦਾ ਨਿਵੇਸ਼ ਹੋਣ ਸਬੰਧ ਕੀਤੇ ਦਾਅਵਿਆਂ ਨਾਲ ਝੂਠ ਬੋਲਣ ਲਈ ਮੁਆਫੀ ਦੀ ਮੰਗ ਕੀਤੀ ਅਤੇ ਕਿਹਾ ਕਿ ਅਕਾਲੀ ਦਲ ਲਗਾਤਾਰ ਇਹ ਕਹਿੰਦਾ ਆਇਆ ਹੈ ਕਿ ਫਿਰੌਤੀਆਂ ਤੇ ਗੈਂਗਸਟਰ ਰਾਜ ਦੇ ਕਾਰਨ ਨਿਵੇਸ਼ ਡਰੇ ਹੋਏ ਹਨ। ਉਹਨਾਂ ਕਿਹਾ ਕਿ ਅਸੀਂ ਕਾਨੂੰਨ ਦਾ ਰਾਜ ਦੇਣ ਵਾਸਤੇ ਵਚਨਬੱਧ ਹਾਂ ਤੇ ਅਸੀਂ 2027 ਵਿਚ ਸਰਕਾਰ ਬਣਨ 'ਤੇ ਨਿਵੇਸ਼ ਆਕਰਸ਼ਤ ਕਰਨ ਵਾਸਤੇ ਉਦਯੋਗਾਂ ਨੂੰ ਰਿਆਇਤਾਂ ਦੇਵਾਂਗੇ।

ਸਰਦਾਰ ਬਾਦਲ ਨੇ ਦੱਸਿਆ ਕਿ ਕਿਵੇਂ ਲੋਕ ਬੇਅਦਬੀ ਮਾਮਲਿਆਂ ਦੇ ਖਿਲਾਫ ਰੋਸ ਪ੍ਰਗਟ ਕਰ ਰਹੇ ਹਨ ਅਤੇ ਸਮਾਣਾ ਸਮੇਤ ਅਜਿਹੇ ਮਾਮਲਿਆਂ ਵਿਚ ਨਜਿੱਠਣ ਵਾਸਤੇ ਸਖ਼ਤ ਕਾਨੂੰਨਾਂ ਦੀ ਲੋੜ ਹੈ। ਉਹਨਾਂ ਕਿਹਾ ਕਿ ਅਸੀਂ ਅਜਿਹੇ ਮਾਮਲਿਆਂ ਵਿਚ ਫਾਂਸੀ ਦੀ ਸਜ਼ਾ ਦੇਣ ਵਰਗੇ ਕਾਨੂੰਨ ਬਣਾਉਣ ਵਾਸਤੇ ਕੰਮ ਕਰਾਂਗੇ।

ਉਹਨਾਂ ਕਿਹਾ ਕਿ ਪਹਿਲਾਂ ਵੀ 2016 ਵਿਚ ਅਕਾਲੀ ਦਲ ਦੀ ਸਰਕਾਰ ਵੇਲੇ ਵਿਧਾਨ ਸਭਾ ਵਿਚ ਅਸੀਂ ਤਜਵੀਜ਼ ਪਾਸ ਕੀਤੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਦੇ ਮਾਮਲੇ ਵਿਚ ਕਿਵੇਂ ਉਮਰ ਕੈਦ ਦੀ ਸਜ਼ਾ ਮਿਲੇਗੀ ਪਰ ਇਸ ਕਾਨੂੰਨ ਨੂੰ ਕੇਂਦਰ ਸਰਕਾਰ ਨੇ ਪਾਸ ਨਹੀਂ ਕੀਤਾ। ਉਹਨਾਂ ਨੇ ਇਹ ਵੀ ਦੱਸਿਆ ਕਿ ਕਿਵੇਂ 2014 ਵਿਚ ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਆਮਦ ਤੋਂ ਬਾਅਦ ਹੀ ਬੇਅਦਬੀ ਦੇ ਮਾਮਲੇ ਸ਼ੁਰੂ ਹੋਏ ਅਤੇ ਆਪ ਵਿਧਾਇਕ ਨਰੇਸ਼ ਯਾਦਵ ਨੂੰ ਮਾਲੇਰਕੋਟਲਾ ਵਿਚ ਕੁਰਾਨ ਸ਼ਰੀਫ ਦੀ ਬੇਅਦਬੀ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ।

ਸਰਦਾਰ ਬਾਦਲ ਨੇ ਰਾਜ ਸਰਕਾਰ ਵੱਲੋਂ ਅਧਿਆਪਕਾਂ ਦੀ ਵਰਤੋਂ ਕਰ ਕੇ ਨਸ਼ਿਆਂ ਦੇ ਮਾਮਲੇ ਵਿਚ ਮਰਦਮਸ਼ੁਮਾਰੀ ਕਰਵਾਉਣ ਦੀ ਵੀ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਇਸ ਨਾਲ ਸਰਕਾਰੀ ਅਧਿਆਪਕਾਂ 'ਤੇ ਵਾਧੂ ਬੋਝ ਪਵੇਗਾ ਜੋ ਪਹਿਲਾਂ ਹੀ ਬੱਚਿਆਂ ਦੀ ਪੜ੍ਹਾਈ ਨਾਲ ਸਮਝੌਤਾ ਕਰ ਰਹੇ ਹਨ। ਉਹਨਾਂ ਕਿਹਾ ਕਿ ਅਜਿਹੇ ਸਰਵੇਖਣ ਕਰਨੇ ਅਧਿਆਪਕਾਂ ਦਾ ਕੰਮ ਨਹੀਂ ਹੈ। ਉਹਨਾਂ ਮੰਗ ਕੀਤੀ ਕਿ ਅਧਿਆਪਕਾਂ ਨੂੰ ਅਜਿਹੇ ਸਰਵੇਖਣਾਂ ਤੋਂ ਪਾਸੇ ਕੀਤਾ ਜਾਵੇ।

ਅਕਾਲੀ ਦਲ ਦੇ ਪ੍ਰਧਾਨ ਨੇ ਇਹ ਵੀ ਗੱਲ ਕੀਤੀ ਕਿ ਕਿਵੇਂ ਦਿੱਲੀ ਦੀਆਂ ਪਾਰਟੀਆਂ ਨੇ ਹਮੇਸ਼ਾ ਪੰਜਾਬ ਨਾਲ ਵਿਤਕਰਾ ਕੀਤਾ। ਉਹਨਾਂ ਕਿਹਾ ਕਿ ਪੰਜਾਬ ਨੂੰ ਰਾਜ ਦੇ ਪੁਨਰਗਠਨ ਵੇਲੇ ਇਸਦੀ ਰਾਜਧਾਨੀ ਤੋਂ ਵਾਂਝਾ ਕੀਤਾ ਗਿਆ ਤੇ ਪੰਜਾਬੀ ਬੋਲਦੇ ਇਲਾਕੇ ਵੀ ਨਵੇਂ ਰਾਜ ਵਿਚੋਂ ਬਾਹਰ ਰੱਖੇ ਗਏ। ਉਹਨਾਂ ਕਿਹਾ ਕਿ ਸਾਡੇ ਅੱਧੇ ਦਰਿਆਈ ਪਾਣੀ ਕਾਂਗਰਸ ਪਾਰਟੀ ਨੇ ਰਾਈਪੇਰੀਅਨ ਸਿਧਾਂਤ ਦੇ ਉਲਟ ਰਾਜਸਥਾਨ ਨੂੰ ਦੇ ਦਿੱਤੇ। ਉਹਨਾਂ ਕਿਹਾ ਕਿ ਦਿੱਲੀ ਦੀਆਂ ਪਾਰਟੀਆਂ ਸਿਰਫ ਰਾਜ ਕਰਨ ਤੇ ਲੁੱਟ ਕਰਨ ਵਾਸਤੇ ਆਉਂਦੀਆਂ ਹਨ ਜਦੋਂ ਕਿ ਅਕਾਲੀ ਦਲ ਹਮੇਸ਼ਾ ਤੁਹਾਡੇ ਚੰਗੇ ਮਾੜੇ ਸਮੇਂ ਵਿਚ ਤੁਹਾਡੇ ਨਾਲ ਰਹਿੰਦਾ ਹੈ।

ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਇਹ ਆਗੂ ਉਹਨਾਂ ਵਿਕਾਸ ਪ੍ਰਾਜੈਕਟਾਂ ਦਾ ਸਿਹਰਾ ਲੈਣਾ ਚਾਹੁੰਦਾ ਹੈ ਜੋ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਨੇਪਰੇ ਚਾੜ੍ਹੇ। ਉਹਨਾਂ ਕਿਹਾ ਕਿ ਇਹ ਆਗੂ ਝੂਠੇ ਦਾਅਵੇ ਕਰ ਰਿਹਾ ਹੈ ਕਿ ਇਸਨੇ ਅਕਾਲੀ ਦਲ ਵਾਸਤੇ ਫੰਡ ਦਿੱਤੇ ਤੇ ਹੜ੍ਹ ਪੀੜ੍ਹਤਾਂ ਵਾਸਤੇ ਕਰੋੜਾਂ ਰੁਪਏ ਖਰਚੇ ਜਦੋਂ ਕਿ ਦਿੱਤਾ ਕੱਖ ਵੀ ਨਹੀਂ।

ਪੰਜਾਬ ਬਾਰੇ ਆਪਣੇ ਦ੍ਰਿਸ਼ਟੀਕੋਣ ਦੀ ਗੱਲ ਕਰਦਿਆਂ ਸਰਦਾਰ ਬਾਦਲ ਨੇ ਐਲਾਨ ਕੀਤਾ ਕਿ ਅਗਲੀ ਅਕਾਲੀ ਦਲ ਦੀ ਸਰਕਾਰ ਗਰੈਜੂਏਸ਼ਨ ਪੱਧਰ ਤੱਕ ਮੁਫਤ ਸਿੱਖਿਆ ਦੇਵੇਗੀ। ਉਹਨਾਂ ਕਿਹਾ ਕਿ ਅਕਾਲੀ ਦਲ ਸਰਕਾਰ ਇਕ ਸਕਿੱਲ ਯੂਨੀਵਰਸਿਟੀ ਵੀ ਸਥਾਪਿਤ ਕਰੇਗੀ, ਨੌਜਵਾਨਾਂ ਨੂੰ 10 ਲੱਖ ਰੁਪਏ ਤੱਕ ਦਾ ਵਿਆਜ਼ ਮੁਕਤ ਕਰਜ਼ਾ ਦਿੱਤਾ ਜਾਵੇਗਾ, ਆਟਾ ਦਾਲ ਸਕੀਮ ਦਾ ਵਿਸਥਾਰ ਕੀਤਾ ਜਾਵੇਗਾ, ਬੁਢਾਪਾ ਪੈਨਸ਼ਨ ਵਧਾ ਕੇ 3100 ਰੁਪਏ ਕੀਤੀ ਜਾਵੇਗੀ, ਸ਼ਗਨ ਸਕੀਮ ਅਧੀਨ ਰਾਸ਼ੀ ਵਧਾ ਕੇ 1 ਲੱਖ ਰੁਪਏ ਕੀਤੀ ਜਾਵੇਗੀ ਅਤੇ ਖੇਤੀਬਾੜੀ ਆਧਾਰਿਤ ਪਸ਼ੂ ਪਾਲਣ ਵਾਸਤੇ 75 ਫੀਸਦੀ ਸਬਸਿਡੀ ਦਿੱਤੀ ਜਾਵੇਗੀ।

ਇਸ ਮੌਕੇ ਐਨ ਕੇ ਸ਼ਰਮਾ, ਕਬੀਰ ਦਾਸ, ਮੱਖਣ ਸਿੰਘ ਲਾਲਕਾ, ਸਰਬਜੀਤ ਸਿੰਘ ਝਿੰਜਰ, ਜਸਪਾਲ ਸਿੰਘ ਬਿੱਟੂ ਚੱਠਾ, ਅਮਿਤ ਰਾਠੀ, ਤੇਜਿੰਦਰਪਾਲ ਸਿੰਘ ਸੰਧੂ ਤੇ ਅਰਸ਼ਦੀਪ ਸਿੰਘ ਕਲੇਰ ਨੇ ਵੀ ਸੰਬੋਧਨ ਕੀਤਾ।

ਸ਼ਬਦੋ ਵਣਜਾਰਿਓ

# ਨੋਟ



ਪਰਮਜੀਤ ਢੀਂਗਰਾ
94173-58120

ਕਾ ਗ਼ਜ਼ ਦੀ ਕਾਢ ਚੀਨੀਆਂ ਦੀ ਦੇਣ ਹੈ। ਪਰ ਦਿਲਚਸਪ ਗੱਲ ਇਹ ਹੈ ਕਿ ਾਗ਼ਜ਼ੀ ਨੋਟਾਂ ਦੀ ਸ਼ੁਰੂਆਤ ਵੀ ਚੀਨ ਤੋਂ ਹੀ ਈ। ਕਾਗ਼ਜ਼ ਬਣਾਉਣਾ ਸਿਖਣ ਤੋਂ ਨੌਂ ਸਦੀਆਂ ਅਦ ਚੀਨ ਨੂੰ ਧਾਤ ਦੀ ਮੁਦਰਾ ਦੀ ਵਰਤੋਂ ਵਿਚ ਾ ਰਹੀਆਂ ਵਿਹਾਰਕ ਦਿਕਤਾਂ ਕਾਰਣ ਕਾਗ਼ਜ਼ ੀ ਮੁਦਰਾ ਬਣਾਉਣ ਦੀ ਸੁਝੀ। ਤਾਂਗ ਘਰਾਣੇ ਦੇ ਾਜ ਸਮੇਂ ਸਰਕਾਰ ਨੂੰ ਇਹ ਮਹਿਸੂਸ ਹੋਣ ਲਗਾ ਕ ਵਿਸ਼ਾਲ ਰਾਜ ਵਿਚ ਧਾਤ ਦੇ ਸਿੱਕਿਆਂ ਨੂੰ ਇਕ ਂ ਤੋਂ ਦੂਜੀ ਥਾਂ ਲਿਜਾਣਾ ਜੋਖ਼ਮ ਭਰਿਆ ਕੰਮ ਹੈ। ਟਕਸਾਲਾਂ ਵਿੱਚੋਂ ਇਨ੍ਹਾਂ ਨੂੰ ਦੂਰ ਦੁਰੇਡੇ ਲਾਕਿਆਂ ਵਿਚ ਭੇਜਣਾ ਹੋਰ ਵੀ ਕਠਿਨ ਸੀ। ਸੇ ਲਈ ਤਾਂਗ ਘਰਾਣੇ (618-907) ਦੇ ਰਾਜ ਾਲ ਦੌਰਾਨ ਇਹਦੀ ਕਾਢ ਦਾ ਉਲੇਖ ਮਿਲਦਾ । ਕਾਗ਼ਜ਼ੀ ਨੋਟਾਂ ਦੇ ਵਿਕਾਸ ਲਈ ਸੁੰਗ ਘਰਾਣੇ (907-1127) ਦਾ ਯੁਗ ਵੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਰਾਜ ਵੱਲੋਂ ਕਾਗ਼ਜ਼ ਦਾ ਇਕ ਖ਼ਰੀਤਾ ਜਾਰੀ ਕੀਤਾ ਜਾਂਦਾ ਸੀ ਜਿਸ 'ਤੇ ਉਹਦੇ ਬਦਲੇ ਭੁਗਤਾਨ ਕਰਨ ਵਾਲੀ ਰਕਮ ਲਿਖੀ ਜਾਂਦੀ ਸੀ। ਬਾਦਸ਼ਾਹ ਦਾ ਇਹ ਪ੍ਰਮਾਣ ਪੱਤਰ ਮੁਦਰਾ ਦੀ ਥਾਂ 'ਤੇ ਵਰਤੋਂ ਵਿਚ ਲਿਆਂਦਾ ਜਾ ਸਕਦਾ ਸੀ। ਲੋੜ ਪੈਣ 'ਤੇ ਰਾਜਧਾਨੀ ਆ ਕੇ ਇਹਦੇ ਬਰਾਬਰ ਦੀ ਰਾਸ਼ੀ ਵੀ ਪ੍ਰਾਪਤ ਕੀਤੀ ਜਾ ਸਕਦੀ ਸੀ।

ਯੂਰਪੀ ਯਾਤਰੀ ਮਾਰਕੋਪੋਲੋ (1254-1324) ਨੇ ਵੀ ਆਪਣੇ ਸਫ਼ਰਨਾਮੇ ਵਿਚ ਚੀਨ ਦੀ ਇਸ ਕਾਗ਼ਜ਼ੀ ਮੁਦਰਾ ਦਾ ਵਰਣਨ ਕੀਤਾ ਹੈ। ਸ਼ੁਰੂ ਵਿਚ ਇਸ ਨੂੰ ਫਲਾਇੰਗ ਕਰੰਸੀ ਜਾਂ ਉਡਣ ਮੁਦਰਾ ਕਿਹਾ ਜਾਂਦਾ ਸੀ ਕਿਉਂਕਿ ਤੇਜ਼ ਹਵਾਵਾਂ ਵਿਚ ਇਹ ਅਕਸਰ ਉੱਡ ਜਾਂਦੀ ਸੀ। ਬੇਹਿਸਾਬ ਖ਼ਰਚ ਲਈ ਰੁਪਿਆ ਉਡਾਣਾ ਸ਼ਾਇਦ ਏਸੇ ਤੋਂ ਬਣਿਆ ਮੁਹਾਵਰਾ ਹੈ। ਉਡਣ ਦੇ ਨਾਲ ਨਾਲ ਇਸ ਵਿਚ ਵਹਿਣ ਦਾ ਵੀ ਭਾਵ ਅਰਥ ਹੈ। ਅਰਥ ਸ਼ਾਸਤਰ ਦਾ ਵਿਕਾਸ ਹੋਣ 'ਤੇ ਤਰਲਤਾ (Liquidity) ਦੇ ਗੁਣ ਦਾ ਪਤਾ ਲੱਗਿਆ। ਇਸ ਨੂੰ ਆਮ ਭਾਸ਼ਾ ਵਿਚ ਮੁਦਰਾ ਦਾ ਵਹਿਣ ਜਾਂ ਨਕਦੀ ਦੀ ਮੌਜੂਦਗੀ ਕਿਹਾ ਜਾ ਸਕਦਾ ਹੈ। ਅੱਜ ਅਸੀਂ ਜਿਸ ਨੋਟ ਤੋਂ ਵਾਕਫ਼ ਹਾਂ ਇਹ ਯੂਰਪ ਦੀ ਦੇਣ ਹੈ। ਚੀਨ ਵਿਚ ਕਾਗ਼ਜ਼ ਦੀ ਕਾਢ ਤੋਂ ਸਦੀਆਂ ਬਾਅਦ ਯੂਰਪ ਨੇ ਇਸ ਨੂੰ ਅਪਨਾਇਆ। ਸਿੱਕਿਆਂ ਦੀ ਢਲਾਈ ਮਹਿੰਗੀ ਹੋਣ ਕਰਕੇ ਵੀ ਕਾਗ਼ਜ਼ੀ ਨੋਟ ਛੇਤੀ ਪ੍ਰਚਲਤ ਹੋ ਗਿਆ। ਯੂਰਪ ਵਿਚ ਇਹਦਾ ਅਰੰਭ 1660 ਵਿਚ ਸਟਾਕ ਹੋਮ ਬੈਂਕ ਵਿਚ ਹੋਇਆ। ਸ਼ੁਰੂ ਵਿਚ ਥੋੜ੍ਹੇ ਜਿਹੇ ਨੋਟ ਹੀ ਜਾਰੀ ਕੀਤੇ ਗਏ। ਇਹ ਨੋਟ ਚੀਨੀ ਨੋਟਾਂ ਵਰਗੇ ਸਨ। ਬਾਅਦ ਵਿਚ ਇਹਦੇ ਗੁਣਾਂ ਕਰਕੇ ਇਹਦੀ ਵਰਤੋਂ ਮਾਤਰਾ ਵਧਦੀ ਗਈ। ਜਿਸ ਕਰੰਸੀ ਨੂੰ ਅੱਜ ਨੋਟ ਕਿਹਾ ਜਾਂਦਾ ਹੈ। ਅਸਲ 'ਚ ਉਹਦਾ ਪੂਰਾ ਨਾਂ ਹੈ-ਬੈਂਕ ਨੋਟ। ਨੋਟ ਓਸੇ GNO ਧਾਤੂ ਤੋਂ ਬਣਿਆ ਹੈ ਜਿਸ ਤੋਂ ਅੰਗਰੇਜ਼ੀ ਸ਼ਬਦਾਂ Kmow ਬਣਿਆ ਹੈ। ਇਹਦੇ ਵਿਚ ਨਿਰੀਖਣ, ਜਾਣੂ ਹੋਣਾ, ਕਰਾਣਾ, ਜਾਣਕਾਰੀ ਰੱਖਣਾ, ਦੇਖਣਾ, ਸਮਝਣਾ ਆਦਿ ਦੇ ਭਾਵ ਹਨ। ਮੂਲ ਰੂਪ ਵਿਚ ਪੁਰਾਤਨ ਲੈਟਿਨ GNOSCERE ਤੋਂ ਬਣਿਆ GNATA , ਜਿਸ ਤੋਂ ਅੰਗਰੇਜ਼ੀ ਨੋਟ ਬਣਿਆ।

ਲੈਟਿਨ ਦੇ NOTARE ਤੋਂ ਇਹ ਫਰੈਂਚ ਵਿਚ ਦਾਖ਼ਲ ਹੋਇਆ, ਜਿਸ ਦਾ ਅਰਥ ਚਿੱਠੀ ਆਦਿ ਹੈ। ਏਸੇ ਤੋਂ ਅੰਗਰੇਜ਼ੀ ਨੋਟਿਸ ਬਣਿਆ। ਪੰਜਾਬੀ ਵਿਚ ਇਹਦੇ ਨਾਲ ਜੁੜੇ ਕਈ ਮੁਹਾਵਰੇ ਮਿਲਦੇ ਹਨ-ਨੋਟ ਕਮਾਉਣਾ; ਨੋਟ ਬਣਾਉਣਾ; ਨੋਟ ਬਰਸਣਾ; ਨੋਟਾਂ ਦੀ ਖੇਡ; ਨੋਟਾਂ ਵਿਚ ਖੇਡਣਾ; ਨੋਟ ਤੁੜਾਇਆ ਗਿਆ, ਮੁੰਡਾ ਵਿਆਹਿਆ ਗਿਆ। ਨੋਟ ਭਨਾਉਣਾ। ਏਸੇ ਤੋਂ ਨਵਾਂ ਸ਼ਬਦ ਪ੍ਰਚਲਤ ਹੋਇਆ-ਨੋਟਬੰਦੀ। •

## ਗ਼ਜ਼ਲਾਂ

ਕੀ ਕਹਾਂ ਗੱਲ ਆਪਣੀ,
ਬਸ ਰਹਿਣ ਦੇ ਮੈਨੂੰ।
ਜੋ ਤੇਰੀ ਮੈਂ ਸੁਣ ਲਈ,
ਉਹ ਸਹਿਣ ਦੇ ਮੈਨੂੰ।

ਜਦ ਸਦੀਵੀ ਦੋਸਤ ਦਾ,
ਸਾਥ ਹੈ ਆਪਣਾ,
ਬੇ-ਖ਼ਬਰ ਨਾ, ਦੂਰ ਆਪਣੇ,
ਬਹਿਣ ਦੇ ਮੈਨੂੰ।

ਮੌਜ-ਮਸਤੀ ਜ਼ਿੰਦਗੀ ਦੀ,
ਰਾਸ ਹੈ ਮਿੱਤਰਾ,
ਇਸ ਨਜ਼ਾਰੇ ਨੂੰ ਸਹਾਰਾ,
ਕਹਿਣ ਦੇ ਮੈਨੂੰ।

ਜਿਸ ਤਰ੍ਹਾਂ ਦੀ ਮਿੱਤਰਤਾ,
ਹੁਣ ਤਕ ਨਿਭਾਈ ਏ,
ਇਹ ਵਤੀਰਾ ਆਪਣਾ ਹੀ,
ਰਹਿਣ ਦੇ ਮੈਨੂੰ।

ਸਾਥ ਮੇਰਾ, ਜਦ ਕਦੇ,
ਬੇ-ਆਸਰਾ ਜਾਪੇ,
ਫਿਰ ਸਦਾ ਤੂੰ, ਵੱਖਰਾ ਹੀ,
ਬਹਿਣ ਦੇ ਮੈਨੂੰ।



ਬਲਵਿੰਦਰ ਵਾਲੀਆ
94175-81242

ਜੜ੍ਹਾਂ ਧਰਤ 'ਚੋਂ ਟਹਿਣੀਆਂ ਉਪਰੋਂ, ਰੁੱਖ ਤਾਂ ਨੇੜੇ ਨੇੜੇ।
ਬੰਦਾ ਰੱਤ ਦੇ ਰਿਸ਼ਤਿਆਂ ਵਿਚ ਹੀ, ਪਾਵੇ ਵਿੱਥ ਤਰੇੜੇ।

ਲਾਲੋ ਲਾਲ ਉਹ ਮਘਿਆ ਭਾਵੇਂ, ਲੱਖ ਬੁਝਾਇਆ ਲੋਕਾਂ,
ਹੁਣ ਡਰਦਾ ਕੋਈ ਹੱਥ ਨਾ ਪਾਵੇ, ਕੋਈ ਨਾ ਮੌਤ ਸਹੇੜੇ।

ਬਾਪ ਕਰਜ਼ ਨੇ ਨੱਪਿਆ ਧੀ ਨੇ ਚੁੰਨੀ ਕਫ਼ਨ ਕਰ ਲਈ,
ਸ਼ਾਹੂਕਾਰ ਦਾ ਮੁੰਡਾ ਹਟ ਗਿਆ, ਗਲੀ 'ਚ ਲਾਉਣੋਂ ਗੇੜੇ।

ਗਿੱਲਾ ਪੀਹਣ ਕੀ ਪਾਉਣਾ ਸੱਜਣਾ, ਇਸ਼ਕ ਘਟਾ ਸਾਵਣ ਦੀ,
ਆਸ਼ਿਕ ਸੌਂਪੇ ਸਿਰ ਮੁਰਸ਼ਦ ਨੂੰ, ਪਲਾਂ 'ਚ ਗੱਲ ਨਿਬੇੜੇ।

ਕਸ਼ਮੀਰੀ ਪੰਡਿਤ ਆਵਣ ਜਾਂ ਮੱਖਣ ਸ਼ਾਹ ਲੁਬਾਣਾ,
ਨਾਨਕ ਤਨ ਮਨ ਵਾਰ ਕੇ ਸਭ ਦੇ ਪਾਰ ਲਗਾਵੇ ਬੇੜੇ।

ਗ਼ਜ਼ਲ ਕਵੀ ਦੀ ਕਿਰਤ, ਕਵੀ ਵੀ ਗ਼ਜ਼ਲ ਦੇ ਸਿਰ 'ਤੇ ਜੀਵੇ,
'ਫੇਰੂਮਾਨ' ਕਵੀ ਨਹੀਂ ਜੇ ਨਾ, ਗੱਲ ਗ਼ਜ਼ਲ ਦੀ ਛੇੜੇ।



ਡਾ. ਭੁਪਿੰਦਰ ਸਿੰਘ ਫੇਰੂਮਾਨ
95309-58070

ਕਿਹੋ ਜਿਹੇ ਜਮਾਨੇ ਆ ਗਏ।
ਗਲੀ ਗਲੀ ਦੀਵਾਨੇ ਆ ਗਏ।

ਕਾਮੀ ਰੂਹਾਂ ਇਸ਼ਕ ਮਜਾਜੀ,
ਲੁੱਟਣ ਹੁਸਨ ਪ੍ਰਵਾਨੇ ਆ ਗਏ।

ਕੰਨ ਰਸ ਤੋਂ ਹੁਣ ਹੈ ਵਿਹੂਣੇ,
ਕਿਹੋ ਜਿਹੇ ਤਰਾਨੇ ਆ ਗਏ।

ਰਿਸ਼ਵਤ ਦਾ ਉਨ੍ਹਾਂ ਨਾਂ ਬਦਲਿਆ,
ਹੁੱਬਕੇ ਕਹਿਣ ਨਜ਼ਰਾਨੇ ਆ ਗਏ।

ਕੰਮ ਧੰਦੇ ਸਭ ਬੰਦ ਹੋ ਗਏ,
ਜਦੋਂ ਦੇ ਵੱਡੇ ਘਰਾਨੇ ਆ ਗਏ।

ਸੱਚ ਨੂੰ ਪਲ ਵਿਚ ਝੂਠਾ ਕਰਦੇ,
ਕੈਸੇ ਵਿਕਾਊ ਪੈਮਾਨੇ ਆ ਗਏ।

ਨਾਲ ਕਦੋਂ ਦੁੱਖ ਵੇਲੇ ਖੜ੍ਹ ਦੇ,
ਸਕੇ ਨਾ ਕੰਮ ਬੇਗਾਨੇ ਆ ਗਏ।

ਨੇਕੀ ਕਰੋ ਤੇ ਖਾਉ ਜੁੱਤੀਆਂ,
ਮੁਫ਼ਤ ਹਿੱਸੇ ਤਾਅਨੇ ਆ ਗਏ।

ਉਲਝੇ ਜਾਤਾਂ ਪਾਤਾਂ ਦੇ ਵਿਚ,
ਲੱਗਦਾ ਦਿਨ ਪੁਰਾਣੇ ਆ ਗਏ।

ਨਿੱਕੂਵਾਲ ਵੇ ਕਲਮਾਂ ਵਿੱਕੀਆਂ,
ਕੱਚਘਰੜ ਲਿਖਣ ਨਿਆਣੇ ਆ ਗਏ।



ਜੱਗਾ ਨਿੱਕੂਵਾਲ
9815475019

## ਕਵਿਤਾ

### ਕਾਸ਼! ਪਰਿੰਦਾ ਮੈਂ ਬਣ ਜਾਵਾਂ

ਉੱਡ ਉੱਡ ਅੰਬਰੀ ਤਾਰੀਆਂ ਲਾਵਾਂ
ਨਾਲ ਖੰਭਾਂ ਦੇ ਯਾਰੀਆਂ ਲਾਵਾਂ
ਵਿਚ ਹਵਾ ਦੇ ਗੋਤੇ ਖਾਵਾਂ
ਕਾਸ਼! ਪਰਿੰਦਾ ਮੈਂ ਬਣ ਜਾਵਾਂ।

ਨਾ ਕੋਈ ਮੇਰਾ ਮਜ਼ਹਬ ਪਛਾਣੇ
ਨਾ ਮੈਂ ਪਹਿਨਾਂ ਮਜ਼ਹਬੀ ਬਾਣੇ
ਹਿੰਦੂ ਮੁਸਲਿਮ ਸਿੱਖ ਇਸਾਈ
ਜਿਹਦੇ ਜੀਅ, ਦਾਣੇ ਚੁਗ ਜਾਵਾਂ
ਕਾਸ਼! ਪਰਿੰਦਾ ਮੈਂ ਬਣ ਜਾਵਾਂ।

ਦਿਲ ਚਾਹਵੇ, ਮੰਦਿਰ ਜਾ ਬਹਿ ਜਾਂ
ਜਾ ਮਸਜਿਦ 'ਤੇ ਬਹਿਕੇ ਚਹਿਕਾਂ
ਗੁਰੂ-ਦੁਆਰਾ ਜਾਂ ਕੋਈ ਗਿਰਜਾ
ਮਹਿਕਾਂ ਵੰਡਾਂ ਜਿੱਥੇ ਜਾਵਾਂ
ਕਾਸ਼! ਪਰਿੰਦਾ ਮੈਂ ਬਣ ਜਾਵਾਂ।

ਨਾ ਹੱਦਾਂ- ਸਰਹੱਦਾਂ ਰੋਕਣ ਮੈਨੂੰ
ਨਾ ਹੀ ਸਰਕਾਰਾਂ ਟੋਕਣ ਮੈਨੂੰ
ਬਿਨ ਵੀਜ਼ੇ ਤੋਂ ਦੁਨੀਆ ਵੇਖਾਂ
ਜਿੱਥੇ ਮਰਜ਼ੀ ਆਵਾਂ ਜਾਵਾਂ
ਕਾਸ਼! ਪਰਿੰਦਾ ਮੈਂ ਬਣ ਜਾਵਾਂ।

ਦੁਖੀ ਹੋਇਆ ਦਿਲ ਇਨਸਾਨਾਂ ਤੋਂ
ਧਰਮਾਂ ਤੇ ਝੂਠਾਂ ਈਮਾਨਾਂ ਤੋਂ
ਮਾਨਵਤਾ ਦੀ ਕੱਢ 'ਤੀ ਅਰਥੀ
'ਦੂਹੜਿਆਂ ਵਾਲਿਆ' ਕਿੱਧਰ ਜਾਵਾਂ
ਕਾਸ਼! ਪਰਿੰਦਾ ਮੈਂ ਬਣ ਜਾਵਾਂ ।



ਖ਼ੁਸ਼ੀ ਮੁਹੰਮਦ ਚੱਠਾ
97790-25356

ਮਿੰਨੀ ਕਹਾਣੀ

## ਪਰੰਪਰਾ



**ਮੀਤ** ਦੀ ਤਾਂ ਅੱਜ ਜਿਵੇਂ ਜ਼ਿੰਦਗੀ ਹੀ ਖ਼ਤਮ ਹੋ ਗਈ ਹੋਵੇ। ਉਹ ਉੱਚੀ-ਉੱਚੀ ਰੋ ਰਹੀ ਸੀ । ਉਸ ਦੀ ਕੁੜੀ ਆਪਣੀ ਮਰਜੀ ਦੇ ਮੁੰਡੇ ਨਾਲ ਵਿਆਹ ਕਰਾਉਣ ਲਈ ਘਰੋਂ ਭੱਜ ਗਈ। ਪਰ ਜਦੋਂ ਮੀਤ ਦੀ ਸੱਸ ਨੇ ਆਖਿਆ ਕਿ ਕੋਈ ਗੱਲ ਨਹੀਂ ਤੂੰ ਵੀ ਤਾਂ ਇੰਜ ਹੀ ਭੱਜ ਕੇ ਆਈ ਸੀ । ਹੁਣ ਕੁੜੀ ਨੇ ਤਾਂ ਪਰੰਪਰਾ ਨੂੰ ਅੱਗੇ ਤੋਰਨਾ ਹੀ ਸੀ । ਇਹ ਸੁਣ ਕੇ ਮੀਤ ਸੁੰਨ ਹੋ ਗਈ ਤੇ ਸੋਚਣ ਲੱਗੀ ਕਿ ਉਸ ਦਿਨ, ਉਸ ਦੇ ਮਾਪਿਆ 'ਤੇ ਕੀ ਬੀਤੀ ਹੋਵੇਗੀ ਜਿਸ ਦਿਨ ਉਹ ਆਪਣੀ ਮਰਜੀ ਨਾਲ ਵਿਆਹ ਕਰਾਉਣ ਲਈ ਘਰੋਂ ਆ ਗਈ ਸੀ।

• ਕਿਰਨਪ੍ਰੀਤ ਕੌਰ, 068864013133

# ਭੁੱਲਿਆ ਵਿਸਰਿਆ ਕਲਮੀ ਯੋਧਾ ਵੀਰ ਸਿੰਘ ਵੀਰ

ਕਵੀ, ਵੀਰ ਸਿੰਘ ਵੀਰ ਦਾ ਜਨਮ 14 ਫਰਵਰੀ 1905 'ਚ ਮਾਤਾ ਈਸ਼ਰ ਕੌਰ ਤੇ ਪਿਤਾ ਗੁਰਮੁਖ ਸਿੰਘ ਦੇ ਘਰ ਚੌਕ ਛੱਤੀ ਖੂਹੀ, ਅੰਮ੍ਰਿਤਸਰ ਵਿਖੇ ਹੋਇਆ। ਕਲਗੀਧਰ ਸਕੂਲ ਤੋਂ ਪੰਜ ਜਮਾਤਾਂ ਪਾਸ ਕਰਨ ਉਪਰੰਤ ਉਨ੍ਹਾਂ ਗੁਰੂ ਅਰਜਨ ਦੇਵ ਮਿਡਲ ਸਕੂਲ ਤੋਂ ਅਗਲੇਰੀ ਵਿੱਦਿਆ ਪ੍ਰਾਪਤ ਕੀਤੀ। ਪੜ੍ਹਾਈ ਦੌਰਾਨ ਹੀ ਉਨ੍ਹਾਂ ਨੂੰ ਕਵਿਤਾ ਬੋਲਣ ਦਾ ਸ਼ੌਕ ਜਾਗਿਆ। 1919 ਵਿਚ ਜੱਲ੍ਹਿਆ ਵਾਲੇ ਬਾਗ਼ ਦੇ ਸਾਕੇ ਨੇ ਅੱਲੜ੍ਹ ਉਮਰ ਦੇ ਵੀਰ ਸਿੰਘ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਵਿਚ ਇਨਕਲਾਬੀ ਵਿਚਾਰ ਪੈਦਾ ਹੋਏ ਤੇ ਉਨ੍ਹਾਂ ਜੋਸ਼ੀਲੀਆਂ ਕਵਿਤਾਵਾਂ ਲਿਖਣੀਆਂ ਅਤੇ ਬੋਲਣੀਆਂ ਸ਼ੁਰੂ ਕਰ ਦਿੱਤੀਆਂ। ਇਸ ਕਰਕੇ ਉਨ੍ਹਾਂ ਨੂੰ ਅੰਗਰੇਜ਼ੀ ਹਕੂਮਤ ਦੇ ਜ਼ੁਲਮ ਦਾ ਸਾਹਮਣਾ ਕਰਨਾ ਪਿਆ। 1930-33 ਦੌਰਾਨ ਮਹਾਤਮਾ ਗਾਂਧੀ ਵੱਲੋਂ ਦੇਸ਼ ਵਾਸੀਆਂ ਨੂੰ ਵਿਦੇਸ਼ੀ ਮਾਲ ਦਾ ਬਾਈਕਾਟ ਕਰਨ ਦੇ ਦਿੱਤੇ ਸੱਦੇ ਦੌਰਾਨ ਆਪ ਵੱਲੋਂ ਰਚੀਆਂ ਗਈਆਂ ਕਵਿਤਾਵਾਂ ਦੇ ਸਿੱਟੇ ਵਜੋਂ ਨੌਂ ਮਹੀਨੇ ਲਾਹੌਰ ਦੀ ਬੋਸਟਨ ਜੇਲ੍ਹ ਵਿਚ ਗੁਜ਼ਾਰਨੇ ਪਏ। ਬਾਗ਼ੀ ਸੁਰ ਵਾਲੇ ਵਿਚਾਰਾਂ ਤੇ ਹਕੂਮਤ ਖ਼ਿਲਾਫ਼ ਕਵਿਤਾਵਾਂ ਬੋਲਣ ਕਰਕੇ ਵੀਰ ਸਿੰਘ ਨੂੰ 1938 ਵਿਚ ਕਤਲ ਦਾ ਕੇਸ ਪਾ ਕੇ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜ਼ਿਲ੍ਹਾ ਸਿਆਲਕੋਟ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਉਨ੍ਹਾਂ ਨੇ ਆਪਣੇ ਬਿਆਨ ਕੁਝ ਇਸ ਤਰ੍ਹਾਂ ਕਲਮਬੱਧ ਕਰਵਾਏ :

*ਬਹਿ ਕੁਰਸੀ 'ਤੇ ਕਰੀਂ ਇਨਸਾਫ਼ ਪੂਰਾ*
*ਮੇਰਾ ਸੋਚ ਕੇ ਸੁਣੀ ਸਵਾਲ ਡਿਪਟੀ।*
*ਸੀ.ਆਈ.ਡੀ. ਤੇਰੀ ਮੈਨੂੰ ਘੇਰ ਲੀਤਾ*
*ਪਾਇਆ ਬੁਲਬੁਲ ਨਿਮਾਣੀ ਤੇ ਜਾਲ ਡਿਪਟੀ।*
*ਜਿੰਨੇ ਪੁਲਿਸ ਕੀਤੇ ਜ਼ੁਲਮ ਨਾਲ ਮੇਰੇ*
*ਓਨੇ ਬਦਨ 'ਤੇ ਨਹੀਂ ਮੇਰੇ ਵਾਲ ਡਿਪਟੀ।*
*ਜੋ ਕੁਝ ਕਹਾਂਗਾ, ਸੱਚ ਹੀ ਕਹਾਂਗਾ ਮੈਂ*
*ਵੀਰ ਦੱਸਦਾ ਧਰਮ ਦੇ ਨਾਲ ਡਿਪਟੀ।*
*ਨਾ ਮੈਂ ਲੜਿਆ ਤੇ ਨਾ ਮੈਂ ਕਤਲ ਕੀਤਾ*
*ਕੱਢੀ ਨਹੀਂਓਂ ਕਿਸੇ ਨੂੰ ਗਾਲ ਡਿਪਟੀ।*

ਬਿਆਨਾਂ ਤੋਂ ਬਾਅਦ ਅਦਾਲਤ ਨੇ ਵੀਰ ਸਿੰਘ ਨੂੰ ਕਤਲ ਕੇਸ ਵਿੱਚੋਂ ਬਰੀ ਕਰ ਦਿੱਤਾ। ਉਨ੍ਹਾਂ ਨੇ ਗਿਆਨੀ ਜ਼ੈਲ ਸਿੰਘ, ਪ੍ਰਤਾਪ ਸਿੰਘ ਕੈਰੋਂ, ਈਸ਼ਰ ਸਿੰਘ ਮਝੈਲ, ਸੋਹਣ ਸਿੰਘ ਜਲਾਲ ਉਸਮਾਂ, ਜਥੇਦਾਰ ਊਧਮ ਸਿੰਘ ਨਾਗੋਕੇ, ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਅਤੇ ਜਥੇਦਾਰ ਮੋਹਨ ਸਿੰਘ ਨਾਗੋਕੇ ਆਦਿ ਨੇਤਾਵਾਂ ਦੀ ਅਗਵਾਈ ਹੇਠ ਜੰਗੇ ਆਜ਼ਾਦੀ ਲਈ ਕਈ ਵਾਰ ਜੇਲ੍ਹ ਯਾਤਰਾ ਕੀਤੀ। ਜ਼ਿਕਰਯੋਗ ਹੈ ਕਿ ਵੀਰ ਸਿੰਘ ਗਿਆਨੀ ਜ਼ੈਲ ਸਿੰਘ ਤੇ ਪ੍ਰਤਾਪ ਸਿੰਘ ਕੈਰੋਂ ਦੇ ਨਿਕਟਵਰਤੀ ਸਾਥੀਆਂ 'ਚੋਂ ਸਨ।

ਵੀਰ ਸਿੰਘ ਵੀਰ ਨੇ ਕਈ ਕਿਤਾਬਾਂ ਤੇ ਧਾਰਮਿਕ ਕਿੱਸੇ ਰਚੇ ਜਿਨ੍ਹਾਂ ਵਿਚ 'ਅੰਮ੍ਰਿਤ-ਧਾਰਾਂ', 'ਤਿੱਖੀਆਂ ਧਾਰਾਂ', 'ਤਲਵਾਰ ਦੀ ਨੋਕ' ਅਤੇ 'ਖ਼ੂਨੀ ਤੇਗਾਂ' ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਦਸ ਪਾਤਸ਼ਾਹੀਆਂ, ਬੀਬੀ ਰਜਨੀ, ਮਾਤਾ ਸੁਲੱਖਣੀ,



ਚਾਰ ਸਾਹਿਬਜ਼ਾਦੇ, ਸ਼ਹੀਦ ਬਾਬਾ ਦੀਪ ਸਿੰਘ ਤੇ ਪੰਜਾ ਸਾਹਿਬ ਦੀ ਗੱਡੀ ਆਦਿ ਪ੍ਰਸੰਗਾਂ ਦੀ ਵੀ ਰਚਨਾ ਕੀਤੀ।

ਕਵੀ ਦਾ ਅਣਛਪਿਆ ਕਾਫ਼ੀ ਸਾਹਿਤ ਉਨ੍ਹਾਂ ਦੇ ਪਰਿਵਾਰ ਕੋਲ ਹੈ। ਇਹ ਸਾਹਿਤ ਸਮਾਜਿਕ, ਧਾਰਮਿਕ ਅਤੇ ਰਾਜਸੀ ਵਿਸ਼ਿਆਂ ਨਾਲ ਓਤ-ਪ੍ਰੋਤ ਹੈ। ਵੀਰ ਸਿੰਘ ਮੂਲ ਰੂਪ ਵਿਚ ਸਟੇਜੀ ਕਵੀ ਸਨ ਇਸ ਕਰਕੇ ਉਨ੍ਹਾਂ ਦੇ ਕਲਮੀ ਸਾਥੀ ਵੀ ਬਹੁਤੇ ਸਟੇਜੀ ਕਵੀ ਹੀ ਸਨ, ਜਿਨ੍ਹਾਂ ਵਿਚ ਉਸ ਸਮੇਂ ਦੇ ਪੰਜਾਬੀ ਦੇ ਉੱਚ ਕੋਟੀ ਦੇ ਸ਼ਾਇਰ ਸ਼ਾਮਿਲ ਸਨ।

ਉਨ੍ਹਾਂ ਦੇ ਹਮਰਾਹ ਸਟੇਜੀ ਕਵੀਆਂ ਵਿੱਚੋਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ, ਵਿਧਾਤਾ ਸਿੰਘ ਤੀਰ, ਧਨੀ ਰਾਮ ਚਾਤ੍ਰਿਕ, ਕਰਤਾਰ ਸਿੰਘ ਬਲੱਗਣ, ਨੰਦ ਲਾਲ ਨੂਰਪੁਰੀ, ਬਲਵੰਤ ਸਿੰਘ ਤੇਗ, ਪਿਆਰਾ ਸਿੰਘ ਨਿਰਛਲ, ਉੱਤਮ ਸਿੰਘ ਤੇਜ, ਚਮਨ ਲਾਲ ਸ਼ੁਗਲ ਅਤੇ ਗਿਆਨ ਸਿੰਘ ਕੰਵਲ ਆਦਿ ਦੇ ਨਾਂ ਵਰਨਣਯੋਗ ਹਨ। ਉਨ੍ਹਾਂ ਕੁਝ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਹਿਤ ਗੁਰਦੁਆਰਾ ਸਾਰਾਗੜ੍ਹੀ ਵਿਖੇ ਗ੍ਰੰਥੀ ਦੇ ਤੌਰ 'ਤੇ ਸੇਵਾ ਨਿਭਾਈ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਉਨ੍ਹਾਂ ਨੂੰ ਲੋਕ ਸੰਪਰਕ ਵਿਭਾਗ ਵਿਚ ਨੌਕਰੀ ਲਗਵਾ ਦਿੱਤੀ ਜਿੱਥੇ ਉਨ੍ਹਾਂ 25 ਸਾਲ ਸੇਵਾ ਨਿਭਾਈ। ਵੀਰ ਸਿੰਘ ਵੀਰ ਨੇ ਆਪਣਾ ਪ੍ਰਿੰਟਿੰਗ ਪ੍ਰੈੱਸ ਲਾ ਕੇ ਹਫ਼ਤਾਵਾਰੀ ਪਰਚਾ 'ਦਲੇਰ ਖ਼ਾਲਸਾ' ਜਾਰੀ ਕੀਤਾ ਜੋ ਹੁਣ ਤਕ ਛਪ ਰਿਹਾ ਹੈ।

ਵੀਰ ਸਿੰਘ ਵੀਰ ਵੱਲੋਂ ਸਾਹਿਤ ਆਜ਼ਾਦੀ ਲਈ ਪਾਏ ਯੋਗਦਾਨ ਸਦਕਾ 15 ਅਗਸਤ 1988 ਨੂੰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਪ ਨੂੰ ਤਾਮਰ-ਪੱਤਰ ਦੇ ਕੇ ਸਨਮਾਨਿਆ। 1990 ਵਿਚ ਭਾਰਤ ਦੇ ਰਾਸ਼ਟਰਪਤੀ ਸ਼੍ਰੀ ਸ਼ੰਕਰ ਦਿਆਲ ਸ਼ਰਮਾ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ। 2008 ਵਿਚ ਸ. ਪ੍ਰਕਾਸ਼ ਸਿੰਘ ਬਾਦਲ ( ਉਸ ਸਮੇਂ ਮੁੱਖ ਮੰਤਰੀ ਪੰਜਾਬ) ਨੇ ਕੈਬਨਿਟ ਵਿਚ ਮਤਾ ਪਾਸ ਕਰਕੇ ਚੌਕ ਲਛਮਣਸਰ ਵਿਖੇ ਸਰਕਾਰੀ ਸਕੂਲ ਦਾ ਨਾਂ ਵੀਰ ਸਿੰਘ ਵੀਰ ਦੇ ਨਾਂ 'ਤੇ ਰੱਖਿਆ ਗਿਆ ਹੈ। ਸਾਹਿਤ ਦਾ ਇਹ ਕਲਮੀ ਯੋਧਾ ਵੀਰ ਸਿੰਘ ਵਾਰ 25 ਦਸੰਬਰ 2001 ਨੂੰ ਇਸ ਸੰਸਾਰ ਤੋਂ ਰੁਖ਼ਸਤ ਹੋ ਗਿਆ।

• ਮਨਪ੍ਰੀਤ ਸਿੰਘ ਜੱਸੀ
94785-94119

## ਤ੍ਰੈਲੋਚਨ ਲੋਚੀ ਦੀਆਂ ਨਜ਼ਮਾਂ



98142 53315

### ਦੁਆ

ਇਕ ਸ਼ਾਇਰ ਹੀ
ਕਰ ਸਕਦਾ ਹੈ
ਇਹੋ ਦੁਆ
ਕਿਸੇ ਵੀ
ਵਸਦੇ ਘਰ ਨੂੰ
ਜਿੰਦਰਾ ਵੱਜੇ ਨਾ

### ਹੂਕ

ਨਾਨਕ ਦੀ
ਬੋਲੀ ਨੂੰ
ਭੁੱਲ ਦੇ ਜਾਂਦੇ ਆਂ
ਕੇਹੜੇ ਵੈਰੀ
ਕਰ ਸਾਡੇ 'ਤੇ
ਵਾਰ ਗਏ
ਪੈਂਤੀ ਅੱਖਰ
ਕੱਲਮ ਕੱਲੇ
ਡੁਸਕ ਰਹੇ
ਘੱਟ ਗਿਣਤੀ ਦੇ ਛੱਬੀ
ਬਾਜ਼ੀ ਮਾਰ ਗਏ...।

### ਪਰਿਕਰਮਾ

ਗੁਰੂ ਘਰ ਦੀ
ਪਰਿਕਰਮਾ ਕਰਦਿਆਂ
ਮਨ 'ਚੋਂ
ਖ਼ਾਰਿਜ ਨਹੀਂ ਹੁੰਦੇ
ਜੋੜ ਤੋੜ
ਗਿਣਤੀਆਂ ਮਿਣਤੀਆਂ
ਤੇ ਹੋਰ ਬੜਾ ਕੁਝ
ਖ਼ੁਦ ਦੀ
ਪਰਿਕਰਮਾ ਕੀਤਿਆਂ
ਮੁੱਦਤ ਜੋ ਹੋ ਗਈ

### ਸਫ਼ਰ

ਲੰਮੇ ਸਫ਼ਰ 'ਤੇ
ਚੱਲੇ ਹੋ
ਕਈ ਚੰਗੀ ਕਿਤਾਬ ਵੀ
ਜ਼ਰੂਰ ਲੈ ਚੱਲੋ ਨਾਲ
ਜ਼ਰੂਰੀ ਨਹੀ...
ਕਿ ਸਫ਼ਰ ਵਿਚ
ਕਿਤਾਬਾਂ ਵਰਗੇ
ਲੋਕ ਮਿਲਣ

### ਏਨਾ ਗੁੱਸਾ

ਏਨਾ ਗੁੱਸਾ
ਕਿਉਂ ਏਨਾ ਉੱਚੀ ਬੋਲਦੈਂ?
ਸ਼ਬਦ ਬਿਖਰ ਜਾਣਗੇ
ਬਿਖਰੇ ਸ਼ਬਦਾਂ ਨੂੰ
ਸਮੇਟਣ ਲਈ
ਉਮਰਾਂ ਲੱਗ ਜਾਂਦੀਆਂ...

### ਰਿਸ਼ਤਾ

ਗੁਰੂ ਘਰ ਦੇ
ਹੋ ਕੇ ਵੀ
ਜੇ ਮੱਥੇ 'ਤੇ ਤਿਉੜੀ ਰਹੀ
ਜ਼ੁਬਾਨ ਕੌੜੀ ਰਹੀ
ਤਾਂ ਦੱਸੋ...
ਗੁਰੂ ਨੂੰ
ਕੀ ਜਵਾਬ ਦਿਆਂਗੇ
ਸ਼ਬਦਾਂ ਤੋਂ
ਟੁੱਟਿਆਂ ਨਾਲ
ਗੁਰੂ ਦਾ ਭਲਾ ਕੀ ਰਿਸ਼ਤਾ...

ਕਹਾਣੀ

# ਮੁਹੱਬਤ



*ਪਦਮਨੀ ਨੇ ਆਪਣੀ ਪੱਧਰ 'ਤੇ ਚਾਂਦਨੀ ਦੇ ਪਿਛੋਕੜ ਬਾਰੇ ਪੜਤਾਲ ਸ਼ੁਰੂ ਕਰ ਦਿੱਤੀ। ਪੜਤਾਲ ਤੋਂ ਪਦਮਨੀ ਨੂੰ ਪਤਾ ਲੱਗਿਆ ਕਿ ਚਾਂਦਨੀ ਇਕ ਗ਼ਰੀਬ ਪਰਿਵਾਰ ਨਾਲ ਸਬੰਧ ਰੱਖਦੀ ਹੈ। ਪਦਮਨੀ ਨੂੰ ਪੈਸੇ ਦੇ ਲਾਲਚ ਵਾਲਾ ਪੌਦਾ ਮੁਰਝਾਇਆ ਹੋਇਆ ਦਿਸਣ ਲੱਗਾ। ਮਨ ਹੀ ਮਨ ਉਸ ਨੇ ਇਸ ਰਿਸ਼ਤੇ ਨੂੰ ਖ਼ਤਮ ਕਰਨ ਦੀ ਸੋਚ ਲਈ...*

• ਕੈਲਾਸ਼ ਚੰਦਰ ਸ਼ਰਮਾ
80540-16816

ਪਦਮਨੀ 'ਤੇ ਪ੍ਰਮਾਤਮਾ ਦੀ ਬਹੁਤ ਕ੍ਰਿਪਾ ਸੀ। ਹਰ ਖ਼ੁਸ਼ੀ ਉਸ ਦੀ ਝੋਲੀ 'ਚ ਸੀ। ਸਿਆਣੇ ਕਹਿੰਦੇ ਨੇ, 'ਤਾਕਤ ਜਾਂ ਪੈਸੇ ਦਾ ਨਸ਼ਾ ਕੋਈ-ਕੋਈ ਸੰਭਾਲ ਸਕਦਾ ਹੈ'। ਪਦਮਨੀ ਕੋਲ ਇਹ ਦੋਵੇਂ ਨਸ਼ੇ ਸਨ। ਵਧੀਆ ਸਰਕਾਰੀ ਨੌਕਰੀ ਸੀ ਤੇ ਪੈਸੇ ਦੀ ਵੀ ਕੋਈ ਘਾਟ ਨਹੀਂ। ਰਾਜ ਕੁਮਾਰਾਂ ਵਰਗੇ ਸੋਹਣੇ ਪੁੱਤਰ ਦੀ ਦਾਤ ਉਸ ਨੂੰ ਪ੍ਰਾਪਤ ਸੀ। ਉਹ ਜਿਸ ਵੀ ਕੰਮ ਨੂੰ ਹੱਥ ਪਾਉਂਦੀ, ਬੁਲੰਦੀਆਂ ਹਾਸਲ ਕਰ ਲੈਂਦੀ। ਆਮ ਲੋਕਾਂ ਵਾਂਗ ਪ੍ਰਮਾਤਮਾ ਦੀਆਂ ਬਖ਼ਸ਼ੀਆਂ ਦਾਤਾਂ ਨੇ ਉਸ ਦੇ ਦਿਮਾਗ਼ ਨੂੰ ਕੁਝ ਜ਼ਿਆਦਾ ਹੀ ਅਸਮਾਨ 'ਤੇ ਚੜ੍ਹਾਇਆ ਹੋਇਆ ਸੀ।

ਲੋਕਾਂ ਨੂੰ ਟਿੱਚ ਜਾਣਦੀ ਅਕਸਰ ਉਹ ਕਹਿੰਦੀ, "ਲੋਕ ਤਾਂ ਐਵੇਂ ਕਿਸਮਤ ਭਰੋਸੀ ਬਣੇ ਫਿਰਦੇ ਨੇ। ਮੈਂ ਜੋ ਵੀ ਚਾਹਾਂ ਕਰ ਸਕਦੀ ਹਾਂ। ਕੋਈ ਹੋਣੀ ਜਾਂ ਕਿਸਮਤ ਨਹੀਂ ਹੁੰਦੀ। ਇਹ ਸਭ ਵਿਹਲੜ ਤੇ ਨਿਕੰਮੇ ਲੋਕਾਂ ਦੀਆਂ ਬਣਾਈਆਂ ਹੋਈਆਂ ਗੱਲਾਂ ਨੇ, ਆਪਣੀਆਂ ਕਮਜ਼ੋਰੀਆਂ ਨੂੰ ਲੁਕਾਉਣ ਲਈ। ਮੈਂ ਆਪਣੇ ਇਕਲੌਤੇ ਪੁੱਤਰ ਦੀ ਜ਼ਿੰਦਗੀ ਗੁਲਾਬ ਦੇ ਫੁੱਲਾਂ ਦੀ ਖ਼ੁਸ਼ਬੂ ਵਾਂਗ ਮਹਿਕਾਂ ਨਾਲ ਭਰ ਦਿਆਂਗੀ, ਇਹ ਮੇਰਾ ਵਾਅਦਾ ਏ ਉਸ ਨਾਲ"।

ਆਪਣੇ ਪੁੱਤਰ ਕੁਨਾਲ ਦਾ ਪਾਲਣ ਪੋਸ਼ਣ ਉਸ ਨੇ ਬੜੇ ਚਾਵਾਂ ਨਾਲ ਕੀਤਾ। ਕਿਸੇ ਵੀ ਚੀਜ਼ ਦੀ ਉਸ ਨੂੰ ਕਮੀ ਨਹੀਂ ਸੀ ਆਉਣ ਦਿੰਦੀ। ਜੇਕਰ ਕਮੀ ਰਹਿ ਜਾਂਦੀ ਤਾਂ ਉਹ ਸੀ ਸਿਰਫ਼ ਮਾਂ ਦੇ ਸਾਥ ਦੀ ਕਿਉਂਕਿ ਪਦਮਨੀ ਅਕਸਰ ਕਲੱਬਾਂ 'ਚ ਜਾਣ ਤੇ ਵੱਡੇ ਵੱਡੇ ਲੋਕਾਂ ਨਾਲ ਮੇਲ ਮਿਲਾਪ ਵਧਾਉਣ ਦੀ ਸ਼ੁਕੀਨ ਸੀ। ਕੁਨਾਲ ਦੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਪਦਮਨੀ ਨੇ ਆਪਣੀ ਵਾਕਫ਼ੀਅਤ ਦੇ ਜ਼ੋਰ ਨਾਲ, ਕੁਨਾਲ ਲਈ ਵਧੀਆ ਸਰਕਾਰੀ ਨੌਕਰੀ ਪ੍ਰਾਪਤ ਕਰ ਲਈ। ਸ਼ੁਰੂ ਵਿਚ ਕੁਨਾਲ ਦਾ ਕੰਮ ਵਿਚ ਮਨ ਨਹੀਂ ਸੀ ਲੱਗਦਾ ਕਿਉਂਕਿ ਬਚਪਨ ਤੋਂ ਹੀ ਉਸ ਨੂੰ ਬਣੇ ਬਣਾਏ ਕੰਮ ਹੀ ਮਿਲਦੇ ਰਹੇ ਸਨ। ਮਿਹਨਤ ਕਰਨ ਦੀ ਉਸ ਨੂੰ ਆਦਤ ਹੀ ਨਹੀਂ ਸੀ ਪਈ। ਹੌਲੀ-ਹੌਲੀ ਉਸ ਦਾ ਮਨ ਕੰਮ ਵਿਚ ਲੱਗਣ ਲੱਗਾ। ਅਚਾਨਕ ਦਫ਼ਤਰ ਵਿਚ ਉਸ ਦਾ ਮੇਲ ਚਾਂਦਨੀ ਨਾਂ ਦੀ ਕੁੜੀ ਨਾਲ ਹੋਇਆ।

ਚਾਂਦਨੀ ਰੱਜ ਕੇ ਸੋਹਣੀ ਹੋਣ ਦੇ ਨਾਲ-ਨਾਲ ਨਿਮਰ ਸੁਭਾਅ ਦੀ ਮਾਲਕ, ਖ਼ੁਸ਼ਦਿਲ ਲੜਕੀ ਸੀ। ਪਹਿਲੀ ਮਿਲਣੀ ਵਿਚ ਹੀ ਕੁਨਾਲ ਦਾ ਦਿਲ ਚਾਂਦਨੀ 'ਤੇ ਆ ਗਿਆ। ਉਸ ਨੂੰ ਮਹਿਸੂਸ ਹੋਇਆ ਜਿਵੇਂ ਚਾਂਦਨੀ ਪ੍ਰਮਾਤਮਾ ਵੱਲੋਂ ਉਸ ਲਈ ਹੀ ਸੁਗ਼ਾਤ ਬਣ ਕੇ ਆਈ ਸੀ। ਹੌਲੀ-ਹੌਲੀ ਕੁਨਾਲ ਦਾ ਦਿਲ ਦਫ਼ਤਰ ਵਿਚ ਜ਼ਿਆਦਾ ਲੱਗਣ ਲੱਗ ਪਿਆ 'ਤੇ ਚਾਂਦਨੀ ਨਾਲ ਮੁਲਾਕਾਤਾਂ ਦਾ ਸਿਲਸਿਲਾ ਵਧਦਾ ਗਿਆ। ਦੋਵੇਂ ਇਸ ਤਰ੍ਹਾਂ ਮਹਿਸੂਸ ਕਰਨ ਲੱਗੇ ਜਿਵੇਂ ਉਹ ਇੱਕ-ਦੂਜੇ ਲਈ ਹੀ ਬਣੇ ਹੋਣ। ਦੋਵਾਂ ਨੇ ਮਨ ਹੀ ਮਨ, ਇਕੱਠੇ ਜ਼ਿੰਦਗੀ ਬਿਤਾਉਣ ਦਾ ਫੈਸਲਾ ਕਰ ਲਿਆ। ਇਕ ਦਿਨ, ਕੁਨਾਲ ਨੇ ਸਮਾਂ ਵੇਖ ਕੇ ਆਪਣੀ ਮਾਂ ਨੂੰ ਚਾਂਦਨੀ ਬਾਰੇ ਦੱਸਦਿਆਂ, ਉਸ ਨਾਲ ਜ਼ਿੰਦਗੀ ਬਿਤਾਉਣ ਦਾ ਫੈਸਲਾ ਵੀ ਸੁਣਾ ਦਿੱਤਾ। ਪਦਮਨੀ ਨੇ ਗੁੱਸੇ ਤੇ ਹੈਰਾਨੀ ਨਾਲ ਕੁਨਾਲ ਵੱਲ ਵੇਖਿਆ ਪਰ ਜਲਦੀ ਹੀ ਆਪਣੇ 'ਤੇ ਕਾਬੂ ਪਾਉਂਦਿਆਂ ਮੁਸਕਰਾਹਟ ਨਾਲ, ਚਾਂਦਨੀ ਨੂੰ ਮਿਲਾਉਣ ਲਈ ਕਿਹਾ। ਅੰਦਰੋਂ ਉਹ ਬਹੁਤ ਦੁਖੀ ਸੀ ਕਿ ਉਸ ਦੀ ਮਰਜ਼ੀ ਬਗ਼ੈਰ ਕੁਨਾਲ ਨੇ ਆਪਣੀ ਜ਼ਿੰਦਗੀ ਦਾ ਫੈਸਲਾ ਕਰਨ ਦੀ ਜੁਰੱਅਤ ਕਿਵੇਂ ਕੀਤੀ। ਕੁਨਾਲ ਦੋ ਕੁ ਦਿਨਾਂ ਬਾਅਦ ਹੀ ਚਾਂਦਨੀ ਨੂੰ ਆਪਣੇ ਘਰ ਲੈ ਕੇ ਆਇਆ, ਆਪਣੀ ਮਾਂ ਨੂੰ ਮਿਲਾਉਣ ਲਈ। ਚਾਂਦਨੀ ਦੇ ਸੁਹੱਪਣ ਨੂੰ ਵੇਖ ਕੇ ਇਕ ਵਾਰ ਤਾਂ ਪਦਮਨੀ ਦੇ ਹੋਸ਼ ਉੱਡ ਗਏ। ਉਸ ਨੂੰ ਲੱਗਾ ਕਿ ਚਾਂਦਨੀ ਲਗਪਗ ਉਨ੍ਹਾਂ ਸਾਰੇ ਗੁਣਾਂ 'ਤੇ ਪੂਰੀ ਉੱਤਰ ਦੀ ਸੀ ਜੋ ਉਹ ਆਪਣੀ ਨੂੰਹ ਵਿਚ ਚਾਹੁੰਦੀ ਸੀ। ਚਾਂਦਨੀ ਨਾਲ ਮੁਲਾਕਾਤ ਦੌਰਾਨ ਪਦਮਨੀ ਨੇ ਉਸ ਦਾ ਥਾਂ ਟਿਕਾਣਾ ਪੁੱਛ ਲਿਆ। ਚਾਂਦਨੀ ਹੁਣ ਅਕਸਰ ਉਨ੍ਹਾਂ ਦੇ ਘਰ ਆਉਣ ਲੱਗੀ। ਉੱਧਰ ਪਦਮਨੀ ਨੇ ਆਪਣੀ ਪੱਧਰ 'ਤੇ ਚਾਂਦਨੀ ਦੇ ਪਿਛੋਕੜ ਬਾਰੇ ਪੜਤਾਲ ਸ਼ੁਰੂ ਕਰ ਦਿੱਤੀ। ਪੜਤਾਲ ਤੋਂ ਪਦਮਨੀ ਨੂੰ ਪਤਾ ਲੱਗਿਆ ਕਿ ਚਾਂਦਨੀ ਇਕ ਗ਼ਰੀਬ ਪਰਿਵਾਰ ਨਾਲ ਸਬੰਧ ਰੱਖਦੀ ਹੈ। ਪਦਮਨੀ ਨੂੰ ਉਸ ਦਾ ਪੈਸੇ ਦੇ ਲਾਲਚ ਵਾਲਾ ਪੌਦਾ ਮੁਰਝਾਇਆ ਹੋਇਆ ਦਿਸਣ ਲੱਗਾ। ਮਨ ਹੀ ਮਨ ਉਸ ਨੇ ਇਸ ਰਿਸ਼ਤੇ ਨੂੰ ਖ਼ਤਮ ਕਰਨ ਦੀ ਸੋਚ ਲਈ।

ਕੁਝ ਦਿਨਾਂ ਬਾਅਦ ਪਦਮਨੀ ਨੇ ਕੁਨਾਲ 'ਤੇ ਆਪਣੇ ਲਾਡ ਪਿਆਰ ਦੀ ਬਾਰਸ਼ ਕਰਦੇ ਹੋਏ ਕਿਹਾ ਕਿ "ਚਾਂਦਨੀ ਉਸ ਦੇ ਯੋਗ ਨਹੀਂ ਹੈ, ਇਹ ਰਿਸ਼ਤਾ ਨਹੀਂ ਹੋ ਸਕਦਾ। ਕੁਨਾਲ ਨੂੰ ਉਸ ਨਾਲ ਆਪਣੇ ਸਬੰਧ ਤੋੜ ਦੇਣੇ ਚਾਹੀਦੇ ਹਨ"। ਇਹ ਸੁਣਦਿਆਂ ਹੀ ਕੁਨਾਲ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਬੱਦਲ ਫਟ ਗਏ ਹਨ, ਝੱਖੜ ਤੂਫ਼ਾਨ ਆਪਣਾ ਕਹਿਰ ਵਰਸਾ ਰਹੇ ਹਨ ਤੇ ਉਹ ਧਰਤੀ ਦੇ ਅੰਦਰ ਧੱਸਦਾ ਜਾ ਰਿਹਾ ਹੈ। ਉਹ ਸੁੰਨ ਜਿਹਾ ਹੋ ਗਿਆ। ਉੱਧਰ ਪਦਮਨੀ ਨੇ ਕਿਸੇ ਹੋਰ ਲੜਕੀ ਦੀ ਭਾਲ ਸ਼ੁਰੂ ਕਰ ਦਿੱਤੀ ਜੋ ਉਸ ਦੀਆਂ ਇੱਛਾਵਾਂ ਦੀ ਪੂਰਤੀ ਕਰ ਸਕੇ ਤੇ ਇਨ੍ਹਾਂ ਦੋਵਾਂ ਨੂੰ ਵੱਖ ਕਰਨ ਦਾ ਫੈਸਲਾ ਕਰ ਲਿਆ। ਕੁਨਾਲ ਉਦਾਸ ਰਹਿਣ ਲੱਗਾ ਪਰ ਆਉਣ ਵਾਲੇ ਤੂਫ਼ਾਨ ਤੋਂ ਬੇਖ਼ਬਰ ਚਾਂਦਨੀ ਉਸੇ ਤਰ੍ਹਾਂ ਆਉਂਦੀ ਰਹੀ। ਕੁਨਾਲ ਨੇ ਆਪਣੀ ਮਾਂ ਨੂੰ ਚਾਂਦਨੀ ਨਾਲ ਹੀ ਵਿਆਹ ਕਰਵਾਉਣ ਬਾਰੇ ਫਿਰ ਕਹਿ ਦਿੱਤਾ। ਉਸ ਤੋਂ ਬਾਅਦ ਪਦਮਨੀ ਨੇ ਦੁਬਾਰਾ ਕਦੇ ਵੀ ਇਸ ਬਾਰੇ ਗੱਲ ਨਾ ਕੀਤੀ ਤੇ ਚਾਂਦਨੀ ਬਿਨਾਂ ਰੋਕ-ਟੋਕ ਉਨ੍ਹਾਂ ਦੇ ਘਰ ਆਉਂਦੀ ਰਹੀ। ਕੁਨਾਲ ਨੂੰ ਲੱਗਾ ਜਿਵੇਂ ਉਸ ਦੀ ਮਾਂ ਨੇ ਇਸ ਰਿਸ਼ਤੇ ਲਈ ਆਪਣੀ ਮਨਜ਼ੂਰੀ ਦੇ ਦਿੱਤੀ ਹੋਵੇ। ਉਹ ਫਿਰ ਪਹਿਲਾਂ ਵਾਂਗ ਹੀ ਖ਼ੁਸ਼ ਰਹਿਣ ਲੱਗ ਪਿਆ।

ਉੱਧਰ ਪਦਮਨੀ ਨੇ ਇਕ ਅਮੀਰ ਘਰ ਦੀ, ਤਮੰਨਾ ਨਾਂ ਦੀ ਲੜਕੀ ਲੱਭ ਲਈ ਜੋ ਕਿਸੇ ਵੀ ਪੱਖ ਤੋਂ ਚਾਂਦਨੀ ਦੇ ਪਾਸਕੂ ਵੀ ਨਹੀਂ ਸੀ। ਸਿਰਫ਼ ਇੱਕੋ ਹੀ ਖ਼ੂਬੀ ਉਸ ਦੀ ਸੀ ਕਿ ਉਹ ਇਕ ਅਮੀਰ ਮਾਂ-ਬਾਪ ਦੀ ਇਕਲੌਤੀ ਸੰਤਾਨ ਸੀ। ਪਦਮਨੀ ਨਾਲੋਂ ਅਧਿਕ ਉਨ੍ਹਾਂ ਕੋਲ ਪੈਸਾ ਸੀ ਤੇ ਉਨ੍ਹਾਂ ਦੀ ਵਾਕਫ਼ੀਅਤ ਵੀ ਪਦਮਨੀ ਨਾਲੋਂ ਕਿਤੇ ਵਧ। ਕੁਨਾਲ ਨਾਲ ਉਸ ਦਾ ਜੋੜ ਬਿਲਕੁਲ ਫਿੱਟ ਨਹੀਂ ਸੀ ਪਰ ਪਦਮਨੀ ਨੂੰ ਲੱਗਿਆ ਕਿ ਇਹ ਹੀ ਉਸ ਦੇ ਸੁਪਨਿਆਂ ਦੀ ਰਾਣੀ ਸੀ ਜੋ ਉਸ ਦੇ ਲਾਲਚ ਰੂਪੀ ਪੌਦੇ ਨੂੰ ਪੂਰੀ ਤਰ੍ਹਾਂ ਪ੍ਰਫੁਲੱਤ ਕਰ ਸਕਦੀ ਸੀ। ਹੁਣ ਇੱਕੋ ਸਮੱਸਿਆ ਪਦਮਨੀ ਦੇ ਸਾਹਮਣੇ ਸੀ, ਚਾਂਦਨੀ ਨੂੰ ਕੁਨਾਲ ਤੋਂ ਵੱਖ ਕਰਨ ਦੀ, ਉਹ ਵੀ ਬਿਨਾਂ ਆਪਣੀ ਹੋਂਦ ਦਾ ਪਤਾ ਲੱਗੇ।

ਪਦਮਨੀ ਨੇ ਇਕ ਦਿਨ ਬਹਾਨੇ ਨਾਲ, ਕੁਨਾਲ ਨੂੰ ਨਾਲ ਲੈ ਕੇ ਤਮੰਨਾ ਦੇ ਘਰ ਫੇਰਾ ਪਾਇਆ ਤੇ ਕਿਸੇ ਦਿਨ ਆਪਣੇ ਘਰ ਆਉਣ ਲਈ ਸੱਦਾ ਵੀ ਦੇ ਦਿੱਤਾ। ਇਸ ਤਰ੍ਹਾਂ ਦੋਵਾਂ ਪਰਿਵਾਰਾਂ ਵਿਚ ਮੁਲਾਕਾਤਾਂ ਦਾ ਦੌਰ ਸ਼ੁਰੂ ਹੋ ਗਿਆ। ਤਮੰਨਾ ਤੇ ਕੁਨਾਲ ਆਪਸ ਵਿਚ ਖੁੱਲ੍ਹ ਕੇ ਗੱਲ ਵੀ ਕਰਨ ਲੱਗ ਪਏ।

*(ਜਾਰੀ...)*

## ਚਰਨ ਸਿੰਘ ਦੀਆਂ ਕਵਿਤਾਵਾਂ

# ਕੁਲਵਰਤੀ ਲੇਖਕ ਚਰਨ ਸਿੰਘ

*ਚਰਨ ਸਿੰਘ ਆਧੁਨਿਕ ਪੰਜਾਬੀ ਕਵੀ ਹੈ ਜਿਸ ਨੇ ਆਧੁਨਿਕ ਬੋਧ ਤੇ ਵਿਸ਼ਵ ਚੇਤਨਾ 'ਤੇ ਬੜੀ ਹੀ ਚੇਤਨ ਬੁੱਧੀ ਨਾਲ ਸਾਹਿਤ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀਆਂ 50 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਅਤੇ 20 ਛਪਾਈ ਅਧੀਨ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਨਾਰਥ ਅਮਰੀਕਾ ਦੇ ਪਿਛਲੇ ਪੰਜ ਸਾਲ ਤੋਂ ਪ੍ਰਧਾਨ ਤੇ ਕੁਲਵਰਤੀ ਲੇਖਕ ਹਨ। ਚਰਨ ਸਿੰਘ ਨੇ ਆਪਣਾ ਸਾਰਾ ਵਕਤ ਲੇਖਣੀ ਲੇਖੇ ਲਾ ਰੱਖਿਆ ਹੈ। 1980 ਤੋਂ ਕੈਨੇਡਾ ਰਹਿ ਰਹੇ ਚਰਨ ਸਿੰਘ ਦਾ ਜਨਮ 1 ਨਵੰਬਰ 1947 ਨੂੰ ਜੱਦੀ ਪਿੰਡ ਬੇਗੋਵਾਲ ਵਿਚ, ਪਿਤਾ ਲਾਲ ਸਿੰਘ ਤੇ ਮਾਤਾ ਸੰਤ ਕੌਰ ਦੇ ਘਰ ਹੋਇਆ। ਮੁੱਢਲੀ ਵਿੱਦਿਆ ਸਿਆਲਕੋਟ ਖ਼ਾਲਸਾ ਹਾਈ ਸਕੂਲ ਤੇ ਐਮਏ ਪੰਜਾਬੀ ਲਾਇਲਪੁਰ ਖ਼ਾਲਸਾ ਜਲੰਧਰ ਤੋਂ ਪ੍ਰਾਪਤ ਕੀਤੀ। ਚਰਨ ਸਿੰਘ ਦੀ ਕਵਿਤਾ ਬਹੁ-ਦਿਸ਼ਾਵੀ, ਬਹੁ-ਅਨੁਭਵੀ, ਬਹੁ ਪਰਤੀ ਜ਼ਿੰਦਗੀ ਅਤੇ ਸਮੇਂ ਦੇ ਹਵਾਲੇ ਨਾਲ ਭੂਤ, ਭੁੱਵਖ ਤੇ ਵਰਤਮਾਨ ਸਮੇਂ ਨੂੰ ਵੰਡ ਕੇ ਨਹੀਂ ਵੇਖਦੀ ਸਗੋਂ ਇਕ ਇਕਾਈ ਦੇ ਰੂਪ ਵਿਚ ਵੇਖਦੀ ਹੈ। ਉਸ ਦੀ ਕਵਿਤਾ ਮਨੁੱਖੀ ਪਦਾਰਾਥਵਾਦ ਦੇ ਸੱਚ ਅਤੇ ਕਲਿਆਲ ਦੀ ਅਭਿਵਿਆਕਤੀ ਕਰਦੀ ਹੈ।*



0017785640331

1

### ਮੈਂ ਤੇ ਘਰ

ਬੂਹਾ ਖੋਲ੍ਹਿਆ
ਅੰਦਰ ਆਇਆ ਘਰ ਦੀਆਂ
ਕੰਧਾਂ ਮੇਰੇ ਵੱਲ ਝਾਕਦੀਆਂ ਹਨ
ਛੱਤ ਘੂਰਦੀ ਹੈ
ਵਿਹੜਾ ਬੁੜ ਬੁੜ ਕਰਦਾ ਹੈ
ਘਰ ਜਿਵੇਂ ਪੱਥਰ
ਜ਼ਖ਼ਮੀ ਮੌਸਮ ਉਦਾਸ ਰੁੱਤ
ਬੁੱਸੀ ਬਹਾਰ ਹੋ ਗਿਆ ਲੱਗਦਾ ਹੈ।

ਮੈਂ ਜੋ
ਰਾਤ ਦਿਨ ਦੌੜਦਾ ਹਾਂ
ਜਾਨ ਮਾਰਦਾ ਹਾਂ
ਘਰ ਹੈ
ਕਿ ਇਕ ਕਦਮ ਨਹੀਂ ਪੁੱਟਦਾ
ਮੈਂ ਬਲ਼ ਬਲ਼ ਕੇ ਧੁੱਖਿਆ ਹਾਂ
ਘਰ ਦਾ ਚੁੱਲ੍ਹਾ
ਨਾ ਧੁੱਖਦਾ ਹੈ ਨਾ ਬਲਦਾ ਹੈ।

ਘਰ ਇਕ ਪੈਰ ਤਾਂ ਪੁੱਟੇ
ਪਤਨੀ ਲੋਕਾਂ ਦੇ
ਬਰਤਨ ਮਾਂਜਦੀ ਹੈ
ਫ਼ਰਸ਼ਾਂ ਦੇ ਮੂੰਹ ਧੋਂਦੀ ਹੈ
ਕੰਧਾਂ ਨੂੰ ਕੰਘੀ ਕਰਦੀ ਹੈ
ਵਿਹੜੇ ਪੋਚ ਪੋਚ ਧਰਦੀ ਹੈ
ਘਰ ਨੇ ਇਕ ਪੈਰ ਨਹੀਂ ਪੁੱਟਿਆ
ਬੱਚੇ ਸਕੂਲ ਜਾਣੋ
ਹਟ ਗਏ ਹਨ
ਘਰ ਦੀਆਂ ਨੀਂਹਾਂ ਹੇਠ
ਆ ਗਏ ਹਨ
ਸਮਾਂ
ਭਵਿੱਖ ਵਰਤਮਾਨ
ਆਪਣੇ 'ਚੋਂ ਨਿੱਚੋੜ ਕੇ
ਘਰ ਦੀਆਂ ਕੰਧਾਂ 'ਤੇ
ਚਿੱਪਕ ਗਿਆ ਹੈ।

ਮੈਂ ਭੱਜਦਾ ਭੱਜਦਾ ਖਲ੍ਹੋ ਗਿਆ ਹਾਂ
ਕਬਰ ਦੀ ਢੇਰੀ ਹੋ ਗਿਆ ਹਾਂ
ਪਤਨੀ ਲੋਕਾਂ ਦਾ ਮੈਲਾ
ਉਤਾਰਦੀ
ਇੰਨੀ ਮੈਲੀ ਹੋ ਗਈ ਹੈ
ਆਪਣੀ ਪਹਿਚਾਨ ਖੋਹ ਗਈ ਹੈ।

ਘਰ ਖੜ੍ਹੇ ਦਾ ਖੜ੍ਹਾ ਹੈ
ਘਰ ਮੈਨੂੰ ਤਾਂ ਆਪਣਾ ਲੱਗਦਾ ਹੈ
ਪਰ ਮੈਂ ਹੁਣ
ਘਰ ਨੂੰ ਘਰ ਦਾ ਨਹੀਂ ਲੱਗਦਾ
ਕੰਧਾਂ, ਛੱਤਾਂ, ਬੂਹੇ, ਬਾਰੀਆਂ
ਸਭ ਲਈ ਪਰਾਈਆ ਹਾਂ
ਘਰ ਖੜ੍ਹੇ ਦਾ ਖੜ੍ਹਾ ਹੈ
ਮੈਂ ਦੌੜਦਾ ਦੌੜਦਾ ਘਰ ਤੋਂ ਦੂਰ
ਮੌਤ ਦੀ ਸਰਦਲ 'ਤੇ ਆਇਆ ਹਾਂ।

2

### ਉਦਾਸ ਦਿਨ

ਦਿਨ ਗੁਜ਼ਰਦਾ
ਨਾ ਰਾਤ ਕੱਟਦੀ ਹੈ
ਭਟਕਣ ਮਨ ਦੀ
ਘੱਟਦੀ ਨਾ ਮੁੱਕਦੀ ਹੈ।

ਸੂਰਜ ਦੇ ਸੇਕ 'ਚ ਪਿਘਲੇ
ਚੰਨ ਦੀ ਭਾਲ 'ਚ ਨਿਕਲੇ
ਜ਼ਿੰਦਗੀ ਤੋਂ
ਏਨਾਂ ਦੂਰ ਨਿਕਲ ਆਏ
ਨਾ ਚੰਨ ਹੀ ਮਿਲਿਆ
ਨਾ ਘਰ ਹੀ ਪਰਤੇ।

ਨਿਕਲੇ ਸਾਂ ਕਿ ਦਿਲ ਨੂੰ
ਕਿਤੇ ਸਕੂਨ ਮਿਲ ਜਾਏ
ਚੰਨ ਦੀ ਠੰਡਕ
ਦੇਹ 'ਚ ਉਤਰ ਜਾਏ
ਸਕੂਨ ਭਾਲਦੇ ਭਾਲਦੇ
ਆਪਾ ਗੁਆ ਲਿਆ
ਆਪਣੇ ਮੋਢੀ ਉਠਾ ਲਿਆ
ਚੰਨ ਨਾ ਮਿਲਿਆ
ਜ਼ਿੰਦਗੀ ਨੇ ਵੀ
ਆਪਣਾ ਪੱਲਾ ਛੁੜਾ ਲਿਆ।

ਕਬਰ ਦੇ ਹੋਏ ਤਾਂ ਜਾਣਿਆ
ਮੁਰਦੇ ਵੀ ਜਿਊਣਾ ਚਾਹੁੰਦੇ ਹਨ
ਜ਼ਿੰਦਗੀ ਦੇ ਦਾਗ਼
ਮਿਟਾਉਣਾ ਚਾਹੁੰਦੇ ਹਨ
ਕਬਰ ਦੀ ਮਿੱਟੀ ਵੀ
ਜਿਉਣਾ ਲੋਚਦੀ ਹੈ
ਹਰਿਆਂ ਭਰਿਆਂ ਖੇਤਾਂ ਦੀ
ਕੁੱਖ ਟੋਹਦੀ ਹੈ
ਵਧਦੀ ਹੈ ਭਟਕਣਾ
ਹਰ ਵਕਤ ਹੀ
ਘੱਟਦੀ ਨਹੀਂ
ਦਿਨ ਗੁਜ਼ਰਦਾ ਹੈ
ਨਾ ਰਾਤ ਕੱਟਦੀ ਹੈ
ਭਟਕਣਾ ਮਨ ਦੀ
ਘੱਟਦੀ ਨਾ ਮੁੱਕਦੀ ਹੈ।

ਜ਼ਿੰਦਗੀ ਭਟਕਣ ਤੋਂ ਸਿਵਾ
ਕੁਝ ਨਹੀਂ
ਭਟਕਣ ਹੀ
ਇਸ ਦੀ ਹਕੀਕਤ ਹੈ
ਜ਼ਿੰਦਗੀ
ਖ਼ੁਦ ਆਪਣੇ ਸਕੂਨ ਤੋਂ
ਮਹਿਰੂਮ ਹੈ
ਹਵਾ ਤੋਂ ਤੇਜ਼ ਦੌੜਨ ਦਾ
ਉਸ ਦਾ ਦਸਤੂਰ ਹੈ
ਨਾ ਇਹ ਠਹਿਰਦੀ
ਨਾ ਇਸ ਦੀ ਰਫ਼ਤਾਰ ਘਟਦੀ ਹੈ
ਦਿਨ ਗੁਜ਼ਰਦਾ ਹੈ
ਨਾ ਰਾਤ ਕੱਟਦੀ ਹੈ
ਭਟਕਣ ਮਨ ਦੀ
ਘੱਟਦੀ ਨਾ ਮੁੱਕਦੀ ਹੈ।

ਇਹ ਮੁੜ ਕੇ
ਵੇਖਣ ਦੀ ਆਦੀ ਨਹੀਂ
ਬਸ ਦੌੜਦੀ ਹੀ ਦੌੜਦੀ ਹੈ
ਭਾਵੇਂ ਧਰਤ ਮੁੱਕ ਜਾਏ
ਮੌਤ ਹੈ ਇਸ ਦੀ
ਜੇ ਇਹ ਕਿੱਧਰੇ ਰੁੱਕ ਜਾਏ।

ਇਹ ਮਰ ਕੇ ਵੀ
ਕਬਰ ਵਿਚ ਠਹਿਰ ਨਹੀਂ ਸਕਦੀ
ਕਬਰ ਤੋਂ
ਅਗੇਰੇ ਦਾ ਸਫ਼ਰ ਕਰਦੀ ਹੈ
ਮਨੁੱਖ ਦੀ ਤਲੀ 'ਤੇ
ਨਿਰੰਤਰ ਦੌੜ ਦਾ ਲਕਸ਼
ਧਰਦੀ ਹੈ
ਮਨੁੱਖ
ਨਿਰੰਤਰ ਦੌੜਨ ਦਾ
ਆਦੀ ਹੋ ਜਾਏ
ਜ਼ਿੰਦਗੀ ਦੇ ਹਾਣ ਦੀਆਂ
ਰੌਣਕਾਂ ਰੰਗੀਨੀਆਂ ਦਾ
ਸਾਥ ਹੋ ਜਾਏ
ਚੁੱਪ ਉਦਾਸੀ ਇਕੱਲਤਾ
ਨਜ਼ਰ-ਅੰਦਾਜ਼ ਕਰੇ
ਭੂਤ ਨੂੰ ਤਿਆਗੇ
ਵਰਤਮਾਨ ਨੂੰ ਵਿਸਰੇ
ਭਵਿੱਖ 'ਚ ਜੀਏ।

ਦਿਲ ਦੀ ਧੜਕਣ ਭਟਕਣ ਹੈ
ਇਹ ਧੜਕਦਾ ਹੈ
ਤਾਂ ਜਿਉਂਦੀ ਜਾਨ ਹੈ ਮਨੁੱਖ
ਭਟਕਣ ਬਿਨਾਂ
ਮਿੱਟੀ ਸਮਾਨ ਹੈ ਮਨੁੱਖ
ਇਹ ਭਟਕਣ ਹੀ
ਸਕੂਨ ਦੀ ਭੁੱਖ ਹੈ
ਇਹ ਭਟਕਣ
ਜਦ ਥੱਕ ਟੁੱਟ ਭੱਜ ਜਾਂਦੀ ਹੈ
ਆਪਣੀ ਕੁੰਜ ਉਤਾਰਦੀ ਹੈ
ਸਕੂਨ ਦਾ ਰੂਪ ਧਾਰਦੀ ਹੈ।
ਦਿਨ ਗੁਜ਼ਰਦਾ ਹੈ
ਨਾ ਰਾਤ ਕੱਟਦੀ ਹੈ
ਭਟਕਣ ਮਨ ਦੀ
ਘੱਟਦੀ ਨਾ ਮੁੱਕਦੀ ਹੈ।

3

### ਵਿੱਥ

ਜ਼ਿੰਦਗੀ
ਆਪਣੀ ਕੁੱਖ ਤੋਂ
ਬਹੁਤ ਅੱਗੇ ਨਿਕਲ ਗਈ
ਜ਼ਿੰਦਗੀ
ਗਿਆਨ-ਵਿਗਿਆਨ
ਦਰਸ਼ਨ 'ਚ ਉਲਝੀ
ਆਪਣਾ ਚਿਹਰਾ
ਅੰਗ ਨਕਸ਼ ਰੰਗ ਤੇ
ਆਪਾ ਭੁੱਲ ਗਈ
ਆਪਣੇ ਵਿਕਸਤ
ਸਫ਼ਰ ਦੇ ਸਿੰਗੀਂ ਚੜ੍ਹੀ
ਆਪਣੇ ਤੋਂ ਅੱਗੇ ਨਿਕਲ ਗਈ।

ਜ਼ਿੰਦਗੀ 'ਚੋਂ
ਰਿਸ਼ਤਿਆਂ ਦਾ ਸੱਚ ਨੁੱਚੜ ਗਿਆ
ਲਹੂ ਦਾ ਰੰਗ ਬਦਲ ਗਿਆ
ਅਨੁਭਵ ਜਜ਼ਬਾ ਹਾਸੇ ਅੱਥਰੂ
ਜ਼ਿੰਦਗੀ 'ਚੋਂ ਮਨਫ਼ੀ ਹੋ ਗਏ
ਜ਼ਿੰਦਗੀ 'ਚੋਂ
ਮਾਨਵ ਤੇ ਮਨੁੱਖਤਾ ਅਲੋਪ
ਹੋ ਗਈ।

ਜ਼ਿੰਦਗੀ 'ਚੋਂ
ਚੁੱਪ ਤੇ ਕਬਰਾਂ ਉੱਗ ਆਈਆਂ
ਪੱਤਝੜਾਂ ਵੀਰਾਨੀਆਂ
ਉਦਾਸੀਆਂ
ਜ਼ਿੰਦਗੀ ਦੇ ਵਿਹੜੇ 'ਚ
ਪੁੱਗ ਆਈਆਂ।

ਜ਼ਿੰਦਗੀ ਦੀ
ਹਰਿਆਵਲ ਕੋਲੋਂ ਹੋ ਗਈ
ਜ਼ਿੰਦਗੀ ਅੰਨ੍ਹੀ ਗੂੰਗੀ ਤੇ ਬੋਲੀ
ਹੋ ਗਈ
ਆਪਣੀ ਹੋਂਦ, ਸੱਚ ਸ਼ਨਾਖ਼ਤ
ਖੋਹ ਗਈ
ਮਨੁੱਖ ਲਈ ਮੌਤ
ਉੱਬਲਦੀ ਧਰਤੀ
ਸੜਦਾ ਅਸਮਾਨ ਹੋ ਗਈ।

ਜ਼ਿੰਦਗੀ ਆਪਣੇ ਆਪ 'ਚ
ਏਨੀ ਉਲਝੀ
ਕਿ ਇਸ ਦੀ ਕੋਈ ਵੀ ਤੰਦ
ਸਿੱਧੀ ਨਜ਼ਰ ਨਹੀਂ ਆਉਂਦੀ
ਅਸਪਸ਼ਟਤਾ ਦੇ ਖੂਹ 'ਚ
ਡਿੱਗੀ ਜ਼ਿੰਦਗੀ
ਆਪਣੇ ਯਥਾਰਥ ਦੀ
ਤਬਾਹੀ ਹੋ ਗਈ
ਆਪਣੇ ਹੀ ਮਿਲਣ ਦੀ
ਜੁਦਾਈ ਹੋ ਗਈ।

ਜ਼ਿੰਦਗੀ ਨੇ
ਮਨੁੱਖ ਦੇ ਪੈਰੀਂ
ਵਿਸ਼ਾਲ ਥਲ ਧਰ ਦਿੱਤਾ
ਮਨੁੱਖ ਨੂੰ
ਆਪਣੇ ਤੋਂ ਏਨੀ ਦੂਰ ਕਰ ਦਿੱਤਾ
ਕਿ ਮਨੁੱਖ ਜਿਉਂਦਾ ਹੀ
ਜਿਉਣਾ ਭੁੱਲ ਗਿਆ
ਨਜ਼ਰਾਂ 'ਚ ਫੈਲੇ ਥਲ ਮੁਕਾਉਂਦਾ
ਜ਼ਿੰਦਗੀ ਨੂੰ ਭਾਲਦਾ ਭਾਲਦਾ ਹੀ
ਗੁੰਮ ਗਿਆ।

ਜ਼ਿੰਦਗੀ ਮਨੁੱਖ ਲਈ
ਦਿਸਹੱਦੇ ਦਾ
ਭਰਮ ਬਣ ਕੇ ਰਹਿ ਗਈ
ਮਨੁੱਖ ਸਫ਼ਰ ਦਾ ਫਲ੍ਹੀਣ
ਕਰਮ ਬਣ ਕੇ ਰਹਿ ਗਈ।

ਅਜੋਕਾ ਮਨੁੱਖ
ਅਸਮਾਨਾਂ 'ਚੋਂ ਭਾਲਦਾ ਹੈ
ਜ਼ਿੰਦਗੀ
ਪਹਾੜਾਂ ਦੇ ਸੀਨੇ ਚੀਰਦਾ
ਸਮੁੰਦਰ ਉਬਾਲਦਾ
ਤਲਾਸ਼ਦਾ ਹੈ ਜ਼ਿੰਦਗੀ।
ਹਵਾ ਨੂੰ ਮੁੱਠਾਂ 'ਚ ਫੜਦਾ
ਪੱਥਰਾਂ ਦੇ ਪਿੰਡੇ ਉਤਾਰਦਾ
ਸਹਿਰਾ ਦੀ ਅੱਗ ਤਰਦਾ
ਧਰਤ ਦੇ ਪ੍ਰਛਾਵਿਆਂ 'ਚੋਂ
ਨਿਹਾਰਦਾ ਹੈ ਜ਼ਿੰਦਗੀ।

ਜ਼ਿੰਦਗੀ
ਏਨੀ ਅੱਗੇ ਨਿਕਲ ਆਈ
ਕਿ ਇਕੱਲੀ ਰਹਿ ਗਈ
ਆਪਣੇ ਵਿਸਥਾਰ 'ਚ ਭਟਕਦੀ
ਕਬਰਾਂ ਦੀ ਜੂਨੀ ਪੈ ਗਈ
ਨਾ ਜ਼ਿੰਦਗੀ ਨੂੰ ਮਨੁੱਖ
ਨਾ ਮਨੁੱਖ ਨੂੰ ਜ਼ਿੰਦਗੀ
ਨਜ਼ਰ ਆਉਂਦੀ ਹੈ
ਇਹ ਮਨੁੱਖ ਤੇ
ਜ਼ਿੰਦਗੀ ਵਿਚਲੀ ਵਿੱਥ
ਅਜੋਕੇ ਸਮੇਂ ਦੀ
ਤਰਾਸਦੀ ਕਹਾਉਂਦੀ ਹੈ।

ਜ਼ਿੰਦਗੀ
ਆਪਣੀ ਕੁੱਖ ਤੋਂ
ਬਹੁਤ ਅੱਗੇ ਨਿਕਲ ਗਈ
ਜ਼ਿੰਦਗੀ
ਗਿਆਨ ਵਿਗਿਆਨ
ਦਰਸ਼ਨ 'ਚ ਉਲਝੀ
ਆਪਣਾ ਚਿਹਰਾ
ਅੰਗ ਨਕਸ਼ ਰੰਗ ਤੇ
ਆਪਾ ਭੁੱਲ ਗਈ
ਆਪਣੇ ਵਿਕਸਤ
ਸਫ਼ਰ ਦੇ ਸਿੰਗੀਂ ਚੜ੍ਹੀ
ਆਪਣੇ ਤੋਂ ਅੱਗੇ ਨਿਕਲ ਗਈ।

# ਬੇਅਦਬੀ ਮਾਮਲਿਆਂ ਨੂੰ ਲੈ ਕੇ ਸਰਕਾਰ ਸੰਜੀਦਾ ਹੋਵੇ: ਐਡਵੋਕੇਟ ਧਾਮੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 25 ਮਾਰਚ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਸਬੰਧੀ ਸ਼?ਰੋਮਣੀ ਕਮੇਟੀ ਦੁਆਰਾ ਪੰਜਾਬ ਸਰਕਾਰ ਤੋਂ ਮੰਗੀਆਂ ਜਾਣਕਾਰੀਆਂ ਮੁਹੱਈਆ ਨਾ ਕਰਵਾਉਣ 'ਤੇ ਸਵਾਲ ਚੁੱਕੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਵੇਂ ਹਰ ਧਰਮ ਦੇ ਧਾਰਮਿਕ ਗ੍ਰੰਥ ਸਤਿਕਾਰਯੋਗ ਹਨ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਜਾਗਤ ਜੋਤਿ ਗੁਰੂ ਹਨ। ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਵਿਸ਼ੇਸ਼ ਕਾਨੂੰਨੀ ਪ੍ਰਬੰਧ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨ ਤਹਿਤ ਚੱਲ ਰਹੇ ਬੇਅਦਬੀ ਦੇ ਕੇਸਾਂ ਵਿਚ ਵੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਯਕੀਨੀ ਹੋਣੀਆਂ ਚਾਹੀਦੀਆਂ ਹਨ, ਨਾ ਕਿ ਇਹ ਕੇਵਲ ਸਿਆਸੀ ਮੁੱਦਾ ਬਣ ਕੇ ਰਹੇ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਲਿਆਂਦਾ ਗਿਆ, ਪਰੰਤੂ ਸਰਕਾਰ ਦੀ ਇਸ ਸਬੰਧੀ ਹੁਣ ਤਕ ਦੀ ਪਹੁੰਚ ਨਿਰਾਸ਼ਾਜਨਕ ਹੀ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਗਠਤ ਸਲੈਕਟ ਕਮੇਟੀ ਨੇ ਸ਼?ਰੋਮਣੀ ਕਮੇਟੀ ਪਾਸੋਂ ਇਸ ਬਿੱਲ ਸਬੰਧੀ ਸੁਝਾਅ ਮੰਗੇ ਸਨ, ਜਿਸ ਦੇ ਮੱਦੇਨਜ਼ਰ ਸ਼?ਰੋਮਣੀ ਕਮੇਟੀ ਵੱਲੋਂ 15 ਮੈਂਬਰੀ ਉੱਚ ਪੱਧਰੀ ਕਮੇਟੀ ਗਠਤ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਦੀਆਂ ਸਮੇਂ-ਸਮੇਂ 'ਤੇ ਹੋਈਆਂ ਮੀਟਿੰਗਾਂ ਦੌਰਾਨ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ



ਸਲੈਕਟ ਕਮੇਟੀ ਤੋਂ ਕੁਝ ਜ਼ਰੂਰੀ ਜਾਣਕਾਰੀਆਂ ਦੀ ਮੰਗ ਕੀਤੀ ਸੀ, ਜਿਸ ਪ੍ਰਤੀ ਸਰਕਾਰ ਦੀ ਸਲੈਕਟ ਕਮੇਟੀ ਨੇ ਅਜੇ ਤੱਕ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼?ਰੋਮਣੀ ਕਮੇਟੀ ਆਪਣੇ ਸੁਝਾਅ ਅਤੇ ਰਾਏ ਰਿਪੋਰਟ ਜ਼ਰੂਰੀ ਜਾਣਕਾਰੀਆਂ ਮਿਲਣ ਬਾਅਦ ਹੀ ਦੇ ਸਕਦੀ ਹੈ, ਲੇਕਿਨ ਸਰਕਾਰ ਇਸ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਵਿੱਤਰ ਧਾਰਮਿਕ ਗ੍ਰੰਥਾਂ ਵਿੱਚੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਅਤੇ ਵਡਿਆਈ ਜਾਗਤ ਜੋਤ ਅਤੇ ਹਾਜ਼ਰ ਨਾਜ਼ਰ ਸਤਿਗੁਰੂ ਵਜੋਂ ਹੈ, ਜਿਸ ਲਈ ਉਕਤ ਬਿੱਲ ਸਬੰਧੀ ਇਹ ਪੱਖ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਕਮੇਟੀ ਵੱਲੋਂ ਸਲੈਕਟ ਕਮੇਟੀ ਨੂੰ ਸੁਝਾਅ ਹਰ ਪੱਖ ਨੂੰ ਮੁਕੰਮਲ ਘੋਖ ਕੇ ਹੀ ਦਿੱਤੇ ਜਾ ਸਕਣੇ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਸ਼?ਰੋਮਣੀ ਕਮੇਟੀ ਨੂੰ ਸਰਕਾਰ ਮੰਗੀਆਂ ਜਾਣਕਾਰੀਆਂ ਦੇਵੇ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਕਈ ਪੱਤ੍ਰਿਕਾਵਾਂ ਲਿਖ ਕੇ ਰਿਕਾਰਡ ਅਤੇ ਜਾਣਕਾਰੀਆਂ ਦੀ ਮੰਗ ਕੀਤੇ ਜਾਣ ਦੇ ਬਾਵਜੂਦ ਵੀ ਸਰਕਾਰ ਦੀ ਸਲੈਕਟ ਕਮੇਟੀ ਵੱਲੋਂ ਜਾਣਬੁਝ ਕੇ ਮੁਹੱਈਆ ਨਾ ਕਰਵਾਉਣਾ ਬਹੁਤ ਹੀ ਮੰਦਭਾਗਾ, ਪੱਖਪਾਤੀ ਅਤੇ ਰਾਜਸੀ ਹਿੱਤਾਂ ਵਾਲਾ ਸਾਬਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਸਾਬਤ ਹੋ ਰਿਹਾ ਹੈ ਕਿ ਸਲੈਕਟ ਕਮੇਟੀ ਵੱਲੋਂ ਸ਼?ਰੋਮਣੀ ਕਮੇਟੀ ਨੂੰ ਸੁਝਾਅ ਦੇਣ ਲਈ ਜਾਰੀ ਕੀਤਾ ਗਿਆ ਪੱਤਰ ਮਹਿਜ ਇਕ ਵਿਖਾਵਾ ਹੈ, ਇਸ ਤੋਂ ਇਲਾਵਾ ਇਸ ਵਿਚ ਕੋਈ ਸੰਜੀਦਗੀ ਦੀ ਭਾਵਨਾ ਨਹੀਂ ਹੈ। ਐਡਵੋਕੇਟ ਧਾਮੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਸ਼?ਰੋਮਣੀ ਕਮੇਟੀ ਵੱਲੋਂ ਮੰਗੀਆਂ ਜਾਣਕਾਰੀਆਂ ਸਰਕਾਰ ਮੁਹੱਈਆ ਨਹੀਂ ਕਰਵਾਉਂਦੀ ਤਾਂ ਇਹ ਸਮਝਿਆ ਜਾਵੇਗਾ ਕਿ ਸਰਕਾਰ ਇਸ ਬਿੱਲ ਪ੍ਰਤੀ ਗੰਭੀਰ ਨਹੀਂ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਬੇਅਦਬੀਆਂ ਸਬੰਧੀ ਕਾਨੂੰਨ ਨੂੰ ਲੈ ਕੇ ਭਾਈ ਗੁਰਜੀਤ ਸਿੰਘ ਵੱਲੋਂ ਸਮਾਣਾ ਵਿਖੇ ਸੰਘਰਸ਼ ਕੀਤਾ ਜਾ ਰਿਹਾ ਹੈ। ਸ਼?ਰੋਮਣੀ ਕਮੇਟੀ ਪਹਿਲੇ ਦਿਨ ਤੋਂ ਹੀ ਇਸ ਸੰਘਰਸ਼ ਨੂੰ ਪੂਰਨ ਤੌਰ 'ਤੇ ਹਮਾਇਤ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀਆਂ ਦੇ ਮਾਮਲੇ 'ਤੇ ਕਿਸੇ ਵੀ ਧਿਰ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ, ਸਗੋਂ ਇਸ ਸੰਜੀਦਾ ਮਾਮਲੇ ਸਬੰਧੀ ਸਿਰ ਜੋੜ ਖੜ੍ਹਨਾ ਚਾਹੀਦਾ ਹੈ।

## ਪਤੀ-ਪਤਨੀ ਨੂੰ ਅਮਰੀਕਾ ਦੇ ਸੁਫ਼ਨੇ ਮਾਰ ਗਏ ਲੱਖਾਂ ਰੁਪਏ ਦੀ ਠੱਗੀ

ਗੁਰਦਾਸਪੁਰ 25 ਮਾਰਚ। ਭੈਣੀ ਮੀਆਂ ਖਾਂ ਪੁਲਸ ਨੇ ਪਤੀ-ਪਤਨੀ ਨੂੰ ਵਿਦੇਸ਼ ਅਮਰੀਕਾ ਭੇਜਣ ਦੇ ਨਾਂ 'ਤੇ 4 ਲੱਖ 25 ਹਜ਼ਾਰ ਰੁਪਏ ਦੀ ਧੋਖਾਧੜੀ ਕਰਨ ਵਾਲੇ 4 ਲੋਕਾਂ ਦੇ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਡੀ.ਐੱਸ.ਪੀ ਕੁਲਵੰਤ ਸਿੰਘ ਨੇ ਦੱਸਿਆ ਕਿ ਕੰਨਵਰਗੁਰਤਾਜ ਸਿੰਘ ਪੁੱਤਰ ਮਨਜਿੰਦਰ ਸਿੰਘ ਵਾਸੀ ਭੁੱਲੇਚੱਕ ਥਾਣਾ ਤਿੱਬੜ ਨੇ ਐੱਸ.ਪੀ ਹੈਡਕੁਆਰਟਰ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਰੋਕੀ ਸ਼ਰਮਾ ਪੁੱਤਰ ਬ੍ਰਹਮ ਸ਼ਰਮਾ, ਰਿੰਕੂ ਪੁੱਤਰ ਗੁਰਭਜਨ ਸਿੰਘ ਵਾਸੀਆਨ ਮੇਘੀਆਂ, ਅਨੀਤਾ ਦੇਵੀ ਪਤਨੀ ਅਸ਼ੋਕ ਕੁਮਾਰ, ਰੋਮੀ ਪੁੱਤਰ ਅਸ਼ੋਕ ਕੁਮਾਰ ਵਾਸੀਆਨ ਭੈਣੀ ਕਾਣੇ ਥਾਣਾ ਭੈਣੀ ਮੀਆਂ ਖਾਂ ਨੇ ਉਸ ਨੂੰ ਅਤੇ ਉਸ ਦੀ ਪਤਨੀ ਨੀਸ਼ਾ ਵਾਲੀਆ ਨੂੰ ਵਿਦੇਸ਼ ਅਮਰੀਕਾ ਭੇਜਣ ਲਈ 20 ਲੱਖ 50ਹਜ਼ਾਰ ਰੁਪਏ ਲਏ ਸੀ, ਪਰ ਵਿਦੇਸ਼ ਅਮਰੀਕਾ ਨਹੀਂ ਭੇਜਿਆ। ਉਸ ਵੱਲੋਂ ਪੈਸੇ ਵਾਪਸ ਮੰਗਣ 'ਤੇ ਦੋਸ਼ੀਆਂ ਨੇ 16ਲੱਖ 25ਹਜ਼ਾਰ ਰੁਪਏ ਵਾਪਸ ਕਰ ਦਿੱਤੇ ਅਤੇ 4ਲੱਖ 25ਹਜ਼ਾਰ ਰੁਪਏ ਵਾਪਸ ਨਾ ਕਰਕੇ ਧੋਖਾਧੜੀ ਕੀਤੀ ਹੈ। ਡੀ.ਐੱਸ.ਪੀ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਦੋਸ਼ੀ ਪਾਏ ਗਏ ਉਕਤ ਲੋਕਾਂ ਦੇ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ, ਪਰ ਮੁਲਜ਼ਮ ਅਜੇ ਫਰਾਰ ਹਨ।

## ਖੇਡਦੇ-ਖੇਡਦੇ 12ਵੀਂ ਮੰਜ਼ਿਲ ਤੋਂ ਡਿੱਗਿਆ 3 ਸਾਲ ਦਾ ਜਵਾਕ, ਹੋਈ ਮੌਤ, ਪਰਿਵਾਰ 'ਚ ਮਚਿਆ ਕੋਹਰਾਮ

ਗ੍ਰੇਟਰ ਨੋਇਡਾ 25 ਮਾਰਚ। ਗ੍ਰੇਟਰ ਨੋਇਡਾ ਵੈਸਟ ਦੀ ਇਕ ਹਾਈ-ਰਾਈਜ਼ ਸੁਸਾਇਟੀ ਵਿੱਚੋਂ ਦਿਲ ਕੰਬਾਊ ਖ਼ਬਰ ਸਾਹਮਣੇ ਆਈ ਹੈ। ਇੱਥੇ 12ਵੀਂ ਮੰਜ਼ਿਲ ਤੋਂ ਡਿੱਗਣ ਕਾਰਨ ਇਕ 3 ਸਾਲ ਦੇ ਮਾਸੂਮ ਬੱਚੇ ਦੀ ਮੌਤ ਹੋ ਗਈ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਬੱਚਾ ਘਰ ਵਿੱਚ ਇਕੱਲਾ ਸੀ। ਬਾਲਕੋਨੀ ਵਿੱਚ ਰੱਖੀ ਇੱਕ ਕੁਰਸੀ ਇਸ ਭਿਆਨਕ ਤ੍ਰਾਸਦੀ ਦਾ ਕਾਰਨ ਬਣ ਗਈ, ਜਿਸ ਨੇ ਹੱਸਦੇ-ਖੇਡਦੇ ਪਰਿਵਾਰ ਦੀਆਂ ਖ਼ੁਸ਼ੀਆਂ ਮਾਤਮ ਵਿੱਚ ਬਦਲ ਦਿੱਤੀਆਂ। ਜਾਣਕਾਰੀ ਅਨੁਸਾਰ ਇਹ ਘਟਨਾ ਬਿਸਰਖ




ਕੋਤਵਾਲੀ ਖੇਤਰ ਦੇ ਗੌਰ ਸਿਟੀ-1 (Gth ਐਵੇਨਿਊ) ਦੀ ਹੈ। ਇੱਥੇ ਰਹਿਣ ਵਾਲੇ ਸੰਜੇ ਪਾਲ ਇਕ ਨਿੱਜੀ ਕੰਪਨੀ ਵਿੱਚ ਕੰਮ ਕਰਦੇ ਹਨ। ਦੱਸਿਆ ਜਾ ਰਿਹਾ ਹੈ ਕਿ ਦੁਪਹਿਰ ਵੇਲੇ ਸੰਜੇ ਦੀ ਪਤਨੀ ਆਪਣੇ ਵੱਡੇ ਬੇਟੇ ਨੂੰ ਨੇੜੇ ਹੀ ਟਿਊਸ਼ਨ ਛੱਡਣ ਲਈ ਗਈ ਸੀ। ਉਸ ਨੂੰ ਉਮੀਦ ਸੀ ਕਿ ਉਹ ਕੁਝ ਹੀ ਮਿੰਟਾਂ ਵਿੱਚ ਵਾਪਸ ਆ ਜਾਵੇਗੀ, ਇਸ ਲਈ 3 ਸਾਲ ਦਾ ਮਾਸੂਮ ਸਾਗਨਿਕ ਪਾਲ ਘਰ ਵਿੱਚ ਇਕੱਲਾ ਸੀ। ਮੁੱਢਲੀ ਜਾਣਕਾਰੀ ਮੁਤਾਬਕ ਸਾਗਨਿਕ ਖੇਡਦੇ-ਖੇਡਦੇ ਫਲੈਟ ਦੀ ਬਾਲਕੋਨੀ ਵਿੱਚ ਪਹੁੰਚ ਗਿਆ। ਉੱਥੇ ਇੱਕ ਕੁਰਸੀ ਰੱਖੀ ਹੋਈ ਸੀ। ਮਾਸੂਮ ਖੇਡ-ਖੇਡ ਵਿੱਚ ਉਸ ਕੁਰਸੀ 'ਤੇ ਚੜ੍ਹ ਗਿਆ ਅਤੇ ਹੇਠਾਂ ਝਾਕਣ ਦੀ ਕੋਸ਼ਿਸ਼ ਕਰਨ ਲੱਗਾ। ਇਸੇ ਦੌਰਾਨ ਉਸ ਦਾ ਸੰਤੁਲਨ ਵਿਗੜ ਗਿਆ ਅਤੇ ਉਹ ਸਿੱਧਾ 12ਵੀਂ ਮੰਜ਼ਿਲ ਤੋਂ ਹੇਠਾਂ ਜਾ ਡਿੱਗਿਆ। ਬੱਚੇ ਦੇ ਹੇਠਾਂ ਡਿੱਗਣ ਦੀ ਆਵਾਜ਼ ਸੁਣ ਕੇ ਸੁਰੱਖਿਆ ਗਾਰਡ ਅਤੇ ਆਲੇ-ਦੁਆਲੇ ਦੇ ਲੋਕ ਮੌਕੇ ਵੱਲ ਭੱਜੇ। ਖ਼ੂਨ ਨਾਲ ਲੱਥਪੱਥ ਸਾਗਨਿਕ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸਿਰ ਅਤੇ ਸਰੀਰ 'ਤੇ ਗੰਭੀਰ ਸੱਟਾਂ ਲੱਗਣ ਕਾਰਨ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਏ.ਸੀ.ਪੀ. ਬਿਸਰਖ ਪਵਨ ਕੁਮਾਰ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਸਾਗਨਿਕ ਵਜੋਂ ਹੋਈ ਹੈ। ਇਸ ਹਾਦਸੇ ਤੋਂ ਬਾਅਦ ਮਾਪਿਆਂ ਦਾ ਰੋ-ਰੋ ਕੇ ਬੁਰਾ ਹਾਲ ਹੈ ਅਤੇ ਪੂਰੀ ਸੁਸਾਇਟੀ ਵਿੱਚ ਸੋਗ ਦੀ ਲਹਿਰ ਹੈ। ਇਸ ਘਟਨਾ ਨੇ ਇਕ ਵਾਰ ਫਿਰ ਉੱਚੀਆਂ ਇਮਾਰਤਾਂ ਵਿੱਚ ਰਹਿਣ ਵਾਲੇ ਪਰਿਵਾਰਾਂ ਲਈ ਬਾਲਕੋਨੀ ਦੀ ਸੁਰੱਖਿਆ ਅਤੇ ਛੋਟੇ ਬੱਚਿਆਂ ਨੂੰ ਇਕੱਲਾ ਛੱਡਣ ਦੇ ਖ਼ਤਰਿਆਂ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

## ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਨਿਗਮ ਦਾ ਜ਼ਿਲ੍ਹਾ ਮੈਨੇਜਰ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ

ਚੰਡੀਗੜ੍ਹ 25 ਮਾਰਚ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ, ਤਰਨਤਾਰਨ ਵਿਖੇ ਜ਼ਿਲ੍ਹਾ ਮੈਨੇਜਰ ਵਜੋਂ ਤਾਇਨਾਤ ਚਿਮਨ ਲਾਲ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਗਿਧੜੀ ਬਘੀਹਾਰੀ ਦੇ ਇਕ ਸ਼ਿਕਾਇਤਕਰਤਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੀ ਜਾਂਚ ਉਪਰੰਤ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਸਦੀ ਦਿਵਿਆਂਗ ਭੈਣ ਨੇ ਸਾਲ 2009 ਵਿਚ ਉਕਤ ਕਾਰਪੋਰੇਸ਼ਨ ਤੋਂ 1,00,000 ਰੁਪਏ ਦਾ ਕਰਜ਼ਾ ਲਿਆ ਸੀ। ਇਸ ਉਪਰੰਤ ਸਰਕਾਰ ਨੇ ਇਕ ਸਕੀਮ ਤਹਿਤ ਅਜਿਹੇ ਕਰਜ਼ਿਆਂ ਦੀ ਮੁਆਫ਼ੀ ਦਾ ਐਲਾਨ ਕੀਤਾ ਸੀ ਪਰ ਉਕਤ ਮੈਨੇਜਰ ਨੇ ਸਰਕਾਰ ਦੁਆਰਾ ਮੁਆਫ਼ ਕੀਤੇ ਗਏ ਕਰਜ਼ੇ ਦੀ ਪ੍ਰਕਿਰਿਆ ਅਤੇ ਇਸਦਾ ਨਿਪਟਾਰਾ ਕਰਨ ਲਈ ਉਸ ਤੋਂ 10,000 ਰੁਪਏ ਰਿਸ਼ਵਤ ਮੰਗੀ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਸ਼ਿਕਾਇਤਕਰਤਾ ਤੋਂ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ ਉਕਤ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।

## 7000 ਰੁਪਏ ਦੀ ਰਿਸ਼ਵਤ ਲੈਂਦਾ ਮਾਰਕੀਟ ਕਮੇਟੀ ਦਾ ਮੰਡੀ ਸੁਪਰਵਾਈਜ਼ਰ ਗ੍ਰਿਫ਼ਤਾਰ

ਗੁਰਦਾਸਪੁਰ 25 ਮਾਰਚ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਅੱਜ ਗੁਰਦਾਸਪੁਰ ਜ਼ਿਲ੍ਹੇ ਦੀ ਮਾਰਕੀਟ ਕਮੇਟੀ, ਕਾਹਨੂੰਵਾਨ ਵਿਖੇ ਤਾਇਨਾਤ ਮੰਡੀ ਸੁਪਰਵਾਈਜ਼ਰ ਰਸ਼ਪਾਲ ਸਿੰਘ ਨੂੰ 7,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਅੱਜ ਇੱਥੇ ਇਹ ਖੁਲਾਸਾ ਕਰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਉਪਰੋਕਤ ਮੁਲਜ਼ਮ ਨੂੰ ਅਨਾਜ ਮੰਡੀ, ਕਾਹਨੂੰਵਾਨ ਦੇ ਇੱਕ ਆੜ੍ਹਤੀ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਮਾਰਕੀਟ ਕਮੇਟੀ ਕਾਹਨੂੰਵਾਨ ਨੇ ਦਸੰਬਰ 2024 ਵਿੱਚ ਉਸ ਦੀ ਫਰਮ 'ਤੇ ਗਲਤ ਤਰੀਕੇ ਨਾਲ 18,610 ਰੁਪਏ ਦਾ ਜੁਰਮਾਨਾ ਲਗਾ ਦਿੱਤਾ ਸੀ। ਇਸ ਮਾਮਲੇ ਨੂੰ ਹੱਲ ਕਰਨ ਦੀਆਂ ਵਾਰ-ਵਾਰ ਕੋਸ਼ਿਸ਼ਾਂ ਦੇ ਬਾਵਜੂਦ, ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨੇ ਜੁਰਮਾਨਾ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। ਕਣਕ ਦੀ ਖਰੀਦ ਦਾ ਸੀਜ਼ਨ ਨੇੜੇ ਆ ਰਿਹਾ ਸੀ ਜਿਸ ਕਾਰਨ ਸ਼ਿਕਾਇਤਕਰਤਾ ਨੂੰ ਆਪਣੀ ਦੂਜੀ ਫਰਮ, ਜੋ ਉਸ ਦੀ ਮਾਤਾ ਦੇ ਨਾਮ 'ਤੇ ਰਜਿਸਟਰਡ ਹੈ, ਦੇ ਮਿਆਦ ਪੁੱਗ ਚੁੱਕੇ ਲਾਇਸੈਂਸ ਨੂੰ ਰੀਨਿਊ ਕਰਨ ਦੀ ਲੋੜ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਜਦੋਂ ਉਸ ਨੇ ਦੋਵਾਂ ਮਾਮਲਿਆਂ ਨੂੰ ਸੁਲਝਾਉਣ ਲਈ ਉਕਤ ਮੁਲਜ਼ਮ ਰਸ਼ਪਾਲ ਸਿੰਘ ਕੋਲ ਪਹੁੰਚ ਕੀਤੀ, ਤਾਂ ਇਸ ਮੰਡੀ ਸੁਪਰਵਾਈਜ਼ਰ ਨੇ ਰਿਸ਼ਵਤ ਵਜੋਂ 8,000 ਰੁਪਏ ਦੀ ਮੰਗ ਕੀਤੀ ,ਪਰ ਉਸ ਦੇ ਜ਼ੋਰ ਪਾਉਣ ਤੋਂ ਬਾਅਦ ਰਿਸ਼ਵਤ ਦੀ ਰਕਮ ਘਟਾ ਕੇ 7,000 ਰੁਪਏ ਕਰ ਦਿੱਤੀ ਗਈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਅੰਮ੍ਰਿਤਸਰ ਰੇਂਜ ਦੀ ਵਿਜੀਲੈਂਸ ਬਿਊਰੋ ਦੀ ਇੱਕ ਟੀਮ ਨੇ ਇੱਕ ਜਾਲ ਵਿਛਾਇਆ

## ਬਿਜਲੀ ਦੇ ਬਿੱਲਾਂ ਨੂੰ ਲੈ ਕੇ ਪੰਜਾਬ ਪਾਵਰਕਾਮ ਵਿਭਾਗ ਦਾ ਵੱਡਾ ਫ਼ੈਸਲਾ

ਲੁਧਿਆਣਾ 25 ਮਾਰਚ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਲੋਂ ਆਪਣੇ ਖਪਤਕਾਰਾਂ ਦੀਆਂ ਸਮੱਸਿਆਵਾਂ ਨੂੰ ਸਰਲ ਤਰੀਕੇ ਨਾਲ ਸੁਲਝਾਉਣ ਲਈ ਕਾਰਪੋਰੇਟ ਖਪਤਕਾਰ ਸ਼ਿਕਾਇਤ ਨਿਵਾਰਣ ਫਾਰਮ ਯੋਜਨਾ ਦਾ ਆਗਾਜ਼ ਕਰਕੇ ਸਬੰਧਤ ਖਪਤਕਾਰਾਂ ਦੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਸਬੰਧੀ ਇਕ ਹੋਰ ਸ਼ਲਾਘਾਯੋਗ ਯਤਨ ਕੀਤਾ ਹੈ, ਜਿਸ ਵਿਚ ਪਾਵਰਕਾਮ ਵਿਭਾਗ 'ਚ ਬਿਜਲੀ ਬਿੱਲਾਂ ਦੇ ਨਿਵਾਰਣ ਸਬੰਧੀ ਨਵੀਂ ਈ-ਮੇਲ ਆਈ. ਡੀ. ਜਾਰੀ ਕਰਕੇ ਖਪਤਕਾਰਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲੁਧਿਆਣਾ 'ਚ ਬਿਜਲੀ ਬਿੱਲ ਸਬੰਧੀ ਝਗੜੇ ਦੇ ਮਾਨੇਟਰੀ ਡਿਸਪਿਊਟ ਦੇ ਕੇਸ (ਸਿਵਾਏ ਬਿਜਲੀ ਚੋਰੀ, ਯੂ. ਯੂ. ਈ. ਅਤੇ ਓਪਨ ਅਸੈੱਸ), ਜਿਨ੍ਹਾਂ ਦੀ ਰਕਮ 50,0000 ਰੁਪਏ ਤੋਂ ਵੱਧ ਹੋਵੇ, ਸਿੱਧੇ ਤੌਰ 'ਤੇ ਲਗਾਏ ਜਾ ਸਕਦੇ ਹਨ ਅਤੇ ਜੇਕਰ ਕੋਈ ਖਪਤਕਾਰ ਮੰਡਲ, ਹਲਕਾ ਅਤੇ ਜ਼ੋਨਲ ਪੱਧਰ ਦੇ ਸ਼ਿਕਾਇਤ ਨਿਵਾਰਣ ਫਾਰਮਾਂ ਦੇ ਫ਼ੈਸਲੇ ਤੋਂ ਸੰਤੁਸ਼ਟ ਨਾ ਹੋਵੇ ਤਾਂ ਇਨ੍ਹਾਂ ਫੈਸਲਿਆਂ ਦੇ ਵਿਰੁੱਧ ਅਪੀਲ ਉਕਤ ਫਾਰਮ 'ਚ ਲਗਾਈ ਜਾ ਸਕਦੀ ਹੈ। ਵਿਭਾਗ ਵਲੋਂ ਸ਼ੱਕੀ ਖਪਤਕਾਰਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ ਗਿਆ ਹੈ ਕਿ ਦਫਤਰ ਦੀ ਪੁਰਾਣੀ ਈ-ਮੇਲ ਆਈ.ਡੀ. secy.cgrfldh@gmail.com ਬੰਦ ਹੋ ਚੁੱਕੀ ਹੈ ਅਤੇ ਹੁਣ ਨਵੀਂ ਈ-ਮੇਲ ਆਈ. ਡੀ. xen-secy-cgrf@pspcl.in ਹੈ।

## ਇਕੱਲਾ ਗਿੱਦੜਬਾਹਾ ਨਹੀਂ, ਜਾਖੜ ਖ਼?ਲਾਫ਼ ਲੜਨਾ ਪਿਆ ਤਾਂ ਲੜਾਂਗਾ : ਰਾਜਾ ਵੜਿੰਗ

**ਕੌਮੀ ਪਤ੍ਰਿਕਾ**

ਜਲੰਧਰ 25 ਮਾਰਚ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਆਖਿਆ ਹੈ ਕਿ ਜੇ ਪਾਰਟੀ ਹੁਕਮ ਕਰੇਗੀ ਤਾਂ ਉਹ ਸੁਨੀਲ ਜਾਖੜ ਖਿਲਾਫ ਵੀ ਚੋਣ ਲੜਨਗੇ। ਹਾਲਾਂਕਿ ਰਾਜਾ ਵੜਿੰਗ ਨੇ ਕਿਹਾ ਕਿ ਚੋਣ ਲੜਨ ਦਾ ਆਖਰੀ ਫ਼ੈਸਲਾ ਪਾਰਟੀ ਹਾਈਕਮਾਨ ਨੇ ਕਰਨਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਜੇਕਰ ਪਾਰਟੀ ਕਹੇਗੀ ਤਾਂ ਉਹ ਜਾਖੜ ਖਿਲਾਫ ਚੋਣ ਲੜਨ ਤੋਂ ਪਿੱਛੇ ਨਹੀਂ ਹਟਣਗੇ। ਵੜਿੰਗ ਨੇ ਇਥੇ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਨਿੱਜੀ 100% ਇੱਛਾ ਗਿੱਦੜਬਾਹ ਤੋਂ ਚੋਣ ਲੜਨ ਦੀ ਹੈ ਕਿਉਂਕਿ ਉਹ ਇਸ ਨੂੰ ਆਪਣੀ ਕਰਮਭੂਮੀ



ਮੰਨਦੇ ਹਨ ਅਤੇ ਇੱਥੋਂ ਦੇ ਜੁਝਾਰੂ ਲੋਕਾਂ ਨੇ ਉਨ੍ਹਾਂ ਦਾ ਹਮੇਸ਼ਾ ਸਾਥ ਦਿੱਤਾ ਹੈ। ਪਤਨੀ ਅੰਮ੍ਰਿਤਾ ਵੜਿੰਗ ਦੇ ਮੁਕਤਸਰ ਤੋਂ ਚੋਣ ਲੜਨ ਬਾਰੇ ਉਨ੍ਹਾਂ ਕਿਹਾ ਕਿ ਇਹ ਫੈਸਲਾ ਪੂਰੀ ਤਰ੍ਹਾਂ ਹਾਈ ਕਮਾਂਡ 'ਤੇ ਨਿਰਭਰ ਕਰਦਾ ਹੈ। ਵੜਿੰਗ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਪੰਜ ਸਾਲਾਂ ਵਿਚ 75 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੜ੍ਹਿ ਆ ਹੈ। ਉਨ੍ਹਾਂ ਅਨੁਸਾਰ ਪਹਿਲਾਂ ਸਾਲਾਨਾ ਕਰਜ਼ਾ ਲਗਭਗ 15 ਕਰੋੜ ਰੁਪਏ ਸੀ, ਜੋ ਹੁਣ ਵੱਧ ਕੇ 33 ਹਜ਼ਾਰ ਕਰੋੜ ਰੁਪਏ ਸਾਲਾਨਾ ਹੋ ਗਿਆ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਰਕਾਰ ਨੇ ਕਰਜ਼ਾ ਤਾਂ ਦੁੱਗਣਾ ਕਰ ਦਿੱਤਾ ਹੈ ਪਰ ਕੋਈ ਨਵਾਂ ਬੁਨਿਆਦੀ ਢਾਂਚਾ (ਇਨਫਰਾਸਟਰਕਚਰ) ਜਾਂ ਵਿਕਾਸ ਨਹੀਂ ਕੀਤਾ। ਉਨ੍ਹਾਂ ਨੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸੂਬੇ ਵਿੱਚੋਂ ਨਸ਼ਾ ਖਤਮ ਨਹੀਂ ਹੋਇਆ, ਕਾਨੂੰਨ ਵਿਵਸਥਾ (ਲਾਅ ਐਂਡ ਆਰਡਰ) ਦੀ ਹਾਲਤ ਖਰਾਬ ਹੈ। ਸਰਕਾਰ ਨੇ ਲੋਕਾਂ ਦੀਆਂ ਜ਼ਮੀਨਾਂ ਵੇਚ ਦਿੱਤੀਆਂ ਹਨ ਅਤੇ ਸਿਰਫ ਆਪਣੀਆਂ ਫੋਟੋਆਂ ਲਾਉਣ ਅਤੇ ਮੀਡੀਆ ਨੂੰ ਦਬਾਉਣ 'ਤੇ ਜ਼ੋਰ ਦਿੱਤਾ ਹੈ। ਰਾਜਾ ਵੜਿੰਗ ਨੇ ਉਨ੍ਹਾਂ ਖਿਲਾਫ ਚੱਲ ਰਹੀਆਂ ÷ਸੈਟਿੰਗ÷ ਦੀਆਂ ਚਰਚਾਵਾਂ ਨੂੰ ਨਕਾਰਿਆ। ਉਨ੍ਹਾਂ ਕਿਹਾ ਕਿ ਪਹਿਲਾਂ ਲੋਕ ਕਹਿੰਦੇ ਸਨ ਕਿ ਉਨ੍ਹਾਂ ਦਾ ਬਾਦਲਾਂ ਨਾਲ ਸਮਝੌਤਾ ਹੈ ਅਤੇ ਹੁਣ ਭਗਵੰਤ ਮਾਨ ਨਾਲ ਸੈਟਿੰਗ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਉਹ ਲੁਧਿਆਣਾ, ਗਿੱਦੜਬਾਹ ਅਤੇ ਜਿੱਥੇ ਵੀ ਪਾਰਟੀ ਡਿਊਟੀ ਲਾਵੇਗੀ, ਉੱਥੇ ਹਮੇਸ਼ਾ ਹਾਜ਼ਰ ਰਹਿਣਗੇ।

## ਐੱਫ. ਐੱਸ. ਐੱਸ. ਏ. ਆਈ. ਦਾ ਵੱਡਾ ਫੈਸਲਾ: ਹੁਣ 1.5 ਕਰੋੜ ਤੋਂ ਵੱਧ ਟਰਨਓਵਰ 'ਤੇ ਸੂਬਾ ਪੱਧਰੀ ਲਾਇਸੈਂਸ ਲੈਣਾ ਹੋਇਆ ਲਾਜ਼ਮੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 25 ਮਾਰਚ। ਭਾਰਤੀ ਖਾਦ ਸੁਰੱਖਿਆ ਅਤੇ ਮਾਪਦੰਡ ਅਥਾਰਟੀ ਵੱਲੋਂ ਦੇਸ਼ ਭਰ ਦੇ ਖਾਦ ਕਾਰੋਬਾਰੀਆਂ ਲਈ ਇਕ ਵੱਡਾ ਅਤੇ ਅਹਿਮ ਫੈਸਲਾ ਲੈਂਦਿਆਂ ਟਰਨਓਵਰ ਹੱਦਾਂ ਵਿਚ ਸੋਧ ਕਰ ਦਿੱਤੀ ਗਈ ਹੈ। ਨਵੇਂ ਨਿਯਮਾਂ ਅਨੁਸਾਰ ਹੁਣ ਖਾਦ ਕਾਰੋਬਾਰਾਂ ਦੀ ਰਜਿਸਟ?ਰੇਸ਼ਨ ਅਤੇ ਲਾਇਸੈਂਸ ਪ੍ਰਣਾਲੀ ਨੂੰ ਹੋਰ ਸਖ਼ਤ ਅਤੇ ਪਾਰਦਰਸ਼ੀ ਬਣਾਇਆ ਗਿਆ ਹੈ, ਜਿਸ ਨਾਲ ਖੁਰਾਕ ਦੀ ਗੁਣਵੱਤਾ ਅਤੇ ਉਪਭੋਗਤਾਵਾਂ ਦੀ ਸੁਰੱਖਿਆ ਨੂੰ ਪਹਿਲ ਮਿਲੇਗੀ। ਇਹ ਨਵੇਂ ਨਿਯਮ 1 ਅਪ੍ਰੈਲ 2026 ਤੋਂ ਲਾਗੂ ਹੋਣ ਜਾ ਰਹੇ ਹਨ। ਐੱਫ. ਐੱਸ. ਐੱਸ. ਏ. ਆਈ. ਵੱਲੋਂ ਜਾਰੀ ਹੁਕਮਾਂ ਅਨੁਸਾਰ ਹੁਣ ਖਾਦ ਕਾਰੋਬਾਰਾਂ ਨੂੰ ਤਿੰਨ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। ਜਿਨ੍ਹਾਂ ਕਾਰੋਬਾਰਾਂ ਦਾ ਸਾਲਾਨਾ ਟਰਨਓਵਰ 1.5 ਕਰੋੜ ਤੱਕ ਹੈ, ਉਨ੍ਹਾਂ ਲਈ ਸਿਰਫ਼ ਰਜਿਸਟ?ਰੇਸ਼ਨ ਲਾਜ਼ਮੀ ਹੋਵੇਗੀ। ਜਿਨ੍ਹਾਂ ਦਾ ਟਰਨਓਵਰ 1.5 ਕਰੋੜ ਤੋਂ 50 ਕਰੋੜ ਦੇ ਵਿਚਕਾਰ ਹੈ, ਉਨ੍ਹਾਂ ਲਈ ਰਾਜ ਪੱਧਰੀ ਲਾਇਸੈਂਸ ਲੈਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 50 ਕਰੋੜ ਤੋਂ ਵੱਧ ਟਰਨਓਵਰ ਵਾਲੇ ਕਾਰੋਬਾਰਾਂ ਨੂੰ ਕੇਂਦਰੀ ਲਾਇਸੈਂਸ ਹਾਸਲ ਕਰਨਾ ਪਵੇਗਾ। ਇਸ ਫੈਸਲੇ ਨੂੰ ਖਾਦ ਸੁਰੱਖਿਆ ਦੇ ਖੇਤਰ ਵਿਚ ਇਕ ਮੀਲ ਪੱਥਰ ਵਜੋਂ ਦੇਖਿਆ ਜਾ ਰਿਹਾ ਹੈ। ਮਾਹਿਰਾਂ ਮੁਤਾਬਕ ਇਸ ਨਾਲ ਨਾ ਸਿਰਫ਼ ਕਾਰੋਬਾਰਾਂ ਵਿਚ ਪਾਰਦਰਸ਼ਤਾ ਵਧੇਗੀ, ਸਗੋਂ ਗੈਰ-ਮਿਆਰੀ ਅਤੇ ਨਕਲੀ ਖੁਰਾਕ ਉਤਪਾਦਾਂ 'ਤੇ ਵੀ ਕਾਬੂ ਪਾਇਆ ਜਾ ਸਕੇਗਾ। ਸਰਕਾਰ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਹਰ ਨਾਗਰਿਕ ਨੂੰ ਸੁਰੱਖਿਅਤ ਅਤੇ ਮਿਆਰੀ ਖੁਰਾਕ ਉਪਲਬਧ ਹੋਵੇ। ਇਸ ਦੇ ਨਾਲ ਹੀ ਐੱਫ. ਐੱਸ. ਐੱਸ. ਏ. ਆਈ. ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਖਾਦ ਸੁਰੱਖਿਆ ਕਮਿਸ਼ਨਰਾਂ ਨੂੰ ਹੁਕਮ ਦਿੱਤੇ ਹਨ ਕਿ ਉਹ ਨਵੇਂ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਵਾਉਣ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਾਰੋਬਾਰਾਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ, ਜਿਸ ਵਿਚ ਜੁਰਮਾਨੇ ਤੋਂ ਲੈ ਕੇ ਲਾਇਸੈਂਸ ਰੱਦ ਕਰਨ ਤੱਕ ਦੇ ਕਦਮ ਸ਼ਾਮਲ ਹਨ। ਸਰਕਾਰੀ ਸਰੋਤਾਂ ਅਨੁਸਾਰ ਇਹ ਸੋਧ ਇਸ ਲਈ ਕੀਤੀ ਗਈ ਹੈ ਤਾਂ ਜੋ ਮੌਜੂਦਾ ਪ੍ਰਣਾਲੀ ਵਿਚ ਮੌਜੂਦ ਖ਼ਾਮੀਆਂ ਨੂੰ ਦੂਰ ਕੀਤਾ ਜਾ ਸਕੇ ਅਤੇ ਖੁਰਾਕ ਸੁਰੱਖਿਆ ਦੇ ਮਿਆਰਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਬਰਾਬਰ ਲਿਆਂਦਾ ਜਾ ਸਕੇ। ਖ਼ਾਸ ਕਰ ਕੇ ਆਨਲਾਈਨ ਫੂਡ ਡਿਲਿਵਰੀ ਅਤੇ ਵੱਡੀਆਂ ਖੁਰਾਕ ਚੇਨਾਂ ਦੇ ਵਾਧੇ ਨੂੰ ਦੇਖਦੇ ਹੋਏ ਇਹ ਕਦਮ ਲਾਜ਼ਮੀ ਸਮਝਿਆ ਗਿਆ। ਸਹਾਇਕ ਕਮਿਸ਼ਨਰ ਫੂਡ ਰਜਿੰਦਰ ਪਾਲ ਸਿੰਘ ਨੇ ਕਿਹਾ ਕਿ ਫੂਡ ਸੇਫਟੀ ਅਤੇ ਸਟੈਂਡਰਡ ਐਕਟ ਨੂੰ ਲੈ ਕੇ ਭਾਰਤ ਸਰਕਾਰ ਵੱਲੋਂ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਲੋਕਾਂ ਨੂੰ ਮਿਆਰੀ ਖ਼ੁਰਾਕੀ ਪਦਾਰਥ ਮੁਹੱਈਆ ਕਰਵਾਏ ਜਾਣ। ਉਨ੍ਹਾਂ ਦੱਸਿਆ ਕਿ ਐਕਟ ਦੇ ਵਿਚ ਸੋਧ ਕੀਤੀ ਗਈ ਹੈ ਅਤੇ ਹੁਣ ਨਵਾਂ ਐਕਟ 1 ਅਪ੍ਰੈਲ ਤੋਂ ਲਾਗੂ ਹੋਵੇਗਾ। ਜ਼ਿਲ੍ਹੇ ਵਿਚ ਇਸ ਨੂੰ ਲਾਗੂ ਕਰਨ ਦੇ ਲਈ ਪੂਰੀ ਮੁਸਤੈਦੀ ਦੇ ਨਾਲ ਕੰਮ ਕੀਤਾ ਜਾ ਰਿਹਾ ਹੈ, ਤਾਂ ਜੋ ਲੋਕਾਂ ਨੂੰ ਵਧੀਆ ਮਾਹੌਲ 'ਚ ਵਧੀਆ ਖ਼ੁਰਾਕੀ ਪਦਾਰਥ ਮੁਹੱਈਆ ਕਰਵਾਏ ਜਾ ਸਕਣ।

## ਪ੍ਰਤਾਪ ਸਿੰਘ ਬਾਜਵਾ ਨੇ ਗਗਨ ਰੰਧਾਵਾ ਦੇ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ; ਭੁੱਲਰ ਵਿਰੁੱਧ ਕਾਰਵਾਈ ਦੀ ਕੀਤੀ ਮੰਗ

ਅੰਮ੍ਰਿਤਸਰ 25 ਮਾਰਚ। ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਬੇਸਹਾਰਾ ਹੋ ਚੁੱਕੇ ਗਗਨਦੀਪ ਸਿੰਘ ਰੰਧਾਵਾ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਇਸ ਦੁਖਦਾਈ ਘਟਨਾ 'ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਦੋਸ਼ ਲਾਇਆ ਕਿ ਗਗਨਦੀਪ ਸਿੰਘ ਨੇ ਆਮ ਆਦਮੀ ਪਾਰਟੀ ਦੇ ਮੰਤਰੀ ਦੀ ਕਥਿਤ ਗੁੰਡਾਗਰਦੀ ਤੋਂ ਤੰਗ ਆ ਕੇ ਅਤੇ ਡਰ ਦੇ ਸਾਏ ਹੇਠ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਮੁਸ਼ਕਿਲ ਫੈਸਲਾ ਲਿਆ ਹੈ। ਇਸ ਲਈ ਜ਼ਿੰਮੇਵਾਰ ਕੌਣ ਹੈ? ਬਾਜਵਾ ਨੇ ਸੋਸ਼ਲ ਮੀਡੀਆ ਰਾਹੀਂ ਸਰਕਾਰ ਦੀ ਕਾਰਜਪ੍ਰਣਾਲੀ 'ਤੇ ਕਈ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਪੁੱਛਿਆ ਕਿ ਜਦੋਂ ਗਗਨਦੀਪ ਸਿੰਘ ਰੰਧਾਵਾ ਨੇ ਪਹਿਲਾਂ ਹੀ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਸੀ, ਤਾਂ ਉਸ 'ਤੇ ਕਾਰਵਾਈ ਕਿਉਂ ਨਹੀਂ ਕੀਤੀ ਗਈ? ਪ੍ਰਤਾਪ ਸਿੰਘ ਬਾਜਵਾ ਨੇ ਸਪੱਸ਼ਟ ਕੀਤਾ ਕਿ ਸਮੂਹ ਕਾਂਗਰਸ ਪਾਰਟੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਨੂੰ ਇਹ ਮਾਮਲਾ ਦਬਾਉਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਲਾਲਜੀਤ ਭੁੱਲਰ ਦੇ ਖ਼?ਲਾਫ਼ ਖੁਦਕੁਸ਼ੀ ਲਈ ਮਜ਼ਬੂਰ ਕਰਨ ਦਾ ਮਾਮਲਾ



ਦਰਜ ਕੀਤਾ ਜਾਵੇ। ਸੱਚਾਈ ਸਾਹਮਣੇ ਲਿਆਉਣ ਲਈ ਇਸ ਮਾਮਲੇ ਦੀ Central Bureau of Investigation (329) ਤੋਂ ਨਿਰਪੱਖ ਅਤੇ ਸੁਤੰਤਰ ਜਾਂਚ ਕਰਵਾਈ ਜਾਵੇ। ਬਾਜਵਾ ਨੇ ਭਰੋਸਾ ਦਿੱਤਾ ਕਿ ਜਦੋਂ ਤੱਕ ਪੀੜਤ ਪਰਿਵਾਰ ਨੂੰ ਇਨਸਾਫ ਨਹੀਂ ਮਿਲਦਾ, ਕਾਂਗਰਸ ਪਾਰਟੀ ਹਰ ਤਰੀਕੇ ਨਾਲ ਉਨ੍ਹਾਂ ਦੇ ਨਾਲ ਖੜ੍ਹੀ ਰਹੇਗੀ।

## ਨਸ਼ਾ ਤਸਕਰਾਂ ਦਾ ਵਿਰੋਧ ਪਿਆ ਮਹਿੰਗਾ ! ਮਾਰ'ਤਾ ਪੰਜ ਭੈਣਾਂ ਦਾ ਇਕਲੌਤਾ ਭਰਾ

**ਏਜੰਸੀਆਂ**

ਬਠਿੰਡਾ 25 ਮਾਰਚ। ਜ਼ਿਲ੍ਹਾ ਬਠਿੰਡਾ ਦੀ ਮੋੜ ਮੰਡੀ ਦੇ ਵਾਰਡ ਨੰਬਰ 10 'ਚ 14 ਅਪ੍ਰੈਲ ਦੀ ਰਾਤ ਨੂੰ ਨਸ਼ਾ ਤਸਕਰਾਂ ਵੱਲੋਂ ਇਕ ਨੌਜਵਾਨ ਦੀਪ ਸਿੰਘ ਦੀ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਹਾਦਸੇ ਮਗਰੋਂ ਸਾਰੇ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਪੁਲਸ ਨੇ ਮ੍ਰਿਤਕ ਦੇ ਚਾਚਾ ਦਰਸ਼ਨ ਸਿੰਘ ਦੇ ਬਿਆਨਾਂ 'ਤੇ ਸੁਭਾਸ਼ ਕੁਮਾਰ, ਪ੍ਰੀਤ, ਸਾਹਿਲ, ਆਕਾਸ਼ਦੀਪ ਸਿੰਘ ਅਤੇ ਛੇ ਅਣਪਛਾਤੇ ਨੌਜਵਾਨਾਂ ਖ਼?ਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਹੈ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। 80 ਹਜ਼ਾਰ ਦੀ ਰਿਸ਼ਵਤ ਲੈਂਦਾ ਸਬ-ਇੰਸਪੈਕਟਰ ਕਾਬੂ, ਵਿਜੀਲੈਂਸ ਬਿਊਰੋ ਨੇ ਵਿਛਾਇਆ ਜਾਲ ਦਰਸ਼ਨ ਸਿੰਘ ਨੇ ਦੱਸਿਆ ਕਿ ਰਾਤ ਕਰੀਬ 9:30 ਵਜੇ ਉਹਦਾ ਭਤੀਜਾ ਦੀਪ ਸਿੰਘ ਨਜ਼ਦੀਕੀ ਦੁਕਾਨ ਤੋਂ ਸਾਮਾਨ ਲੈਣ ਗਿਆ ਸੀ, ਜਿਥੇ ਉਪਰੋਕਤ ਨੌਜਵਾਨਾਂ ਨੇ ਉਸ ਤੇ ਗੰਡਾਸਿਆਂ ਅਤੇ ਕ੍ਰਿਪਾਣਾਂ ਨਾਲ ਹਮਲਾ ਕਰ ਦਿੱਤਾ। ਜਦ ਉਹ ਦੁਕਾਨ ਦੇ ਬਾਹਰ ਪੁੱਜੇ ਤਾਂ ਉਨ੍ਹਾਂ ਨੇ ਦੇਖਿਆ ਕਿ ਉਸਦੇ ਭਤੀਜੇ ਨੂੰ ਬੇਰਹਮੀ ਨਾਲ ਕਟਿਆ ਜਾ ਰਿਹਾ ਸੀ। ਹੱਲਾ ਪਾਉਣ 'ਤੇ ਸਾਰੇ ਦੋਸ਼ੀ ਹਥਿਆਰਾਂ ਸਮੇਤ ਫਰਾਰ ਹੋ ਗਏ। ਦੀਪ ਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਬਠਿੰਡਾ ਲਿਜਾਇਆ ਗਿਆ, ਜਿਥੋਂ ਉਸ ਨੂੰ ਫਰੀਦਕੋਟ ਰੈਫਰ ਕੀਤਾ ਗਿਆ। ਪਰ ਰਸਤੇ 'ਚ ਹੀ ਉਸਦੀ ਮੌਤ ਹੋ ਗਈ। ਦਰਸ਼ਨ ਸਿੰਘ ਨੇ ਦੱਸਿਆ ਕਿ ਮਾਨਸਾ ਦੇ ਕੁਝ ਨੌਜਵਾਨ ਮੋੜ ਮੰਡੀ ਦੇ ਨੌਜਵਾਨਾਂ ਨਾਲ ਮਿਲ ਕੇ ਉਨ੍ਹਾਂ ਦੀ ਬਸਤੀ 'ਚ ਨਸ਼ਾ ਵੇਚਣ ਆਉਂਦੇ ਸਨ। ਜਿਸਦਾ ਉਸਦਾ ਭਤੀਜਾ ਲਗਾਤਾਰ ਵਿਰੋਧ ਕਰਦਾ ਸੀ। ਇਹੀ ਰੰਜਿਸ਼ ਉਸਦੀ ਹੱਤਿਆ ਦਾ ਕਾਰਨ ਬਣੀ। ਪੁਲਸ ਵੱਲੋਂ ਇਸ ਮਾਮਲੇ ਨਾਲ ਜੁੜੇ ਪੰਜ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦਕਿ ਬਾਕੀ ਅਣਪਛਾਤਿਆਂ ਦੀ ਪਛਾਣ ਕਰ ਲਈ ਗਈ ਹੈ। ਹਾਲਾਂਕਿ ਪੁਲਸ ਵੱਲੋਂ ਅਜੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ। ਦੀਪ ਸਿੰਘ ਆਪਣੀਆਂ ਪੰਜ ਭੈਣਾਂ ਦਾ ਇਕਲੌਤਾ ਪਰਾਹੁਣ ਸੀ ਅਤੇ ਹਾਲੇ ਅਣਵਿਆਹਿਆ ਸੀ। ਘਰ ਵਿੱਚ ਸੋਗ ਦਾ ਮਾਹੌਲ ਹੈ।

## ਫਗਵਾੜਾ ਦੀ ਸੁਧੀਰ ਸਵੀਟਸ 'ਤੇ ਗੋਲੀਆਂ ਚਲਾਉਣ ਵਾਲੇ ਸ਼ੂਟਰ ਜਲੰਧਰ ਤੋਂ ਗ੍ਰਿਫ਼ਤਾਰ, ਜੋਗਾ ਫੋਲੜੀਵਾਲ ਨਾਲ ਜੁੜੇ ਤਾਰ

**ਕੌਮੀ ਪਤ੍ਰਿਕਾ**

ਜਲੰਧਰ 25 ਮਾਰਚ। ਫਗਵਾੜਾ ਦੀ ਹੁਸ਼ਿਆਰਪੁਰ ਰੋਡ 'ਤੇ ਸਥਿਤ ਸੁਧੀਰ ਸਵੀਟਸ ਵਿਚ 12 ਜਨਵਰੀ ਦੀ ਸਵੇਰ ਨੂੰ ਫਾਇਰਿੰਗ ਕਰਨ ਵਾਲੇ ਸ਼ੂਟਰ ਨੂੰ ਕਮਿਸ਼ਨਰੇਟ ਪੁਲਸ ਨੇ ਜਲੰਧਰ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੇ ਉਸ ਦੇ ਸਾਥੀ ਨੂੰ ਵੀ ਕਾਬੂ ਕੀਤਾ ਹੈ, ਜਿਨ੍ਹਾਂ ਤੋਂ 32 ਬੋਰ ਦੇ ਦੋ ਹਥਿਆਰ ਅਤੇ ਗੋਲ?ੀਆਂ ਬਰਾਮਦ ਹੋਈਆਂ ਹਨ। ਪੁੱਛਗਿੱਛ ਵਿਚ ਸ਼ੂਟਰ ਨੇ ਮੰਨਿਆ ਕਿ ਉਸ ਨੇ ਅਮਰੀਕਾ ਵਿਚ ਬੈਠੇ ਗੈਂਗਸਟਰ ਸੋਨੂੰ ਖੱਤਰੀ ਦੇ ਕਹਿਣ 'ਤੇ ਸਵੀਟਸ ਸ਼ਾਪ 'ਤੇ ਫਾਇਰਿੰਗ ਕੀਤੀ ਸੀ। ਜਾਣਕਾਰੀ ਦਿੰਦੇ ਡੀ. ਸੀ. ਪੀ. ਮਨਪ੍ਰੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਸੀ. ਆਈ. ਏ. ਸਟਾਫ਼ ਦੇ ਇੰਚਾਰਜ ਸੁਰਿੰਦਰ ਕੁਮਾਰ ਕੰਬੋਜ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਡੀ. ਏ. ਵੀ. ਕਾਲਜ ਫਲਾਈਓਵਰ ਦੇ ਹੇਠਾਂ ਦੋ ਅਪਰਾਧਿਕ ਕਿਸਮ ਦੇ ਨੌਜਵਾਨ ਰੁਕੇ ਹੋਏ ਹਨ, ਜੋ ਕਿਸੇ ਦੀ ਉਡੀਕ ਕਰ ਰਹੇ ਹਨ। ਇੰਸਪੈਕਟਰ ਕੰਬੋਜ ਨੇ ਤੁਰੰਤ ਆਪਣੀ ਟੀਮ ਦੇ ਨਾਲ ਉੱਥੇ ਰੇਡ ਕਰਕੇ ਦੋ ਨੌਜਵਾਨਾਂ ਨੂੰ ਕਾਬੂ ਕਰ ਲਿਆ, ਜਿਨ੍ਹਾਂ ਦੀ ਤਲਾਸ਼ੀ ਲੈਣ 'ਤੇ ਦੋਵਾਂ ਤੋਂ ਇਕ-ਇਕ 32 ਬੋਰ ਦਾ ਪਿਸਤੌਲ ਅਤੇ 2 ਗੋਲ?ੀਆਂ ਮਿਲੀਆਂ। ਮੁਲਜ਼ਮਾਂ ਨੇ ਪੁੱਛਗਿੱਛ ਵਿਚ ਆਪਣੀ ਪਛਾਣ ਸਾਜਨ ਗਿੱਲ ਉਰਫ਼ ਗੱਬਰ ਪੁੱਤਰ ਹੈਪੀ ਮਸੀਹ ਨਿਵਾਸੀ ਖਾਂਬਰਾ ਅਤੇ ਹਰਪ੍ਰੀਤ ਸਿੰਘ ਉਰਫ਼ ਹੈਪੀ ਪੁੱਤਰ ਹਰਜਿੰਦਰ ਸਿੰਘ ਨਿਵਾਸੀ ਫੋਲੜੀਵਾਲ ਦੱਸੀ। ਦੋਵਾਂ ਖ਼?ਲਾਫ਼ ਥਾਣਾ ਨੰ. 1 ਵਿਚ ਕੇਸ ਦਰਜ ਕਰਕੇ ਉਨ੍ਹਾਂ ਨੂੰ ਰਿਮਾਂਡ 'ਤੇ ਲੈ ਕੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਵੱਡਾ ਖ਼ੁਲਾਸਾ ਹੋਇਆ। ਸਾਜਨ ਗਿੱਲ ਗੈਂਗਸਟਰ ਜੋਗਾ ਫੋਲੜੀਵਾਲ, ਸੋਨੂੰ ਖੱਤਰੀ ਅਤੇ ਰੋਹਿਤ ਗੋਦਾਰਾ ਦਾ ਸ਼ੂਟਰ ਨਿਕਲਿਆ। ਇਥੇ ਇਹ ਵੀ ਦੱਸ ਦੇਈਏ ਕਿ ਜਲੰਧਰ ਦੇ 'ਆਪ' ਲੀਡਰ ਲੱਕੀ ਓਬਰਾਏ ਦਾ ਜੋਗਾ ਨੇ ਹੀ ਕਤਲ ਕਰਵਾਇਆ ਸੀ। ਸਾਜਨ ਨੇ ਮੰਨਿਆ ਕਿ 12 ਜਨਵਰੀ ਦੀ ਸਵੇਰ ਉਸ ਨੇ ਆਪਣੇ ਦੋ ਸਾਥੀਆਂ ਸਮੇਤ ਫਗਵਾੜਾ ਵਿਚ ਸੁਧੀਰ ਸਵੀਟਸ ਸ਼ਾਪ 'ਤੇ ਫਾਇਰਿੰਗ ਕੀਤੀ ਸੀ। ਫਾਇਰਿੰਗ ਕਰਨ ਲਈ ਉਸ ਨੂੰ ਸੋਨੂੰ ਖੱਤਰੀ ਦਾ ਫੋਨ ਆਇਆ ਸੀ ਅਤੇ ਦੋ ਹੋਰ ਨੌਜਵਾਨ ਵੀ ਉਸੇ ਨੇ ਭੇਜੇ ਸਨ। ਸਾਜਨ ਖ਼?ਲਾਫ਼ ਥਾਣਾ ਨੰ. 6, ਥਾਣਾ ਨੰ. 7 ਅਤੇ ਥਾਣਾ ਜ਼ੀਰਕਪੁਰ ਵਿਚ ਦੋ-ਦੋ ਕਤਲ ਦੀ ਕੋਸ਼ਿਸ਼, ਆਰਮਜ਼ ਐਕਟ ਵਰਗੇ ਕੇਸ ਦਰਜ ਹਨ। ਹਰਪ੍ਰੀਤ




ਹੈਪੀ ਖ਼?ਲਾਫ਼ ਕਪੂਰਥਲਾ ਵਿਚ ਇਕ ਅਪਰਾਧਿਕ ਕੇਸ ਦਰਜ ਹੈ। ਦੋਵਾਂ ਨੇ ਮੰਨਿਆ ਕਿ ਉਹ ਸੋਨੂੰ ਖੱਤਰੀ, ਜੋਗਾ ਫੋਲੜੀਵਾਲ ਅਤੇ ਰੋਹਿਤ ਗੋਦਾਰਾ ਦੇ ਕਹਿਣ 'ਤੇ ਹਥਿਆਰਾਂ ਤੇ ਡਰੱਗਜ਼ ਦੀ ਸਪਲਾਈ ਕਰਦੇ ਸਨ। ਇਸ ਦੇ ਲਈ ਉਨ੍ਹਾਂ ਨੂੰ ਕਮੀਸ਼ਨ ਦਿੱਤਾ ਜਾਂਦਾ ਸੀ। ਮੁਲਜ਼ਮ ਸਾਜਨ ਨੇ ਕਿਹਾ ਕਿ ਫਗਵਾੜਾ ਵਿਚ ਫਾਇਰਿੰਗ ਕਰਨ ਤੋਂ ਬਾਅਦ ਤਿੰਨੋਂ ਨੌਜਵਾਨ ਵੱਖ-ਵੱਖ ਥਾਵਾਂ ਲਈ ਭੱਜ ਗਏ ਸਨ ਅਤੇ ਕੁਝ ਦਿਨ ਬਾਹਰ ਰਹਿ ਕੇ ਉਹ ਵਾਪਸ ਖਾਂਬਰਾ ਸਥਿਤ ਆਪਣੇ ਘਰ ਵਿਚ ਰਹਿਣ ਲੱਗਾ। ਪੁਲਸ ਨੇ ਦੋਵਾਂ ਨੂੰ ਰਿਮਾਂਡ 'ਤੇ ਲਿਆ ਹੈ। ਪੁਲਸ ਨੂੰ ਉਮੀਦ ਹੈ ਕਿ ਮੁਲਜ਼ਮਾਂ ਦੀ ਪੁੱਛਗਿੱਛ ਵਿਚ ਵੱਡੇ ਹਥਿਆਰਾਂ ਦੇ ਸਪਲਾਇਰਾਂ ਅਤੇ ਨਸ਼ਾ ਸਮੱਗਲਰਾਂ ਦੇ ਲਿੰਕ ਮਿਲ ਸਕਦੇ ਹਨ। ਪੁਲਸ ਦੀ ਮੰਨੀਏ ਤਾਂ ਹਰਪ੍ਰੀਤ ਨਿਵਾਸੀ ਫੋਲੜੀਵਾਲ ਅਤੇ ਜੋਗਾ ਫੋਲੜੀਵਾਲ ਇਕ ਹੀ ਪਿੰਡ ਦੇ ਹਨ। ਦੋਵੇਂ ਇਕ ਅਪਰਾਧਿਕ ਕੇਸ ਵਿਚ ਕੇਸਵਾਰ ਵੀ ਹਨ। ਪੁਲਸ ਦਾ ਦਾਅਵਾ ਹੈ ਕਿ ਸਾਜਨ ਅਤੇ ਹਰਪ੍ਰੀਤ ਜੋਗਾ ਫੋਲੜੀਵਾਲ, ਸੋਨੂੰ ਖੱਤਰੀ ਅਤੇ ਰੋਹਿਤ ਗੋਦਾਰਾ ਦੇ ਕਹਿਣ 'ਤੇ ਆਪਣੇ ਗੈਂਗ ਦੇ ਭਗੌੜੇ ਮੈਂਬਰਾਂ ਨੂੰ ਪਨਾਹ ਦਿੰਦੇ ਸਨ। ਉਹ ਦੋਵਾਂ ਗਿਰੋਹਾਂ ਦੇ ਮੈਂਬਰਾਂ ਨੂੰ ਵਾਰਦਾਤ ਲਈ ਹਥਿਆਰ ਤੱਕ ਮੁਹੱਈਆ ਕਰਵਾਉਂਦੇ ਸਨ ਅਤੇ ਜ਼ਰੂਰਤ ਪੈਣ 'ਤੇ ਉਨ੍ਹਾਂ ਨੂੰ ਨਸ਼ਾ ਵੀ ਕਰਵਾਉਂਦੇ ਸਨ। ਇਸ ਸਾਰੇ ਕੰਮ ਲਈ ਉਨ੍ਹਾਂ ਨੂੰ ਵੱਖ ਤੋਂ ਪੈਸੇ ਦਿੱਤੇ ਜਾਂਦੇ ਸਨ।